# ਬਾਰਹਮਾਹਾ

ਰਾਗ ਮਾਝ ਵਿਚ ਗੁਰੂ ਅਰਜਨ ਦੇਵ ਜੀ ਦੇ ਉਚਾਰਨ ਕੀਤੇ ਬਾਰਹਮਾਹ ਵਿਚੋਂ ਕੱਤਕ ਮਹੀਨੇ ਦਾ ਪਾਠ ਅਤੇ ਸਰਲ ਅਰਥ –

*ਰਾਗੁ ਮਾਝ ਬਾਰਹਮਾਹਾ ਮਹਲਾ ੫*
*ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ॥*
*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗੁ॥*
*ਪੰਨਾ - 135*

ਕੱਤਕ ਮਹੀਨੇ ਦੀ ਠੰਢੀ ਮਿੱਠੀ ਸੁਹਾਵਣੀ ਰੁੱਤ ਪ੍ਰਭੂ ਭਗਤੀ, ਨਾਮ ਸਿਮਰਨ ਲਈ ਬਹੁਤ ਸੁਖਾਵੀਂ ਰੁੱਤ ਹੈ ਪਰ ਜੇ ਇਸ ਚੰਗੀ ਰੁੱਤ ਵਿਚ ਵੀ ਮਨੁੱਖ ਦੁੱਖਾਂ ਕਲੇਸ਼ਾਂ ਵਿਚ ਘਿਰਿਆ ਹੋਇਆ ਹੈ, ਰੋਗ-ਗ੍ਰਸਤ ਹੈ ਤਾਂ ਇਸ ਦਾ ਮੁੱਖ ਕਾਰਨ ਸੁਖ-ਸਾਗਰ ਪ੍ਰਭੂ ਨੂੰ ਭੁੱਲਣਾ ਹੈ, ਵਿਸਰਨਾ ਹੈ। ਵਿਛੋੜੇ ਕਾਰਨ ਆਏ ਦੁੱਖਾਂ ਦਾ ਕਾਰਨ ਸਾਡੇ ਆਪਣੇ ਕਰਮ ਹਨ, ਕਰਮਾਂ ਦਾ ਪ੍ਰਤੀਕਰਮ ਹੈ ਜੋ ਅਵੱਸ਼ ਭੋਗਣੇ ਪੈਂਦੇ ਹਨ। ਇਨ੍ਹਾਂ ਕਰਮਾਂ ਦਾ ਦੋਸ਼ ਕਿਸੇ ਹੋਰ ਦੇ ਮੱਥੇ ਨਹੀਂ ਲਾਇਆ ਜਾ ਸਕਦਾ। ਸਾਡਾ ਵਿਛੋੜਾ, ਸਾਡੇ ਦੁਖ ਕਲੇਸ਼ ਸਾਡੇ ਕਰਮਾਂ ਦਾ ਪ੍ਰਤੀਕਰਮ ਹਨ।

*ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ॥*
*ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ॥*

ਮਾਨਸ ਜਨਮ ਦੁਰਲਭ ਹੈ। ਪ੍ਰਭੂ ਮਿਲਾਪ ਲਈ ਇਹ ਸੁਨਹਿਰੀ ਅਵਸਰ ਹੈ। ਜਿਹੜੇ ਮਨੁੱਖ ਇਸ ਜਨਮ ਵਿਚ ਇਹ ਮੌਕਾ ਖੁੰਝਾ ਲੈਂਦੇ ਹਨ, ਪ੍ਰਭੂ ਵਲੋਂ ਬੇਮੁੱਖ ਹੋ ਕੇ, ਮੂੰਹ ਮੋੜ ਕੇ, ਮਾਇਕ ਵਸਤੂਆਂ ਦੀ ਪ੍ਰਾਪਤੀ ਵਿਚ ਲੱਗੇ ਰਹਿੰਦੇ ਹਨ, ਉਹ ਪ੍ਰਭੂ ਤੋਂ ਲੰਮੇਂ ਸਮੇਂ ਲਈ ਵਿਛੜ ਜਾਂਦੇ ਹਨ। ਜਿਨ੍ਹਾਂ ਮਾਇਕ ਪਦਾਰਥਾਂ ਦੇ ਮੌਜ ਮੇਲੇ ਖਾਤਰ ਪ੍ਰਭੂ ਨੂੰ ਭੁਲਾ ਦਿਤਾ ਸੀ, ਉਹ ਵੀ ਇਕ ਪਲ ਵਿਚ, (ਬੀਮਾਰੀ ਸਮੇਂ ਜਾਂ ਅੰਤ ਸਮੇਂ) ਕੌੜੇ ਤੇ ਦੁਖਦਾਈ ਹੋ ਜਾਂਦੇ ਹਨ।

*ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ॥*
*ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ॥*
*ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ॥*

ਵਿਛੋੜੇ ਤੋਂ ਉਤਪੰਨ ਹੋਏ ਦੁਖਾਂ ਦੀ ਵਾਰਤਾ ਨਿਤ ਨਿਤ, ਰੋਜ਼ ਰੋਜ਼ ਦੂਜੇ ਲੋਕਾਂ ਅੱਗੇ ਕਰਨ ਜਾਂ ਆਪਣਾ ਦੁੱਖ ਰੋਈ ਜਾਣ ਦਾ ਕੀ ਲਾਭ? ਜਦਕਿ ਵਿਛੋੜੇ ਦੇ ਦੁਖਾਂ ਨੂੰ ਦੂਰ ਕਰਨ ਦੀ ਕੋਈ ਵਿਚੋਲਗੀ ਕਰ ਹੀ ਨਹੀਂ ਸਕਦਾ। ਨਾ ਹੀ ਜੀਵ ਦੀਆਂ ਆਪਣੀਆਂ ਕੀਤੀਆਂ ਕੋਸ਼ਿਸ਼ਾਂ ਕਾਮਯਾਬ ਹੁੰਦੀਆਂ ਹਨ। ਜੀਵ ਦੀ ਕੋਈ ਪੇਸ਼ ਨਹੀਂ ਜਾਂਦੀ ਕਿਉਂਕਿ ਉਸ ਦੇ ਪਿਛਲੇ ਕੀਤੇ ਕਰਮਾਂ ਅਨੁਸਾਰ ਧੁਰੋਂ ਹੀ ਉਸ ਦੇ ਲੇਖ ਲਿਖੇ ਜਾਂਦੇ ਹਨ ਅਤੇ ਬਿਧ ਆ ਬਣਦੀ ਹੈ। ਹਾਂ ਜੇ ਭਾਗ ਚੰਗੇ ਹੋਣ, ਕਰਮ ਚੰਗੇ ਹੋਣ ਤਾਂ ਐਸੀ ਬਿਧਿ ਬਣ ਜੰਦੀ ਹੈ ਜਿਸ ਨਾਲ ਪ੍ਰਭੂ ਦਾ ਮਿਲਾਪ ਪ੍ਰਾਪਤ ਹੋ ਜਾਂਦਾ ਹੈ ਅਤੇ ਪ੍ਰਭੂ ਦੇ ਵਿਛੋੜੇ ਤੋਂ ਪੈਦਾ ਹੋਏ ਸਾਰੇ ਦੁਖ ਮਿਟ ਜਾਂਦੇ ਹਨ।

*ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ॥*
*ਕਤਿਕਿ ਹੋਵੈ ਸਾਧ ਸੰਗੁ ਬਿਨਸਹਿ ਸਭੇ ਸੋਚ॥*

ਗੁਰੂ ਮਹਾਰਾਜ ਪ੍ਰਭੂ ਅੱਗੇ ਬੇਨਤੀ ਕਰਦੇ ਹਨ – ਹੇ ਮਾਇਆ ਦੇ ਬੰਧਨਾਂ ਤੋਂ ਛੁਡਾਵਣ ਵਾਲੇ ਮੇਰੇ ਮਾਲਕ! ਮੈਨੂੰ ਮਾਇਆ ਦੇ ਮੋਹ ਤੋਂ ਬਚਾ ਲੈ। ਜੇ ਕਤਕ ਦੀ ਸੋਹਣੀ ਸੁਹਾਵਣੀ ਰੁੱਤ ਵਿਚ ਸਾਧੂ ਦੀ ਸੰਗਤ ਪ੍ਰਾਪਤ ਹੋ ਜਾਵੇ, ਗੁਰੂ ਦੀ ਸੰਗਤ ਮਿਲ ਜਾਵੇ, ਗੁਰਮੁਖਾਂ ਗੁਰਸਿਖਾਂ ਦਾ ਸੰਗ ਪ੍ਰਾਪਤ ਹੋ ਜਾਵੇ, ਤਾਂ ਵਿਛੋੜੇ ਵਾਲੇ ਸਾਰੇ ਚਿੰਤਾ-ਰੋਗ-ਝੋਰੇ ਮੁੱਕ ਜਾਂਦੇ ਹਨ।

## ਬਾਰਹਮਾਹਾ

*ਰਾਗ ਤੁਖਾਰੀ ਛੰਤ ਮਹਲਾ ੧*

*ਕਤਕਿ ਕਿਰਤੁ ਪਇਆ ਜੋ ਪ੍ਰਭ ਭਾਇਆ॥*
*ਦੀਪਕੁ ਸਹਜਿ ਬਲੈ ਤਤਿ ਜਲਾਇਆ॥ ਪੰਨਾ - 1109*

ਜਿਵੇਂ ਕੱਤਕ ਦੇ ਮਹੀਨੇ ਵਿਚ ਕਿਸਾਨ ਬੀਜੀ ਹੋਈ ਮੁੰਜੀ, ਮਕਈ ਆਦਿਕ ਸਾਵਣੀ ਦੀ ਫਸਲ ਕੱਟ ਕੇ ਘਰ ਲੈ ਆਉਂਦਾ ਹੈ, ਤਿਵੇਂ ਹੀ ਹਰੇਕ ਜੀਵ ਨੂੰ ਇਸ ਜੀਵਨ ਵਿਚ ਆਪਣੇ ਕੀਤੇ ਕਰਮਾਂ ਦਾ ਫਲ ਮਨ ਵਿਚ ਇਕੱਠੇ ਕੀਤੇ ਸੰਸਕਾਰਾਂ ਦੇ ਰੂਪ ਵਿਚ ਪ੍ਰਾਪਤ ਹੁੰਦਾ ਹੈ। ਇਨ੍ਹਾਂ ਕੀਤੇ ਭਲੇ ਕਰਮਾਂ ਅਨੁਸਾਰ ਹੀ ਕੁਝ ਮਨੁੱਖ ਪ੍ਰਮਾਤਮਾ ਨੂੰ ਭਾਅ ਜਾਂਦੇ ਹਨ, ਚੰਗੇ ਲਗਣ ਲਗ ਪੈਂਦੇ ਹਨ। ਐਸੇ ਪ੍ਰਭੂ ਪਿਆਰਿਆਂ ਦੇ ਹਿਰਦੇ ਵਿਚ ਆਤਮਕ ਅਡੋਲਤਾ ਦਾ ਦੀਪ ਜਗ ਪੈਂਦਾ ਹੈ, ਜਿਸ ਦੇ ਚਾਨਣ ਵਿਚ ਅੰਦਰੋਂ ਅਗਿਆਨਤਾ ਦੇ ਅੰਨ੍ਹੇਰੇ ਦਾ ਵਿਨਾਸ਼ ਹੋ ਜਾਂਦਾ ਹੈ ਅਤੇ ਪ੍ਰਭੂ-ਤੱਤ ਦਾ ਚਾਨਣ ਪ੍ਰਕਾਸ਼ਮਾਨ ਹੋ ਜਾਂਦਾ ਹੈ।

*ਦੀਪਕ ਰਸ ਤੇਲੋ, ਧਨ ਪਿਰ ਮੇਲੋ, ਧਨ ਓਮਾਹੈ ਸਰਸੀ॥*

ਆਤਮਿਕ-ਜੀਵਨ ਦੀ ਸੂਝ ਦੇਣ ਵਾਲੇ ਚਾਨਣ ਤੋਂ ਪੈਦਾ ਹੋਣ ਵਾਲਾ ਅਨੰਦ ਮਾਨੋ ਇਸ ਦੀਪਕ ਦਾ ਤੇਲ ਹੈ। ਇਸ ਚਾਨਣ ਤੋਂ ਹੀ ਧਨ ਪਿਰ ਦਾ ਮਿਲਾਪ ਹੁੰਦਾ ਹੈ, ਜੀਵ-ਇਸਤ੍ਰੀ ਇਸ ਮਿਲਾਪ ਦੇ ਉਤਸ਼ਾਹ ਤੋਂ ਆਤਮਿਕ-ਅਨੰਦ ਮਾਣਦੀ ਹੈ।

*ਅਵਗਣ ਮਾਰੀ ਮਰੈ, ਨ ਸੀਝੈ, ਗੁਣਿ ਮਾਰੀ ਤਾ ਮਰਸੀ॥*

ਵਿਪਰੀਤ ਇਸ ਦੇ ਜਿਸ ਜੀਵ-ਇਸਤ੍ਰੀ ਨੂੰ ਔਗੁਣਾਂ ਨੇ, ਵਿਸ਼ੇ ਵਿਕਾਰਾਂ ਨੇ ਮਾਰ ਮੁਕਾਇਆ ਹੈ, ਉਹ ਜੀਵਨ-ਮਨੋਰਥ ਵਿਚ ਕਦੇ ਸਫਲ ਨਹੀਂ ਹੁੰਦੀ ਪਰ ਪ੍ਰਭੂ ਦੀ ਸਿਫਤਿ ਸਾਲਾਹ ਵਿਚ ਲੱਗੀ ਜੀਵ ਇਸਤ੍ਰੀ ਵਿਕਾਰਾਂ ਨੂੰ ਮਾਰ ਮੁਕਾਂਦੀ ਹੈ ਅਤੇ ਸਦਾ ਹੀ ਵਿਕਾਰਾਂ ਵਲੋਂ ਬਚੀ ਰਹਿੰਦੀ ਹੈ।

(ਬਾਕੀ ਪੰਨਾ 15 ਤੇ)

# ਸੰਪਾਦਕੀ

*ਡਾ. ਜਗਜੀਤ ਸਿੰਘ*

'ਆਤਮ ਮਾਰਗ' ਦਾ ਅਕਤੂਬਰ 2003 ਅੰਕ ਮਹਾਂਪੁਰਸ਼, ਸੰਤ ਬਾਬਾ ਵਰਿਆਮ ਸਿੰਘ ਜੀ ਦੀ ਮਿੱਠੀ ਨਿੱਘੀ ਯਾਦ ਨੂੰ ਸਮਰਪਿਤ ਹੈ। ਅਕਤੂਬਰ 31, 2001 ਨੂੰ ਹੀ ਆਪ ਜੀ ਸਰੀਰ ਰੂਪੀ ਚੋਲਾ ਤਿਆਗ ਕੇ ਬ੍ਰਹਮਲੀਨ ਹੋਏ ਸੀ। ਜਿਹੜੇ ਆਪ ਹੀ ਆਤਮ ਮਾਰਗ ਦੇ ਮਾਲਕ ਤੇ ਸੰਚਾਲਕ ਸਨ, ਉਨ੍ਹਾਂ ਨੂੰ ਇਕ ਅੰਕ ਦਾ ਸਮਰਪਣ ਕੀ ਅਰਥ ਰਖਦਾ ਹੈ? ਇਹ ਤਾਂ ਇਕ ਤਰ੍ਹਾਂ ਦੀ ਯਾਦ ਹੈ -

*ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ॥*
*ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ॥*

*ਪੰਨਾ - 1375*

ਬਾਗ ਦੇ ਮਾਲਕ ਨੂੰ ਜਦੋਂ ਕੋਈ ਮਾਲੀ ਉਸ ਦੇ ਹੀ ਬਗੀਚੇ ਵਿਚੋਂ ਫੁੱਲ ਤੋੜ ਕੇ ਸੋਹਣਾ ਗੁਲਦਸਤਾ ਭੇਟ ਕਰਦਾ ਹੈ ਤਾਂ ਮਾਲਕ ਉਸ ਨੂੰ ਖੁਸ਼ੀ ਖੁਸ਼ੀ ਪ੍ਰਵਾਨ ਹੀ ਨਹੀਂ ਕਰਦਾ, ਸਗੋਂ ਮਾਲੀ ਦਾ ਧੰਨਵਾਦ ਵੀ ਕਰਦਾ ਹੈ। ਰਤਵਾੜਾ ਸਾਹਿਬ ਦੀ ਵਿਸ਼ਾਲ ਸੁੰਦਰ ਫੁਲਵਾੜੀ ਮਹਾਂਪੁਰਸ਼ਾਂ ਦੀ ਮਹਾਨ ਦੇਣ ਹੈ। ਸਜੀਲਾ ਸੁੰਦਰ ਸੰਗ ਮਰਮਰੀ ਗੁਰਦਵਾਰਾ ਸਾਹਿਬ ਸੁਹਜ ਤੇ ਕਲਾ ਦਾ ਪ੍ਰਤੱਖ ਨਮੂਨਾ ਹੈ। ਪੰਜਾਬੀ ਅਤੇ ਹਿੰਦੀ ਵਿਚ (ਸਮੇਤ ਅੰਗਰੇਜ਼ੀ ਭਾਗ ਦੇ) ਹਰ ਮਹੀਨੇ ਛਪ ਰਿਹਾ ਆਤਮ ਮਾਰਗ ਅਤੇ ਆਪ ਜੀ ਰਚਿਤ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿਚ ਉਪਲਬਧ ਅਨੇਕ ਪੁਸਤਕਾਂ ਆਪ ਜੀ ਦੇ ਗਿਆਨ ਭੰਡਾਰ ਨੂੰ ਨਿਰੰਤਰ ਸੰਗਤਾਂ ਵਿਚ ਵੰਡ ਰਹੀਆਂ ਹਨ। ਵਿਦਿਅਕ ਖੇਤਰ ਵਿਚ ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ, ਆਪ ਜੀ ਦੇ ਆਦੇਸ਼ਾਂ ਅਨੁਸਾਰ ਸਪੰਨ ਹੋਇਆ। ਸੰਤ ਵਰਿਆਮ ਸਿੰਘ ਮਾਡਲ ਸਕੂਲ, ਇੰਟਰਨੈਸ਼ਨਲ ਡੀਵਾਈਨ ਇਨਸਟੀਚਿਊਟ ਔਫ਼ ਬਿਜ਼ਨਿਸ ਮੈਨੇਜਮੈਂਟ ਐਂਡ ਆਈ. ਟੀ., ਪੰਜਾਬ ਅਤੇ ਯੂ.ਪੀ. ਵਿਚ ਅਨੇਕ ਥਾਈਂ ਸੰਚਾਲਨ ਕੀਤੇ ਹੋਰ ਅਦਾਰੇ ਵਿਦਿਆ ਦਾ ਪਾਸਾਰ ਕਰ ਰਹੇ ਹਨ। ਰਤਵਾੜਾ ਸਾਹਿਬ ਵਿਖੇ ਹੀ ਰੋਗੀਆਂ ਲਈ ਡਿਸਪੈਂਸਰੀ, ਬਜ਼ੁਰਗਾਂ ਲਈ ਬਿਰਧ ਆਸ਼ਰਮ ਅਤੇ ਆਏ ਗਏ ਲਈ ਨਿਰੰਤਰ ਚਲਦਾ ਲੰਗਰ ਆਪ ਜੀ ਦੇ ਪਰਉਪਕਾਰੀ ਸੁਭਾਅ ਦੇ ਪ੍ਰਤੀਕ ਹਨ।

ਇਹ ਸਭ ਕਝ ਮੁਬਾਰਕ ਹੈ ਪਰ ਆਪ ਜੀ ਦੀ ਇਸ ਤੋਂ ਵੀ ਵੱਡੀ ਸੇਵਾ ਅਨ੍ਹੇਰੇ ਵਿਚ ਵਿਚਰ ਰਹੇ, ਦੁੱਖਾਂ ਵਿਚ ਪੀੜਤ ਲੋਕਾਂ ਨੂੰ ਗੁਰਮਤਿ ਦਾ ਮਾਰਗ ਦਰਸ਼ਨ ਕਰਨਾ ਹੈ। ਆਪ ਜੀ ਨੂੰ ਪ੍ਰਭੂ ਭਗਤੀ ਅਤੇ ਸਿਮਰਨ ਵਿਰਸੇ ਵਿਚ ਪ੍ਰਾਪਤ ਹੋਏ, ਮਾਤਾ ਪਿਤਾ, ਪਤਨੀ ਅਤੇ ਸਹੁਰਾ ਪਰਿਵਾਰ ਨਾਮ ਰੰਗ ਵਿਚ ਰੰਗੇ ਹੋਏ, ਅੰਮ੍ਰਿਤਧਾਰੀ ਗੁਰਮੁਖ ਗੁਰਸਿੱਖਾਂ ਨੇ ਆਪ ਜੀ ਨੂੰ ਸਦਾ ਆਤਮਕ ਉਨਤੀ ਵਾਲਾ ਵਾਤਾਵਰਣ ਪ੍ਰਦਾਨ ਕੀਤਾ ਅਤੇ ਆਪ ਜੀ ਦੀ ਰੂਹਾਨੀ ਭੁੱਖ ਤ੍ਰਿਪਤ ਕਰਨ ਵਿਚ ਸਦਾ ਸਹਾਇਕ ਸਿੱਧ ਹੋਏ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਸੰਗਤ ਅਤੇ ਪਿਆਰ ਨੇ ਆਪ ਜੀ ਦੇ ਨਾਮ ਅਭਿਆਸ ਨੂੰ ਹੋਰ ਰੰਗਣ ਚਾੜ੍ਹੀ, ਸੰਤਾਂ ਮਹਾਤਮਾਵਾਂ ਅਤੇ ਬਖਸ਼ੀਆਂ ਹੋਈਆਂ ਰੂਹਾਂ ਨੂੰ ਆਪ ਜੀ ਸਦਾ ਟੋਲ੍ਹਦੇ ਰਹਿੰਦੇ ਤੇ ਉਨ੍ਹਾਂ ਦੀ ਸੰਗਤ ਵਿਚ ਆਪ ਜੀ ਨੂੰ ਰੂਹਾਨੀ ਸਕੂਨ ਮਿਲਦਾ। ਫੇਰ ਇਕ ਐਸਾ ਸਮਾਂ ਆਇਆ ਜਦੋਂ ਆਪ ਜੀ ਦਾ ਮਿਲਾਪ ਰਾੜਾ ਸਾਹਿਬ ਦੇ ਕਾਮਲ-ਮੁਰਸ਼ਦ ਨਾਲ ਹੋਇਆ ਤੇ ਆਪ ਉਨ੍ਹਾਂ ਦੇ ਹੀ ਹੋ ਕੇ ਰਹਿ ਗਏ। ਇਹ ਪਿਆਰ ਆਪ ਜੀ ਨੇ ਜੀਵਨ-ਭਰ ਪਾਲਿਆ। ਆਪ ਜੀ ਨੇ ਸਾਰਾ ਜੀਵਨ ਗੁਰਬਾਣੀ ਪੜ੍ਹਨ, ਸੁਣਨ, ਵਿਚਾਰਨ ਅਤੇ ਪ੍ਰਚਾਰਨ ਵਿਚ ਬਤੀਤ ਕੀਤਾ। ਆਪ ਜੀ ਨੂੰ ਪੂਰਨ ਨਿਸ਼ਚਾ ਸੀ ਕਿ ਗੁਰੂ ਘਰ ਵਿਚ ਨਾਮ ਮਾਰਗ ਨੂੰ ਹੀ ਸਰਵੋਤਮ ਮੰਨਿਆ ਗਿਆ ਹੈ। ਇਸ ਲਈ ਆਪ ਨੇ ਬੜੀ ਘਾਲਨਾ ਘਾਲ ਕੇ ਨਾਮ ਜਪਿਆ ਤੇ ਜਪਾਇਆ ਹੈ। ਆਪ ਜੀ ਸਾਧ ਸੰਗਤ ਨੂੰ ਬਹੁਤ ਮਹੱਤਤਾ ਦਿੰਦੇ ਸੀ ਅਤੇ ਹਰ ਦੀਵਾਨ ਦੇ ਆਰੰਭ ਵਿਚ ਦਸਦੇ ਸੀ ਕਿ ਸੰਗਤ ਦਾ ਫਲ ਕ੍ਰੋੜਾਂ ਯੱਗਾਂ ਦੇ ਫੱਲ ਤੁਲ ਹੁੰਦਾ ਹੈ-

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ।।*

*ਪੰਨਾ - 546*

ਨਾਮ ਸਿਮਰਨ ਰਾਹੀਂ ਰੂਹਾਨੀਅਤ ਦੀਆਂ ਉਪਰਲੀਆਂ ਮੰਜ਼ਲਾਂ ਤਹਿ ਕਰਨ ਲਈ ਆਪ ਜੀ ਅੰਮ੍ਰਿਤ ਛਕਣਾ ਬਹੁਤ ਜ਼ਰੂਰੀ ਦਸਦੇ ਸੀ ਕਿਉਂਕਿ ਨਾਮ ਦੀ ਦਾਤ ਕੇਵਲ ਗੁਰੂ ਤੋਂ ਹੀ ਪ੍ਰਾਪਤ ਹੁੰਦੀ ਹੈ। ਪੰਜ ਪਿਆਰੇ ਗੁਰੂ ਰੂਪ ਹੋ ਕੇ ਅੰਮ੍ਰਿਤ ਦੀ ਦਾਤ ਬਖਸ਼ਦੇ ਹਨ। ਆਪ ਜੀ ਦੀ ਪ੍ਰੇਰਨਾ ਸਦਕਾ ਚਾਰ ਲੱਖ ਤੋਂ ਵੱਧ ਪ੍ਰਾਣੀਆਂ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਤੇ ਸੱਚੇ ਸੁੱਚੇ ਗੁਰਸਿੱਖੀ ਵਾਲੇ ਅਨੰਦਮਈ ਜੀਵਨ ਵਿਚ ਪ੍ਰਵੇਸ਼ ਕੀਤਾ। ਵਿਸ਼ੇਸ਼ ਕਰਕੇ ਤਹਿਰਾਈ (ਯੂ.ਪੀ.) ਦੇ ਇਲਾਕੇ ਵਿਚ ਬਹੁਤ ਵੱਡੀ ਤਬਦੀਲੀ ਲਿਆਂਦੀ। ਰੋਪੜ ਇਲਾਕੇ ਦੇ ਪਿੰਡ ਪਿੰਡ ਵਿਚ ਜਾ ਕੇ ਲੋਕਾਂ ਨੂੰ ਤੰਬਾਕੂ ਤੇ ਹੋਰ ਨਸ਼ਿਆਂ ਤੋਂ ਮੁਕਤ ਕਰਕੇ ਸਾਫ ਸੁਥਰਾ ਜੀਵਨ ਜੀਉਣ ਦੀ ਪ੍ਰੇਰਨਾ ਬਖਸ਼ੀ। ਆਪ ਜੀ ਦਾ ਸਾਰਾ ਜੀਵਨ ਹੀ ਪਰਉਪਕਾਰੀ ਜੀਵਨ ਸੀ। ਲੋੜਵੰਦਾਂ ਦੀ ਮਦਦ ਕਰਕੇ ਆਪ ਜੀ ਨੂੰ ਅਨੰਦ ਮਿਲਦਾ ਸੀ -

*ਬ੍ਰਹਮਗਿਆਨੀ ਪਰਉਪਕਾਰ ਉਮਾਹਾ॥* *ਪੰਨਾ - 273*

ਆਪ ਜੀ ਨੇ ਗੁਰਬਾਣੀ ਅਨੁਸਾਰ ਜੀਵਨ ਢਾਲਿਆ ਅਤੇ ਨਾਮ ਅਭਿਆਸ ਰਾਹੀਂ ਐਸੀ ਅਵਸਥਾ ਪ੍ਰਾਪਤ ਕੀਤੀ ਜਿਸ ਅਵਸਥਾ ਵਿਚ ਆਪ ਜੀ ਨੂੰ ਹਰ ਪਾਸੇ ਬ੍ਰਹਮ ਪਸਾਰਾ ਹੀ ਦ੍ਰਿਸ਼ਟਮਾਨ ਹੁੰਦਾ। ਆਪ ਜੀ ਨੇ ਆਤਮ

ਮਾਰਗ ਦਾ ਆਦਰਸ਼ ਵੀ ਇਹੋ ਰੱਖਿਆ - ਸਾਰੇ ਪਾਸੇ ਬ੍ਰਹਮ ਪਸਾਰੇ ਦੇ ਦਰਸ਼ਨ ਦੀਦਾਰ ਤੇ ਐਸਾ ਗੁਰਵਾਕ ਹੀ ਮੁੱਖ ਪੰਨੇ ਦਾ ਪੱਥ-ਪਰਦਰਸ਼ਕ ਚੁਣਿਆ -

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥*
*ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥*
*ਪੰਨਾ - 846*

ਆਪ ਜੀ ਦੀ ਜੀਵਨ-ਘਾਲਣਾ ਵਿਚ ਸਤਿਕਾਰਯੋਗ ਬੀਜੀ ਨੇ ਪੂਰਾ ਸਹਿਯੋਗ ਦਿਤਾ। ਆਪ ਜੀ ਰੰਗ ਰੂਪ ਜਾਤਿ ਪਾਤਿ ਗਰੀਬ ਅਮੀਰ ਦੇ ਭੇਦ ਭਾਵ ਤੋਂ ਮੁਕਤ ਸਨ। ਸਭਨਾਂ ਨੂੰ ਪਿਆਰ ਨਾਲ ਮਿਲਣਾ, ਪਿਆਰ ਨਾਲ ਉਨ੍ਹਾਂ ਦਾ ਦੁਖ ਦਰਦ ਸੁਣਨਾ ਤੇ ਯਥਾਸ਼ਕਤ ਸਹਾਇਤਾ ਕਰਨੀ ਆਪ ਜੀ ਦਾ ਸੁਭਾਅ ਹੀ ਬਣ ਚੁੱਕਿਆ ਸੀ। ਲੜਕੀਆਂ ਦੇ ਵਿਆਹ ਸਮੇਂ ਆਪ ਜੀ ਤੇ ਆਪ ਜੀ ਦੀ ਧਰਮ ਪਤਨੀ (ਬੀਜੀ) ਨੇ ਵੱਧ ਚੜ੍ਹ ਕੇ ਸਹਾਇਤਾ ਕਰਨੀ। ਦੁਖੀਆਂ ਰੋਗੀਆਂ ਨੂੰ ਦਵਾ ਦਾਰੂ ਲਈ ਸਹਾਇਤਾ ਦੇਣੀ ਤੇ ਨਾਮ-ਦਾਰੂ ਦਾ ਆਸਰਾ ਬਖਸ਼ਣਾ। ਸੱਚਮੁਚ ਉਹ ਐਸੀ ਸਾਧਨਾ ਵਾਲੇ ਸਾਧੂ ਜਨ ਸਨ ਜਿਨ੍ਹਾਂ ਦੀ ਸੰਗਤ ਵਿਚ ਪ੍ਰਭੂ ਚੇਤੇ ਆਉਂਦਾ ਸੀ, ਨਾਮ ਵਿਚ ਧਿਆਨ ਜੁੜਦਾ ਸੀ, ਰੋਗਾਂ ਵਿਕਾਰਾਂ ਦਾ ਵਿਨਾਸ਼ ਹੁੰਦਾ ਸੀ, ਮਨ ਵਿਚ ਪ੍ਰਭੂ ਪਿਆਰ ਉਮਡ ਆਉਂਦਾ ਸੀ ਤੇ ਆਤਮਕ ਅਨੰਦ ਦੀ ਪ੍ਰਾਪਤੀ ਹੁੰਦੀ ਸੀ। ਸਾਧ ਜਨਾਂ ਦੇ ਐਸੇ ਲੱਛਣ ਹੀ ਪੰਚਮ ਪਾਤਸ਼ਾਹ ਨੇ ਸੁਖਮਨੀ ਸਾਹਿਬ ਵਿਚ ਦਰਸਾਏ ਹਨ -

*ਸਾਧ ਕੈ ਸੰਗਿ ਸੁਨਉ ਹਰਿ ਨਾਉ॥*
*ਸਾਧ ਸੰਗਿ ਹਰਿ ਕੇ ਗੁਨ ਗਾਉ॥*
*ਸਾਧ ਕੈ ਸੰਗਿ ਨ ਮਨ ਤੇ ਬਿਸਰੈ॥*
*ਸਾਧ ਸੰਗਿ ਸਰਪਰ ਨਿਸਤਰੈ॥*
*ਸਾਧ ਕੈ ਸੰਗਿ ਲਗੈ ਪ੍ਰਭੁ ਮੀਠਾ॥*
*ਸਾਧੂ ਕੈ ਸੰਗਿ ਘਟਿ ਘਟਿ ਡੀਠਾ॥*
*ਸਾਧਸੰਗਿ ਭਏ ਆਗਿਆਕਾਰੀ॥*
*ਸਾਧਸੰਗਿ ਗਤਿ ਭਈ ਹਮਾਰੀ॥*
*ਸਾਧ ਕੈ ਸੰਗਿ ਮਿਟੈ ਸਭਿ ਰੋਗ॥*
*ਨਾਨਕ ਸਾਧ ਭੇਟੇ ਸੰਜੋਗ॥ ਪੰਨਾ - 272*

ਸਾਧ ਦੀ ਮਹਿਮਾ ਕਥਨੀ ਤੋਂ ਬਾਹਰ ਹੈ, ਇਸ ਦਾ ਅੰਦਾਜ਼ਾਂ ਨਹੀਂ ਲਾਇਆ ਜਾ ਸਕਦਾ। ਅਸਲ ਵਿਚ ਸਾਧੂ ਅਤੇ ਪ੍ਰਭੂ ਵਿਚਲਾ ਭੇਦ ਮਿਟ ਜਾਂਦਾ ਹੈ। ਸਾਧੂ ਪ੍ਰਭੂ ਦਾ ਹੀ ਰੂਪ ਹੋ ਜਾਂਦਾ ਹੈ -

*ਸਾਧ ਕੀ ਸੋਭਾ ਕਾ ਨਾਹੀ ਅੰਤ॥*
*ਸਾਧ ਕੀ ਸੋਭਾ ਸਦਾ ਬੇਅੰਤ॥*
................................
*ਸਾਧ ਕੀ ਸੋਭਾ ਸਾਧ ਬਨਿ ਆਈ॥*
*ਨਾਨਕ ਸਾਧ ਪ੍ਰਭ ਭੇਦੁ ਨ ਭਾਈ॥ ਪੰਨਾ - 272*

ਜਿਨ੍ਹਾਂ ਨੂੰ ਅਸੀਂ ਸਾਧ, ਸੰਤ, ਬ੍ਰਹਮਗਿਆਨੀ, ਗੁਰਮੁਖਿ ਪਦ ਨਾਲ ਸਤਿਕਾਰਦੇ ਹਾਂ, ਉਨ੍ਹਾਂ ਦੇ ਲੱਛਣ ਗੁਰਬਾਣੀ ਵਿਚ ਦਰਸਾਏ ਹੋਏ ਹਨ। ਜਿਥੇ ਜਿਸ ਵਿਅਕਤੀ ਵਿਚ ਇਹ ਗੁਣ ਪ੍ਰਕਾਸ਼ਮਾਨ ਹੁੰਦੇ ਹੋਣ, ਉਹ ਸਾਡੇ ਪੂਰਨ ਸਤਿਕਾਰ ਦੇ ਪਾਤਰ ਬਣ ਜਾਂਦੇ ਹਨ। ਜਿਵੇਂ ਬ੍ਰਹਮਗਿਆਨੀ ਦਾ ਸਰਵੋਤਮ ਲੱਛਣ ਇਹ ਦੱਸਿਆ ਹੈ ਕਿ ਜਿਸ ਮਨੁੱਖ ਦੇ ਮਨ ਵਿਚ ਸੱਚਾ ਪ੍ਰਭੂ ਵਸਦਾ ਹੈ, ਮੁੱਖ ਤੋਂ ਵੀ ਸਦਾ ਪ੍ਰਭੂ ਦਾ ਜਾਪ ਕਰਦਾ ਰਹਿੰਦਾ ਹੈ, ਇਕ ਅਕਾਲ ਪੁਰਖ ਤੋਂ ਬਿਨਾਂ ਕਿਤੇ ਭੀ ਕਿਸੇ ਹੋਰ ਨੂੰ ਨਹੀਂ ਵੇਖਦਾ, ਐਸੇ ਮਨੁੱਖ ਨੂੰ ਬ੍ਰਹਮਗਿਆਨੀ ਪਦ ਨਾਲ ਸਤਿਕਾਰਿਆ ਜਾਂਦਾ ਹੈ -

*ਮਨਿ ਸਾਚਾ ਮੁਖਿ ਸਾਚਾ ਸੋਇ॥*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ॥*
*ਨਾਨਕ ਇਹ ਲਛਣ ਬ੍ਰਹਮਗਿਆਨੀ ਹੋਇ॥*
*ਪੰਨਾ - 272*

ਬ੍ਰਹਮਗਿਆਨੀ ਦਾ ਜੀਵਨ ਬੇਦਾਗ ਹੁੰਦਾ ਹੈ, ਕਉਲ ਫੁੱਲ ਦੀ ਤਰ੍ਹਾਂ ਜੋ ਚਿੱਕੜ ਤੋਂ ਨਿਰਲੇਪ ਰਹਿੰਦਾ ਹੈ। ਬ੍ਰਹਮਗਿਆਨੀ ਸੂਰਜ ਦੀ ਤਰ੍ਹਾਂ ਸਭਨਾਂ ਲਈ ਸੁਖਦਾਈ ਹੁੰਦਾ ਹੈ, ਹਵਾ ਦੀ ਤਰ੍ਹਾਂ ਰਾਜੇ ਤੇ ਕੰਗਾਲ, ਸਭਨਾਂ ਪ੍ਰਤੀ ਸਮ-ਦ੍ਰਿਸ਼ਟੀ ਰਖਦਾ ਹੈ, ਧਰਤੀ ਦੀ ਤਰ੍ਹਾਂ ਧੀਰਜਵਾਨ ਹੁੰਦਾ ਹੈ। ਜਿਵੇਂ ਧਰਤੀ ਨੂੰ ਭਾਵੇਂ ਕੋਈ ਖੋਦੇ, ਭਾਵੇਂ ਚੰਦਨ ਦਾ ਲੇਪ ਕਰੇ, ਉਸ ਨੂੰ ਪਰਵਾਹ ਨਹੀਂ, ਤਿਵੇਂ ਬ੍ਰਹਮਗਿਆਨੀ ਧੀਰਜਵਾਨ ਹੋ ਕੇ ਸੰਸਾਰ ਵਿਚ ਵਿਚਰਦਾ ਹੈ। ਫੁਰਮਾਨ ਹੈ-

*ਬ੍ਰਹਮਗਿਆਨੀ ਸਦਾ ਨਿਰਲੇਪ॥*
*ਜੈਸੇ ਜਲ ਮਹਿ ਕਮਲ ਅਲੇਪ॥*
*ਬ੍ਰਹਮਗਿਆਨੀ ਸਦਾ ਨਿਰਦੋਖ॥*
*ਜੈਸੇ ਸੂਰੁ ਸਰਬ ਕਉ ਸੋਖ॥*
*ਬ੍ਰਹਮਗਿਆਨੀ ਕੈ ਦ੍ਰਿਸਟਿ ਸਮਾਨਿ॥*
*ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ॥*
*ਬ੍ਰਹਮਗਿਆਨੀ ਕੈ ਧੀਰਜੁ ਏਕ॥*
*ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ॥*
*ਬ੍ਰਹਮਗਿਆਨੀ ਕਾ ਇਹੈ ਗੁਨਾਉ॥*
*ਨਾਨਕ ਜਿਉ ਪਾਵਕ ਕਾ ਸਹਜ ਸੁਭਾਉ॥ ਪੰਨਾ - 272*

ਇਸ ਤਰ੍ਹਾਂ ਬ੍ਰਹਮਗਿਆਨੀ ਕਮਲ ਦੀ ਤਰ੍ਹਾਂ ਨਿਰਲੇਪ, ਸੂਰਜ, ਹਵਾ, ਪਾਣੀ, ਧਰਤੀ ਅਤੇ ਅਗਨੀ ਦੀ ਤਰ੍ਹਾਂ ਅਮੀਰ, ਗਰੀਬ ਛੋਟੇ ਵੱਡੇ ਸਭ ਲਈ ਸਮਾਨ ਦ੍ਰਿਸ਼ਟੀ ਵਾਲਾ ਅਤੇ ਸਹਿਜ-ਸੁਭਾਅ ਹੀ ਪਰਉਪਕਾਰੀ ਜੀਉੜਾ ਹੁੰਦਾ ਹੈ।

ਵਡਭਾਗੀ ਹਨ ਜਿਨ੍ਹਾਂ ਨੇ ਮਹਾਂਪੁਰਸ਼ਾਂ ਦੀ ਸੰਗਤ ਮਾਣੀ ਹੈ। ਉਨ੍ਹਾਂ ਨੇ ਅਵੱਸ਼ ਹੀ ਮਹਾਂਪੁਰਸ਼ਾਂ ਵਿਚ ਇਨ੍ਹਾਂ ਗੁਣਾਂ ਨੂੰ ਕਿਰਿਆਮਾਨ ਹੁੰਦੇ ਦੇਖਿਆ ਹੋਵੇਗਾ। ਦੁਖ ਸੁਖ, ਦੁਨਿਆਵੀ ਬਖੇੜੇ, ਵਾਦ ਵਿਵਾਦ ਮਹਾਂਪੁਰਸ਼ਾਂ ਦੇ ਜੀਵਨ-ਸੰਤੁਲਨ ਨੂੰ ਵਿਗਾੜਨ ਦੇ ਸਦਾ ਹੀ ਅਸਮਰਥ ਹੁੰਦੇ। ਸਹਿਜ ਵਿਚ ਵਿਚਰਦੇ ਉਹ ਹਰ ਮਸਲੇ ਨੂੰ ਮਿੰਟਾਂ ਸਕਿੰਟਾਂ ਵਿਚ ਹੀ ਨਬੇੜ ਕੇ ਸੇਧ ਬਖਸ਼ ਦਿੰਦੇ। ਉਨ੍ਹਾਂ ਦੇ ਦਰ ਤੋਂ ਕੋਈ ਜਗਿਆਸੂ ਨਿਰਾਸ ਹੋ ਕੇ ਨਹੀਂ ਸੀ ਮੁੜਦਾ। ਇਹ ਉਨ੍ਹਾਂ ਦੀ ਹਰਮਨ ਪਿਆਰੀ ਸਖਸ਼ੀਅਤ ਦਾ ਮੀਰੀ ਗੁਣ ਸੀ।

ਅੱਜ ਉਨ੍ਹਾਂ ਦੀ ਦੂਜੀ ਸਾਲਾਨਾ ਬਰਸੀ ਤੇ ਵਿਸ਼ੇਸ਼ ਤੌਰ ਤੇ ਉਨ੍ਹਾਂ ਨੂੰ ਯਾਦ ਕੀਤਾ ਜਾ ਰਿਹਾ ਹੈ। ਉਨ੍ਹਾਂ ਦੇ

(ਬਾਕੀ ਪੰਨਾ 15 ਤੇ)

# ਘਰ ਹੀ ਮਹਿ ਅੰਮ੍ਰਿਤੁ ਭਰਪੂਰ ਹੈ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ।*

*(ਮਿਤੀ 31-1-97 ਨੂੰ ਧਮੋਟ ਵਿਚ ਲੱਗਿਆ ਦੀਵਾਨ)*

ਸ਼ਾਨ ....................................।

ਸਤਿਨਾਮ ਸ੍ਰੀ ਵਾਹਿਗੁਰੂ, ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*

*ਪੰਨਾ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*

*ਪੰਨਾ - 289*

*ਹਉ ਵਾਰੀ ਵੰਞਾ ਘੋਲੀ ਵੰਞਾ*
*ਤੂ ਪਰਬਤੁ ਮੇਰਾ ਓਲ੍ਹਾ ਰਾਮ॥*
*ਹਉ ਬਲਿ ਜਾਈ ਲਖ ਲਖ ਲਖ ਬਰੀਆ*
*ਜਿਨਿ ਭ੍ਰਮੁ ਪਰਦਾ ਖੋਲ੍ਹਾ ਰਾਮ॥*
*ਮਿਟੇ ਅੰਧਾਰੇ ਤਜੇ ਬਿਕਾਰੇ ਠਾਕੁਰ ਸਿਉ ਮਨੁ ਮਾਨਾ॥*
*ਪ੍ਰਭ ਜੀ ਭਾਣੀ ਭਈ ਨਿਕਾਣੀ ਸਫਲ ਜਨਮੁ ਪਰਵਾਨਾ॥*
*ਭਈ ਅਮੋਲੀ ਭਾਰਾ ਤੋਲੀ ਮੁਕਤਿ ਜੁਗਤਿ ਦਰੁ ਖੋਲ੍ਹਾ॥*
*ਕਹੁ ਨਾਨਕ ਹਉ ਨਿਰਭਉ ਹੋਈ ਸੋ ਪ੍ਰਭੁ ਮੇਰਾ ਓਲ੍ਹਾ॥*

*ਪੰਨਾ - 779*

ਸਾਧ ਸੰਗਤ ਜੀ! ਚਿਤ ਬਿਰਤੀਆਂ ਇਕਾਗਰ ਕਰੋ, ਨੇਤਰਾਂ ਦੇ ਨਾਲ ਗੁਰੂ ਸਰੂਪ ਦਾ ਧਿਆਨ ਰੱਖੋ। ਕੰਮ ਛੱਡ ਕੇ ਗੁਰੂ ਮਹਾਰਾਜ ਦੇ ਹਜ਼ੂਰ ਆਇਆ ਹੈ।

ਸਾਡੇ ਮਨ ਵਿਚ ਇਹ ਹੁੰਦਾ ਹੈ ਕਿ ਇਹ ਐਨੀ ਮਿਹਨਤ ਕਰਕੇ ਆ ਕੇ ਅਸੀਂ ਸੰਗਤ ਵਿਚ ਆਏ ਹਾਂ, ਜੇ ਦੋ ਚਾਰ ਬਚਨ ਨਾ ਫੜੇ ਫੇਰ ਤਾਂ ਕੁਝ ਨਹੀਂ ਬਣਿਆ। ਦਿਲੋਂ ਅਸੀਂ ਚਾਹੁੰਦੇ ਹਾਂ ਕਿ ਕੁਝ ਨਾ ਕੁਝ ਬਣ ਜਾਵੇ, ਸਾਡੀ ਮਿਹਨਤ ਜਿਵੇਂ ਗੁਰੂ ਸਾਹਿਬ ਕਰਵਾਉਂਦੇ ਨੇ ਉਹ ਵੀ ਸਫਲ ਹੋ ਜਾਵੇ, ਤੁਹਾਡਾ ਆਉਣਾ ਵੀ ਸਫਲ ਹੋ ਜਾਵੇ ਤੇ ਫਲ ਮਿਲ ਜਾਵੇ ਸੰਗਤ ਦਾ ਪੂਰਾ -

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥*

*ਪੰਨਾ - 546*

ਕਈ ਕਰੋੜ ਜੱਗਾਂ ਦਾ ਫਲ ਮਿਲਦਾ ਹੈ। ਇਹ ਮਿਲਦਾ ਤਾਂ ਹੈ, ਦੋ ਚਾਰ ਰਹਿਤਾਂ ਨੇ ਨਿਮਰਤਾ ਦੇ ਨਾਲ ਆਵੋ, ਸ਼ਰਧਾ ਦੀ ਝੋਲੀ ਘਰੋਂ ਲੈ ਕੇ ਆਵੋ। ਜਦੋਂ ਇਕ ਇਕ ਕਦਮ ਪੁਟੋਂਗੇ ਸ਼ਰਧਾ ਦੀ ਝੋਲੀ ਨਾਲ ਲੈ ਕੇ ਉਸੇ ਵੇਲੇ ਤੋਂ ਦਾਤ ਮਿਲਣੀ ਸ਼ੁਰੂ ਹੋ ਜਾਣੀ ਹੈ। ਇਕ ਕਦਮ ਦਾ ਫਲ ਇਕ ਜੱਗ ਦੇ ਬਰਾਬਰ ਮਿਲ ਜਾਣਾ ਹੈ। ਪਤਾ ਕਿਥੇ ਲਗੇਗਾ? ਪਤਾ ਲਗੇਗਾ ਦਰਗਾਹ ਵਿਚ ਜਾ ਕੇ, ਇਥੇ ਵੀ ਪਤਾ ਲਗੇਗਾ ਅਨੇਕਾਂ ਵਿਘਨ ਟਲ ਜਾਣਗੇ, ਜਿਨ੍ਹਾਂ ਨੂੰ ਅਸੀਂ ਜਾਣਦੇ ਨਹੀਂ ਕਿ ਕਿਹੜਾ ਆਉਣ ਵਾਲਾ ਹੈ ਉਨ੍ਹਾਂ ਤੇ ਰੋਕ ਲੱਗ ਜਾਏਗੀ। ਛੋਟਾ ਜਿਹਾ ਫਲ ਨਹੀਂ ਹੁੰਦਾ ਸੰਗਤ ਦਾ, ਤਾਂ ਹੀ ਮਹਾਰਾਜ ਨੇ ਕਿਹਾ ਹੈ ਕਿ ਬਗੈਰ ਪੂਰੇ ਭਾਗ ਤੋਂ ਸਤਿਸੰਗ ਨਹੀਂ ਮਿਲਿਆ ਕਰਦਾ।

ਸਤਿਸੰਗ ਜੋ ਹੈ ਉਹ ਤੱਤ ਬੇਤੇ ਮਹਾਂਪੁਰਸ਼ਾਂ ਦੇ ਬਚਨ ਜਿਥੇ ਹੁੰਦੇ ਹੋਣ ਉਹ ਤਾਂ ਹੁੰਦਾ ਹੈ, ਜਿਥੇ ਰਾਜਨੀਤਿਕ ਗੱਲਾਂ ਇਕ ਦੂਜੇ ਨੂੰ ਮਾੜਾ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਕਹਿਣਾ ਉਹ ਨਹੀਂ ਸਤਿਸੰਗ ਹੁੰਦਾ। ਉਹ ਐਵੇਂ ਲੋਕਾਂ ਦਾ ਇਕੱਠ ਹੁੰਦਾ ਹੈ ਤੇ ਬੇ-ਅਦਬੀ ਹੁੰਦੀ ਹੈ ਗੁਰੂ ਮਹਾਰਾਜ ਦੀ ਕਿਉਂਕਿ ਗੁਰੂ ਨਾਨਕ ਮਹਾਰਾਜ ਕਹਿੰਦੇ ਨੇ ਕਿ -

*ਨਾਨਕ ਕੈ ਘਰਿ ਕੇਵਲ ਨਾਮੁ॥* *ਪੰਨਾ - 1136*

ਸਾਡੇ ਕੋਲ ਨਾਮ ਹੈ ਨਾਮ ਲੈ ਕੇ ਆਏ ਹਾਂ ਅਸੀਂ, ਇਸ ਨਾਮ ਦਾ ਕੋਈ ਮੁੱਲ ਨਹੀਂ।

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥*
*ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ॥*

*ਪੰਨਾ - 81*

ਪਹਿਲੇ ਦਿਨ ਮੈਂ ਦੱਸਿਆ ਸੀ ਕਿ ਸਾਲਸਰਾਇ ਉਸ ਲਾਲ ਨੂੰ ਕਹੀ ਜਾਵੇ ਕਿ ਉਹ ਬਹੁਤ ਕੀਮਤੀ ਹੈ। ਮਹਾਰਾਜ ਕਹਿੰਦੇ ਤੇਰੇ ਕੋਲ ਤਾਂ ਹਜ਼ਾਰਾਂ ਚੀਜ਼ਾਂ ਕੀਮਤੀ ਨੇ। ਇਕ ਸਵਾਸ ਦਾ ਮੁੱਲ ਤਿੰਨ ਲੋਕਾਂ ਦਾ ਰਾਜ ਨਹੀਂ ਹੁੰਦਾ, 24,000 ਸਵਾਸ ਤੇਰਾ ਬਿਰਥਾ ਚਲਿਆ ਜਾਂਦਾ ਹੈ ਰੋਜ਼, ਬਹੁਤ ਵੱਡਾ, ਤੂੰ ਪ੍ਰਮੇਸ਼ਰ ਬਣ ਸਕਦਾ ਹੈ ਜੀਵ ਵਿਚੋਂ।

ਸੋ ਇਹ ਜੁਗਤ ਹੁੰਦੀ ਹੈ, ਜੁਗਤ ਦੇ ਨਾਲ ਚਲੋ, ਕੋਈ ਨਾ ਜਿਹੜਾ ਸਮਾਂ ਲੰਘ ਗਿਆ, ਲੰਘ ਗਿਆ ਉਸ ਦੀ ਨਾ ਮੁੜ ਕੇ ਫਿਕਰ ਕਰੋ। ਵਾਹਿਗੁਰੂ ਦਾ ਸੁਭਾਅ ਦਇਆਲ ਹੈ, ਉਹ ਕਦੇ ਵੀ ਕਰੂਰ ਨਹੀਂ ਹੁੰਦਾ, ਕਰੂਰ ਉਦੋਂ ਹੁੰਦਾ ਹੈ ਜਦੋਂ ਉਸ ਦੇ ਪਿਆਰਿਆਂ ਨੂੰ ਕੋਈ ਦੁਖ ਪਹੁੰਚਾਇਆ ਜਾਵੇ ਤੇ ਉਸ ਦੇ ਪਿਆਰੇ ਦਾ ਦਿਲ ਦੁਖ ਜਾਵੇ, ਫੇਰ ਨਹੀਂ ਵਾਹਿਗੁਰੂ ਤੋਂ ਰਹਿ ਹੁੰਦਾ। ਫੇਰ ਮਹਾਰਾਜ ਕਹਿੰਦੇ -

*ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ॥*

*ਪੰਨਾ - 306*

ਫੇਰ ਨਹੀਂ ਸੁਖ ਉਨ੍ਹਾਂ ਨੂੰ ਮਿਲਿਆ ਕਰਦਾ। ਨਾ ਨਿੰਦਿਆ ਕਰਨ ਵਾਲੇ ਨੂੰ, ਨਾ ਖਹਿਬੜਨ ਵਾਲਿਆਂ ਨੂੰ। ਉਂਝ ਵਾਹਿਗੁਰੂ ਦਇਆਲ ਹੈ। ਜਦੋਂ ਵੀ ਤੁਸੀਂ ਆਓ, ਚਾਹੇ ਕਿਹੋ ਜਿਹਾ ਵੀ ਜੀਵਨ ਗੁਜ਼ਰਿਆ ਹੈ। ਜਦੋਂ ਸੱਚੇ ਦਿਲ ਨਾਲ ਇਸ ਦੇ ਦਰ ਤੇ ਆ ਜਾਓ ਫੇਰ ਇਹ ਬਖਸ਼ ਦਿੰਦਾ ਹੈ। ਇਸ ਕਰਕੇ ਜੋ ਲੰਘ ਗਿਆ, ਲੰਘ ਗਿਆ ਉਸ ਦੀ ਨਾ ਗੱਲ ਕਰੋ। ਗਿਆ ਉਹ ਤਾਂ ਹੁਣ ਸਾਡੇ ਹੱਥ ਵਿਚ ਨਹੀਂ ਆ ਸਕਦਾ। ਅੱਜ ਤੱਕ ਕਦੇ ਵੀ ਭੂਤ ਕਾਲ, ਵਰਤਮਾਨ ਕਾਲ ਨਹੀਂ ਬਣਿਆ। ਇਹ ਜਿਹੜੀ ਵਰਤਮਾਨ ਦੀ ਛਿਨ ਹੈ ਇਸੇ ਨੂੰ ਸੰਭਾਲੋ। ਜਦੋਂ ਤੋਂ ਇਰਾਦਾ ਕਰ ਲਓ। ਮਹਾਰਾਜ ਕਹਿੰਦੇ –

***ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ॥***
***ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦ ਪਾਵੈ॥***

***ਪੰਨਾ - 726***

ਕੱਲ੍ਹ ਮੈਂ ਬੇਨਤੀ ਕਰਕੇ ਬੜੇ ਵਿਸਥਾਰ ਨਾਲ ਦੱਸਿਆ ਸੀ ਕਿ ਗੁਰੂ ਮਹਾਰਾਜ ਜੀ ਨੇ ਸਾਨੂੰ ਇਕ ਬਹੁਤ ਵੱਡੀ ਦੇਣ ਦਿੱਤੀ ਹੈ ਗੁਰੂ ਦਸ਼ਮੇਸ਼ ਪਿਤਾ ਜੀ ਨੇ। ਗੁਰੂ ਨਾਨਕ ਸਾਹਿਬ ਤੋਂ ਹੀ ਤਿਆਰੀ ਸ਼ੁਰੂ ਹੋ ਗਈ ਸੀ। 200 ਸਾਲ ਤਿਆਰੀ ਹੁੰਦੀ ਰਹੀ। ਅਖੀਰ ਦੇਹ ਅਧਿਆਸ ਤੋਂ ਅਸੀਂ ਉਚੇ ਕਰ ਦਿੱਤੇ ਗੁਰਬਾਣੀ ਨੇ, ਗੁਰੂਆਂ ਦੇ ਉਪਦੇਸ਼ ਨੇ। ਆਪਣੇ ਨਿਜ ਲਾਭ ਤੋਂ ਉਚੇ ਕਰ ਦਿੱਤੇ, ਨਿਜ ਹਿਤ ਤੋਂ ਉਚੇ ਕਰ ਦਿਤੇ। ਸਾਂਝਾ ਲਾਭ, ਸਾਂਝਾ ਹਿਤ ਇਥੇ ਸਾਨੂੰ ਪਰਉਪਕਾਰ ਕਰਨ ਦਾ ਬਲ ਬਖਸ਼ ਦਿੱਤਾ ਲੇਕਿਨ ਕਲਜੁਗ ਜਿਹੜਾ ਹੈ, ਸਾਧ ਸੰਗਤ ਜੀ! ਇਸ ਨੇ ਕੋਈ ਕਰਮ ਧਰਮ ਸਿਰੇ ਨਹੀਂ ਲੱਗਣ ਦੇਣਾ।

***ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ॥***
***ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ॥***

***ਪੰਨਾ - 902***

ਜੇ ਕੋਈ ਤਪ ਕਰਦਾ ਹੈ ਉਸਦਾ ਤਪ ਨਹੀਂ ਹੋਣ ਦਿੰਦਾ ਕਿਉਂ ਲੋਕ ਆਲੇ ਦੁਆਲੇ ਇਕੱਠੇ ਹੋ ਜਾਂਦੇ ਨੇ, ਵਾਹਵਾ ਵਾਹਵਾ ਹੋ ਜਾਣੀ ਹੈ। ਉਸ ਦੇ ਅੰਦਰ ਨਾਮ ਤਾਂ ਹੈ ਨਹੀਂ, ਉਹ ਵਾਹਵਾ ਵਾਹਵਾ ਵਿਚ ਫਸ ਜਾਣਾ ਹੈ।

ਜੇ ਜਾਪ ਕਰਦਾ ਹੈ ਉਸ ਦੇ ਵਿਚ ਰਿਧੀ ਸਿਧੀ ਆ ਜਾਣੀ ਹੈ। ਉਸ ਦੇ ਵਿਚ ਫੇਰ ਉਸ ਨੇ ਫਸ ਜਾਣਾ ਹੈ, ਨਹੀਂ ਲੰਘ ਸਕਦਾ। ਕਲਜੁਗ ਵਿਚ ਆ ਜਾਂਦਾ ਹੈ। ਨਾਮ ਦੇ ਇਹ ਨੇੜੇ ਨਹੀਂ ਆਉਂਦਾ, ਨਾਮ ਦੇ ਵਾਸਤੇ ਫੇਰ ਇਹ ਬਦਨਾਮੀਆਂ ਕਰਾਉਂਦਾ ਹੈ, ਝੂਠੀਆਂ ਗੱਲਾਂ ਕਰਾਉਂਦਾ ਹੈ।

ਸੋ ਇਸ ਕਲਜੁਗ ਵਿਚ ਲੰਘਿਆ ਕਿਵੇਂ ਜਾਵੇ? ਕੋਈ ਤਰੀਕਾ ਨਹੀਂ ਪੁਰਾਣੇ ਸਾਰੇ ਤਰੀਕੇ ਨੇ ਉਹ ਬੇਅਸਰ ਹੋ ਚੁੱਕੇ ਨੇ। ਉਹ ਨਹੀਂ ਹੁਣ ਕੰਮ ਕਰਦੇ। ਹੁਣ ਕਰਿਆ ਕੀ ਜਾਵੇ? ਸਮਾਂ ਸਾਡੇ ਕੋਲ ਥੋੜ੍ਹਾ ਹੈ। ਰਫਤਾਰ ਸਾਡੀ 20 ਗੁਣਾ, 20 ਗੁਣਾ ਕੀ ਸੈਂਕੜੇ ਗੁਣਾਂ ਤੇਜ ਹੋ ਗਈ, ਹੁਣ ਤਾਂ ਸਾਡਾ ਦਿਮਾਗ ਹਜ਼ਾਰਾਂ ਗੁਣਾ ਤੇਜ ਚਲਦਾ ਹੈ। ਪਹਿਲਾਂ ਨਹੀਂ ਸੀ, ਪਹਿਲਾਂ ਮੈਨੂੰ ਪਤਾ ਹੈ, ਬਜ਼ੁਰਗਾਂ ਦਾ ਪਤਾ ਹੈ ਉਨ੍ਹਾਂ ਦੇ ਬਜ਼ੁਰਗਾਂ ਦਾ ਵੀ ਪਤਾ ਹੈ।

ਉਹ ਇਥੇ ਆ ਕੇ, .....ਨਲਕੇ ਵਗੈਰਾ ਤਾਂ ਹੁੰਦੇ ਨਹੀਂ ਸੀ, ਖੂਹ ਵੀ ਟਾਵੇਂ-ਟਾਵੇਂ ਹੁੰਦੇ ਸੀ, ਚਰਸਾਂ ਨਾਲ ਪਾਣੀ ਕਢਦੇ ਸੀ। ਇਨ੍ਹਾਂ ਟੋਭਿਆਂ ਨੂੰ ਬਹੁਤ ਪਵਿੱਤਰ ਰਖਦੇ ਸੀ ਹੁਣ ਵਾਂਗ ਨਹੀਂ ਕਿ ਪਿੰਡਾਂ ਦੀਆਂ ਨਾਲੀਆਂ ਟੋਭਿਆਂ ਵਿਚ ਸੁੱਟ ਦਿਓ। ਇਥੇ ਬ੍ਰਾਹਮਣ ਲੋਕ ਮੈਂ ਦੇਖੇ ਨੇ, ਇਸ਼ਨਾਨ ਕਰਕੇ ਉਸ ਦੇ ਕੰਢੇ ਤੇ ਬੈਠ ਕੇ ਭਜਨ ਕਰਦੇ, ਕੁਰਲੀਆਂ ਵੀ ਕਰਦੇ, ਦਾਤਣ ਵੀ ਕਰ ਲੈਂਦੇ ਸੀ। ਉਹ ਇਥੇ ਇਸ਼ਨਾਨ ਕਰਨ ਲੱਗੇ, ਸਮਾਂ ਕਾਫੀ ਹੋ ਗਿਆ। ਜਦੋਂ ਇਸ਼ਨਾਨ ਕਰ ਹਟੇ ਤਾਂ ਦੋਵੇਂ ਗੱਲਾਂ ਕਰਦੇ ਨੇ ਕਿ ਭਾਈ! ਹੁਣ ਤਾਂ ਤਿੰਗੜ (orion's belt) (ਸੱਤਾਂ ਤਾਰਿਆਂ ਦਾ ਸਮੂਹ, ਸਪਤਰਿਸ਼ੀ) ਚੜ੍ਹ ਆਇਆ, ਹਲ ਜੋੜਨ ਦਾ ਮੌਕਾ ਹੋ ਗਿਆ, ਚਲੋ ਘਰ ਨੂੰ ਕੀ ਜਾਣਾ ਹੈ, ਆਪਾਂ ਹਲ ਹੀ ਜੋੜ ਲੈਂਦੇ ਹਾਂ ਬਾਹਰ ਜਾ ਕੇ। ਐਨੀ ਠੰਢੀ ਚਾਲ ਸੀ, ਐਨਾ ਅਮਨ ਤੇ ਅਮਾਨ, ਅੰਦਰ ਸ਼ਾਂਤੀ। ਇਹ ਜਦੋਂ ਦਾ ਕਲਾ ਦਾ ਯੁਗ ਆ ਗਿਆ, ਉਦਯੋਗ ਦਾ ਯੁਗ ਆ ਗਿਆ, ਵਿਦਿਆ ਆ ਗਈ। ਆਦਮੀ ਦੇ ਅੰਦਰ ਇਕ ਭਾਂਬੜ ਮਚ ਪਿਆ ਕਿ ਮੈਂ ਮਾਇਆ ਬਹੁਤੀ ਕਮਾਵਾਂ, ਅੱਗ ਮਚ ਗਈ ਤ੍ਰਿਸ਼ਨਾ ਦੀ। ਰੋਗ ਲੱਗ ਗਿਆ। ਮਹਾਰਾਜ ਕਹਿੰਦੇ –

***ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ॥***

***ਪੰਨਾ - 919***

ਉਮਰ ਛੋਟੀ ਹੈ ਤ੍ਰਿਸ਼ਨਾ ਵਧ ਗਈ। ਖਰਚ ਐਨੇ ਵਧ ਗਏ ਕਿ ਪੂਰੇ ਨਹੀਂ ਹੁੰਦੇ। ਉਨ੍ਹਾਂ ਨੂੰ ਪੂਰਾ ਕਰਨ ਵਾਸਤੇ ਸਾਨੂੰ ਦੌੜਨਾ ਭੱਜਣਾ ਪੈਂਦਾ ਹੈ, ਗਲਤ ਕੰਮ ਕਰਨੇ ਪੈਂਦੇ ਨੇ। ਹੁਣ ਆਦਮੀ ਦਾ ਉਧਾਰ ਕਿਵੇਂ ਹੋਵੇ ਇਹੋ ਜਿਹੇ ਸਮੇਂ ਵਿਚ।

ਕਲਜੁਗ ਕਹਿੰਦਾ, "ਹੇ ਨਾਨਕ! ਤੂੰ ਮੇਰੇ ਯੁਗ ਦੇ ਅੰਦਰ ਕਿਵੇਂ ਤਾਰ ਦਏਂਗਾ? ਕੋਈ ਤਰੀਕਾ ਹੈ ਤੇਰੇ ਕੋਲ?"

ਗੁਰੂ ਨਾਨਕ ਕਹਿਣ ਲੱਗੇ, "ਕਲਜੁਗ! ਮੇਰੇ ਕੋਲ ਪ੍ਰਮੇਸ਼ਰ ਦਾ ਨਾਮ ਹੈ। ਤੂੰ ਆਪਣੀ ਸੌਂਪਣੀ ਦੇ ਵਿਚ ਜਿਥੇ ਤੈਨੂੰ ਕਰਮ ਧਰਮ ਭਰਿਸ਼ਟ ਕਰਨ ਨੂੰ ਕਿਹਾ ਹੈ, ਉਥੇ ਨਾਮ ਦੀ ਗੱਲ ਵੀ ਹੋਈ ਹੈ ਤੇਰੇ ਨਾਲ?"

ਕਹਿੰਦਾ, "ਹਾਂ! ਮੇਰੇ ਯੁਗ ਦੇ ਅੰਦਰ ਜੇ ਕੋਈ ਨਾਮ ਜਪੇ ਤਾਂ ਉਹ ਐਨਾ ਫਲੀਭੂਤ ਹੁੰਦਾ ਹੈ ਕਿ ਇਕ ਘੜੀ ਦਾ ਕੀਤਾ ਹੋਇਆ ਸਤਿਸੰਗ ਸਤਯੁਗ ਦੇ 10,000 ਸਾਲ ਦੀ ਤਪੱਸਿਆ ਦੇ ਬਰਾਬਰ ਹੁੰਦਾ ਹੈ।"

24 ਮਿੰਟ ਤੁਸੀਂ ਟਿਕ ਕੇ ਕਰ ਲਓ ਸਤਿਸੰਗ 10,000 ਸਾਲ ਦੀ ਤਪੱਸਿਆ ਦੇ ਬਰਾਬਰ ਹੋ ਜਾਏਗਾ, ਤ੍ਰੇਤੇ ਯੁਗ ਦੀ 1000 ਸਾਲ ਦੀ ਤਪੱਸਿਆ ਦੇ ਬਰਾਬਰ, ਦੁਆਪਰ ਯੁਗ ਦੀ 100 ਸਾਲ ਦੀ ਤਪਸਿਆ ਦੇ ਬਰਾਬਰ, ਇਥੇ ਤੁਸੀਂ ਇਕ ਘੜੀ ਬੈਠ ਕੇ ਮਨ ਚਿਤ ਇਕਾਗਰ ਕਰਕੇ ਸ਼ਬਦ ਦੇ ਨਾਲ ਜੁੜ ਜਾਓ। ਜੇ ਥੋੜ੍ਹੇ ਜਿਹੇ ਛਿਨ ਵੀ ਮਨ ਸ਼ਾਂਤ ਹੋ ਜਾਵੇ ਤਾਂ ਐਡਾ ਵੱਡਾ ਫਲ ਹੈ ਕਿ ਉਹ ਗਿਣਿਆ ਹੀ ਨਹੀਂ ਜਾ ਸਕਦਾ। ਉਸ ਦੇ ਨਾਲ ਹੀ ਛੁਟਕਾਰਾ ਸਾਡਾ ਹੋ ਜਾਂਦਾ ਹੈ।

ਕਲਯੁਗ ਕਹਿੰਦਾ, "ਦੂਜਾ ਮਹਾਰਾਜ! ਮੇਰੇ ਯੁਗ ਦੇ ਅੰਦਰ ਨਾ ਕਰਮ ਨੇ ਫਲਣਾ ਹੈ, ਨਾ ਕਿਸੇ ਹੋਰ ਕਰਮ ਕਾਂਡਾਂ ਨੇ ਫਲਣਾ ਹੈ, ਨਾ ਦਾਨ ਨੇ ਫਲਣਾ ਹੈ, ਨਾ ਤੀਰਥ ਯਾਤਰਾ ਨੇ।" ਬੜੀਆਂ ਸੋਹਣੀਆਂ ਚੀਜ਼ਾਂ ਨੇ ਤੀਰਥ ਯਾਤਰਾ ਕਰਨੀਆਂ, ਦਾਨ ਕਰਨੇ, ਵਰਤ ਰੱਖਣੇ।

ਉਹ ਕਹਿੰਦਾ, "ਇਹ ਨਿਹਫਲ ਹੋ ਜਾਇਆ ਕਰਨੇ ਨੇ" ਕਿਉਂ ਹੋਣੇ ਨੇ? ਕਲਜੁਗ ਦੇ ਬੰਦੇ ਦਾ ਦਿਮਾਗ ਇਹੋ ਜਿਹਾ ਹੋ ਗਿਆ ਹੈ ਕਿ ਇਹ ਥੋੜ੍ਹਾ ਜਿਹਾ ਉਪਕਾਰ ਕਰਕੇ ਪੱਥਰ ਲਵਾਉਂਦਾ ਹੈ, ਅਖਬਾਰਾਂ ਵਿਚ ਇਸ਼ਤਿਹਾਰ ਕਢਾਉਂਦਾ ਹੈ, ਇਸ ਦਾ ਫਲ ਕੀ ਹੁੰਦਾ ਹੈ –

***ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥***
***ਨਾਨਕ ਨਿਹਫਲੁ ਜਾਤ ਤਿਹ ਜਿਉ ਕੁੰਚਰ ਇਸਨਾਨੁ॥***
***ਪੰਨਾ - 1429***

ਹੁਣ ਫੇਰ ਕਰਿਆ ਕੀ ਜਾਵੇ? ਇਹ ਤਾਂ ਨਿਹਫਲ ਹੋ ਗਏ ਸਾਰੇ। ਕਿਹੜਾ ਬੰਦਾ ਹੈ ਜਿਹੜਾ ਅਭਿਮਾਨ ਨਹੀਂ ਕਰਦਾ? ਪੱਥਰ ਲਵਾਉਂਦੇ ਨੇ, ਅਖਬਾਰਾਂ ਵਿਚ ਕਢਵਾਉਂਦੇ ਨੇ। ਕਹਿੰਦੇ ਮੇਰਾ ਨਾਂ ਲਿਖ ਦਿਓ ਤਾਂ ਕਿ ਲੋਕ ਸਮਝਣ ਕਿ ਇਹ ਬੜਾ ਦਾਨੀ ਹੈ।

ਕਲਯੁਗ ਕਹਿਣ ਲੱਗਿਆ, "ਸੱਚੇ ਪਾਤਸ਼ਾਹ! ਨਾਮ ਜਿਹੜਾ ਤੁਸੀਂ ਲੈ ਕੇ ਆਏ ਹੋ, ਇਹੀ ਮੇਰੇ ਯੁਗ ਦੇ ਅੰਦਰ ਫਲੀਭੂਤ ਹੋਏਗਾ। ਮੈਂ ਰਾਜੇ ਪ੍ਰੀਸ਼ਦ ਨੂੰ ਦੱਸਿਆ ਸੀ ਕਿ ਇਕ ਵਾਰੀ ਵੀ ਜੇ ਕੋਈ ਨਾਮ ਜਪ ਲਵੇ, ਉਸ ਦੀ ਸੁਰਤ ਪ੍ਰਭੂ ਦੇ ਨਾਲ ਜੁੜ ਜਾਵੇਗੀ। ਉਸ ਦੇ ਨਾਲ ਕੀ ਹੁੰਦਾ ਹੈ?

***ਏਕ ਚਿਤ ਜਿਹ ਇਕ ਛਿਨ ਧਿਆਇਓ***
***ਕਾਲ ਫਾਸਿ ਕੇ ਬੀਚ ਨ ਆਇਓ॥***

ਹੁਣ ਉਹ ਪ੍ਰਮੇਸ਼ਰ ਦਾ ਨਾਮ ਸਾਡੇ ਅੰਦਰ ਹੈ ਇਹ ਪ੍ਰਗਟ ਕਿਵੇਂ ਹੋਵੇ? ਸੌਖਾ ਤਰੀਕਾ ਕੀ ਹੈ ਇਸ ਦੇ ਪ੍ਰਗਟ ਕਰਨ ਦਾ? ਪਹਿਲਾਂ ਬੜੀਆਂ ਜੁਗਤਾਂ ਚਲਦੀਆਂ ਸੀ, ਬਹੁਤ ਤਰੀਕਿਆਂ ਦੇ ਨਾਲ ਆਪਣੇ ਧਰਮ ਚਲਾਉਂਦੇ ਸੀ ਲੇਕਿਨ ਗੁਰੂ ਦਸਵੇਂ ਪਾਤਸ਼ਾਹ ਨੇ ਜਿਹੜਾ ਢੰਗ ਲਿਆਂਦਾ, ਉਹ ਇਹ ਹੈ ਕਿ ਜਿਹੜੇ ਪ੍ਰਮੇਸ਼ਰ ਦੇ ਪਿਆਰੇ ਨੇ, ਜੇ ਉਨ੍ਹਾਂ ਦੇ ਮੁਖਾਰਬਿੰਦ ਤੋਂ ਨਾਮ ਉਚਾਰਨ ਹੋ ਜਾਵੇ ਤਾਂ ਉਹ ਹਿਰਦੇ ਵਿਚ ਉਸੇ ਵੇਲੇ ਜੜ੍ਹਾਂ ਫੜ ਜਾਇਆ ਕਰਦਾ ਹੈ ਤੇ ਉਸ ਅੰਦਰਲੇ ਨਾਮ ਤੱਕ ਪਹੁੰਚਣ ਲਈ ਇਕ ਬਾਹਰੀ ਕਿਰਿਆ ਕਰਨੀ ਪੈਂਦੀ ਹੈ। ਤੁਸੀਂ ਸਾਰੇ ਜ਼ਿਆਦਾਤਰ ਕਿਸਾਨ ਬੈਠੇ ਹੋ।

ਧਰਤੀ ਵਿਚ ਪਾਣੀ ਹੈ, ਸਭ ਨੂੰ ਪਤਾ ਹੈ। ਆਦਮੀ ਪਿਆਸਾ ਮਰਦਾ ਹੈ ਉਸ ਨੂੰ ਪਤਾ ਹੈ ਕਿ ਥੋੜ੍ਹਾ ਜਿਹਾ ਦੂਰ ਹੀ ਧਰਤੀ ਵਿਚ ਪਾਣੀ ਹੈ, ਚਾਹੇ 5 ਫੁਟ ਤੇ ਹੋਵੇ, ਚਾਹੇ 10 ਫੁਟ ਤੇ ਹੋਵੇ ਲੇਕਿਨ ਪਾਣੀ ਉਸ ਦੇ ਹੱਥ ਵਿਚ ਨਹੀਂ ਆਉਂਦਾ ਕਿਸੇ ਵੀ ਤਰੀਕੇ ਨਾਲ ਜਦੋਂ ਤੱਕ ਉਹ ਜੁਗਤ ਨਹੀਂ ਵਰਤਦਾ।

ਜਦੋਂ ਇਹ ਬੋਰ ਲਾਉਂਦਾ ਹੈ ਧਰਤੀ ਦੇ ਵਿਚ, ਪਤਾ ਲੱਗ ਜਾਂਦਾ ਹੈ ਕਿ ਐਨਾ ਤਹਿ, ਪੁੜ ਹੈ ਇਸ ਦਾ, ਉਨਾ ਉਸ ਦੇ ਵਿਚ ਇਸ ਨੇ ਫਿਲਟਰ (filter) (ਪੁਣਨ ਵਾਲਾ ਯੰਤਰ) ਨਾਲਾਂ ਫਿੱਟ ਕਰ ਦਿੱਤੀਆਂ ਤੇ ਉਤੇ reflex ball ਲਗਾ ਦਿੱਤਾ ਤੇ ਉਸ ਦੇ ਉਤੇ ਮੋਟਰ ਵਗੈਰਾ ਲਗਾ ਦਿੱਤੀ, ਕੁਝ portion (ਹਿੱਸਾ) reflex ball ਰਾਹੀਂ ਹੇਠਾਂ ਚਲਿਆ ਗਿਆ। ਹੁਣ current (ਬਿਜਲੀ ਦੀ ਧਾਰਾ) ਵੀ ਆ ਰਹੀ ਹੈ, ਮੋਟਰ ਦਾ ਬਟਨ ਵੀ ਦੱਬ ਦਿੱਤਾ, ਨਹੀਂ ਪਾਣੀ ਆਉਂਦਾ ਚਾਹੇ ਸਾਰੀ ਜਿੰਦਗੀ ਜੋਰ ਲਾ ਲੈ।

ਉਸ ਦੀ ਜੁਗਤ ਹੈ, ਉਹ ਜੁਗਤ ਇਹ ਹੈ ਕਿ ਬਾਹਰੋਂ ਪਾਣੀ ਪਾਉਣਾ ਪੈਂਦਾ ਹੈ। ਉਹ ਹੇਠੋਂ ਹਵਾ ਦਾ ਸੂਟਾ (pull, puff) ਮਾਰਦਾ ਹੈ ਜਿੰਨਾ ਪਾਣੀ ਹੈ ਉਨਾ ਉਸ ਨਾਲੀ ਵਿਚ ਚੜ੍ਹ ਜਾਏਗਾ। ਫੇਰ ਪਾਣੀ ਦਾ ਇਹ ਹਿਸਾਬ ਹੈ ਕਿ ਜੇ ਹਵਾ ਨਾ ਪਏ ਤਾਂ ਥੱਲੇ ਕਦੇ ਵੀ ਨਹੀਂ ਜਾਂਦਾ, ਉਥੇ ਹੀ ਟਿਕ ਜਾਂਦਾ ਹੈ। ਅਖੀਰ reflex ball ਤੋਂ ਉਤੇ ਆ ਜਾਂਦਾ ਹੈ, ਜਦੋਂ ਉਸ ਨੂੰ ਛੂੰਹਦਾ ਹੈ ਤਾਂ ਫੇਰ ਜਦੋਂ ਹੁਣ ਸੂਟਾ ਮਾਰਦਾ ਹੈ ਤਾਂ ਫੇਰ ਹਵਾ ਨਹੀਂ ਆਉਂਦੀ ਅੰਦਰੋਂ ਪਾਣੀ ਆਉਂਦਾ ਹੈ। ਫੇਰ ਉਹ ਪਾਣੀ ਮੁਕਦਾ ਹੀ ਨਹੀਂ, ਬਟਨ ਦਬੋ ਪਾਣੀ ਆ ਗਿਆ, ਬਾਹਰੋਂ ਪਾਇਆ ਹੋਇਆ, ਪਾਣੀ ਅੰਦਰਲੇ ਪਾਣੀ ਨਾਲ ਜਾ ਰਲਿਆ।

ਹੁਣ ਇਹ ਤਰੀਕਾ ਗੁਰੂ ਦਸਮੇਸ਼ ਪਿਤਾ ਨੇ ਸਾਡੀ ਕਲਿਆਣ ਵਾਸਤੇ ਅਪਣਾਇਆ। ਉਹ ਇਹ ਹੈ ਕਿ ਆਦਮੀ ਦੇ ਅੰਦਰ ਬੜੇ ਵਿਕਾਰ ਪਏ ਨੇ। ਉਸ ਨੂੰ ਇਕ ਨੁਕਤੇ ਤੇ ਸੈਟ ਕਰਨਾ ਪੈਂਦਾ ਹੈ। ਉਹ ਸ਼ਰਧਾ ਭਾਵਨਾ ਨਾਲ ਗੁਰੂ ਦੇ ਦਰਬਾਰ ਵਿਚ ਆਉਂਦਾ ਹੈ ਕਿ ਮਹਾਰਾਜ! ਮੈਨੂੰ ਨਾਮ ਮੰਡਲ ਵਿਚ ਪਹੁੰਚਾ ਦਿਓ। ਕਲਜੁਗ ਦਾ, ਉਦਯੋਗਾਂ ਦਾ ਤੇ ਅੱਜ ਕੱਲ੍ਹ ਦੇ ਹਾਲਾਤ ਦਾ ਐਨਾ ਅਸਰ ਪੈਂਦਾ ਹੈ ਕਿ ਆਦਮੀ ਦੀ ਬਿਰਤੀ ਇਕਾਗਰ ਨਹੀਂ ਰਹਿੰਦੀ, ਘੜੀ ਦੀ ਘੜੀ ਯਾਦ ਰਹਿੰਦਾ ਹੈ ਫੇਰ ਭੁੱਲ ਜਾਂਦਾ ਹੈ। ਉਸਦਾ ਕੋਈ ਤਰੀਕਾ ਚਾਹੀਦਾ ਹੈ ਪੱਕਾ।

ਗੁਰੂ ਮਹਾਰਾਜ ਕਹਿੰਦੇ ਹਨ ਕਿ ਆਦਮੀ ਦੇ ਅੰਦਰ ਜੋ ਨਾਮ ਹੈ –

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ॥*
*ਸੁੰਨ ਸਮਾਧਿ ਅਨਹਤ ਤਹ ਨਾਦ॥*
*ਕਹਨੁ ਨ ਜਾਈ ਅਚਰਜ ਬਿਸਮਾਦ॥*
*ਤਿਨਿ ਦੇਖਿਆ ਜਿਸੁ ਆਪਿ ਦਿਖਾਏ॥*
*ਨਾਨਕ ਤਿਸੁ ਜਨ ਸੋਝੀ ਪਾਏ॥ ਪੰਨਾ - 293*

ਇਸ ਦੇ ਵਿਚ ਸ਼ਰਤ ਆ ਗਈ ਕਿ ਜਿਸ ਨੂੰ ਗੁਰੂ ਦਿਖਾ ਦੇਵੇ ਉਹ ਪਹੁੰਚ ਜਾਂਦਾ ਹੈ ਉਥੇ। ਗੱਲ ਬੜੀ ਸੌਖੀ ਹੈ। ਇਸ ਦੇ ਵਿਚ ਵਾਹਿਗੁਰੂ ਦੀ ਮਿਹਰ ਦੀ ਲੋੜ ਹੈ। ਨਾਮ ਸਾਡੇ ਅੰਦਰ ਪਿਆ ਹੈ ਅਸੀਂ ਨਾਮ-ਨਾਮ ਕਰਦੇ ਹਾਂ, ਅੰਦਰ ਪਿਆ ਹੈ, ਕੋਲ ਹੀ ਪਿਆ ਹੈ, ਅੰਦਰ ਭਰਿਆ ਪਿਆ ਹੈ–

*ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ .............॥*
*ਪੰਨਾ - 644*

ਲੇਕਿਨ ਜਿਹੜੇ ਮਨ ਦੇ ਪਿਛੇ ਚਲਣ ਵਾਲੇ ਨੇ ਗੁਰੂ ਕੋਲ ਆਪਾ ਸਮਰਪਣ ਨਹੀਂ ਕਰਦੇ ਉਨ੍ਹਾਂ ਨੂੰ ਨਹੀਂ ਇਸ ਦਾ ਪਤਾ ਲਗਦਾ –

*.............. ਮਨਮੁਖਾ ਸਾਦੁ ਨ ਪਾਇਆ॥*
*ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ॥*
*ਪੰਨਾ - 644*

ਮਿਰਗ (ਹਿਰਨ) ਦੀ ਨਾਭੀ ਵਿਚ ਕਸਤੂਰੀ ਹੁੰਦੀ ਹੈ, ਉਸ ਨੂੰ ਮੁਸ਼ਕ ਆਉਂਦਾ ਹੈ। ਉਹ ਧਰਤੀ ਤੇ ਲਿਟਦਾ ਹੈ ਜਾਂ ਝਾੜੀਆਂ ਸੁੰਘਦਾ ਹੈ, ਸ਼ਿਕਾਰੀ ਨੂੰ ਪਤਾ ਲਗ ਜਾਂਦਾ ਹੈ। ਪੁਰਾਣੇ ਸ਼ਿਕਾਰੀ ਘੰਡੇਹੇੜੇ ਦਾ ਸ਼ਬਦ ਵਜਾਉਂਦੇ ਹੁੰਦੇ ਸੀ, ਹਿਰਨ ਸ਼ਬਦ ਦੇ ਉਤੇ ਮਸਤ ਹੋ ਜਾਂਦਾ ਹੈ, ਜਿਹੜਾ ਹਿਰਨ ਹੈ, ਚਾਹੇ ਜਾਨ ਜਾਂਦੀ ਰਹੇ ਪਰ ਇਹ ਪ੍ਰਵਾਹ ਹੀ ਨਹੀਂ ਕਰਦਾ ਐਨਾ ਮਸਤ ਹੋ ਜਾਂਦਾ ਹੈ। ਉਹ ਸ਼ਿਕਾਰੀ ਦੇ ਕੋਲ ਆਪ ਹੀ ਚਲਿਆ ਜਾਂਦਾ ਹੈ, ਉਹ ਫੜ ਲੈਂਦਾ ਹੈ। ਹੈ ਚੀਜ਼ ਅੰਦਰ ਲੇਕਿਨ ਭੁਲੇਖਾ ਪਿਆ ਹੋਇਆ ਹੈ। ਮਹਾਰਾਜ ਕਹਿੰਦੇ ਇਵੇਂ ਹੀ ਅੰਮ੍ਰਿਤ ਅੰਦਰ ਹੈ ਇਸ ਦੇ।

*................ ਭ੍ਰਮਦਾ ਭਰਮਿ ਭੁਲਾਇਆ॥*
*ਪੰਨਾ - 644*

ਭਰਮਦਾ ਫਿਰਦਾ ਹੈ ਇਹ –

*ਅੰਮ੍ਰਿਤ ਤਜਿ ਬਿਖੁ ਸੰਗ੍ਰਹੈ................॥*
*ਪੰਨਾ - 644*

ਅੰਮ੍ਰਿਤ ਇਸ ਦੇ ਅੰਦਰ ਹੈ ਲੇਕਿਨ ਜ਼ਹਿਰ ਇਕੱਠੀ ਕਰਨੀ ਸ਼ੁਰੂ ਕਰ ਦਿੰਦਾ ਹੈ, ਜਿਹੜੀ ਇਥੇ ਵੀ ਦੁਖ ਦਿੰਦੀ ਹੈ ਤੇ ਦਰਗਾਹ ਵਿਚ ਜਾ ਕੇ ਵੀ ਦੁਖ ਦਿੰਦੀ ਹੈ।

*................. ਕਰਤੈ ਆਪਿ ਖੁਆਇਆ॥*
*ਪੰਨਾ - 644*

ਉਸਦੇ ਹੁਕਮ ਵਿਚ, ਉਸ ਦਾ ਹੁਕਮ ਹੈ ਹੀ ਐਸਾ ਕਿ ਜਿਹੜਾ ਵਿਹੁ (ਜ਼ਹਿਰ) ਦਾ ਵਪਾਰ ਕਰੇਗਾ ਉਸਨੂੰ ਜ਼ਹਿਰ ਹੀ ਮਿਲੇਗੀ, ਜਿਹੜੇ ਅੰਮ੍ਰਿਤ ਦੇ ਵਪਾਰੀ ਹੋਣਗੇ ਉਨ੍ਹਾਂ ਨੂੰ ਅੰਮ੍ਰਿਤ ਮਿਲੇਗਾ। ਮਹਾਰਾਜ ਕਹਿੰਦੇ ਪਰ ਇਹ ਅੰਮ੍ਰਿਤ ਦਾ ਤਾਂ ਸੁਆਦ ਨਹੀਂ ਲੈਂਦਾ, ਨਾ ਇਸ ਨੂੰ ਪਤਾ ਹੈ ਪਰ ਵਿਹੁ ਵਿਚ ਜਾ ਕੇ ਬਾਰ ਬਾਰ ਫਸਦਾ ਹੈ। ਕਹਿੰਦੇ ਅਸੀਂ ਅੱਖਾਂ ਨਾਲ ਦੇਖ ਕੇ ਦਸਦੇ ਹਾਂ –

*ਅੰਮ੍ਰਿਤੁ ਕਉਰਾ ਬਿਖਿਆ ਮੀਠੀ॥*
*ਸਾਕਤ ਕੀ ਬਿਧਿ ਨੈਨਹੁ ਡੀਠੀ॥ ਪੰਨਾ - 892*

ਸੋ ਗੁਰੂ ਦਸਮੇਸ਼ ਪਿਤਾ ਜੀ ਨੇ ਸਿੱਖੀ ਦੀ ਪਰਖ ਕੀਤੀ ਕਿ ਇਸ ਦੇ ਵਿਚ ਕਰਨੀ ਕਮਾਈ ਵਾਲੇ ਕਿੰਨੇ ਕੁ ਨੇ। ਪੰਜ ਸੀ ਮੰਗੇ, ਜਿਹੜੇ ਇਹ ਗੱਲਾਂ ਕਰਦੇ ਨੇ ਨਾਂਹ, ਉਹ ਕਮਜ਼ੋਰ ਬੰਦੇ ਨੇ ਜਿਹੜੇ ਕਹਿੰਦੇ ਹਨ ਕਿ ਗੁਰੂ ਸਾਹਿਬ ਨੇ ਪਹਿਲੀ ਆਵਾਜ਼ ਦਿੱਤੀ, ਦੂਜੀ ਦਿੱਤੀ, ਤੀਜੀ ਦਿੱਤੀ ਉਹ ਤਾਂ ਸਾਰੇ ਦੇਹ ਅਧਿਆਸ ਟੁੱਟੀ ਵਾਲੇ ਬੈਠੇ ਸੀ। ਭਾਈ ਦਇਆ ਸਿੰਘ ਜੀ ਨੂੰ ਗੁਰੂ ਮਹਾਰਾਜ ਨੇ ਕਿਹਾ ਕਿ ਇਹ ਤਾਂ ਮੇਰਾ ਰੂਪ ਹੈ। ਇਨ੍ਹਾਂ ਨੂੰ ਮੈਥੋਂ ਵਖਰਾ ਨਾ ਜਾਣਿਓ –

*ਦਾਸ ਅਨਿੰਨ ਮੇਰੋ ਨਿਜ ਰੂਪ॥*

ਜਿਹੜੇ ਮੈਨੂੰ ਪਿਆਰ ਕਰਕੇ ਜੁੜਦੇ ਨੇ ਮੇਰੇ ਨਾਲ ਉਹ ਮੇਰਾ ਹੀ ਰੂਪ ਹਨ। ਹੁਣ ਜੇ ਗੁਰੂ ਦਾ ਰੂਪ ਹੋ ਕੇ ਦੇਹ ਅਧਿਆਸ ਨਹੀਂ ਟੁੱਟਿਆ ਤਾਂ ਫੇਰ ਉਹ ਤਾਂ ਕਮਜ਼ੋਰ ਸਿਖ ਹੋਏ। 200 ਸਾਲ ਦੀ ਸਿੱਖੀ ਚਲਦੀ ਆ ਰਹੀ ਸੀ ਤੇ ਸਿੱਖੀ ਵਿਚ ਐਨੀ ਵੀ ਤਾਕਤ ਨਾ ਆਈ ਕਿ ਦੇਹ ਅਧਿਆਸ ਟੁੱਟ ਜਾਏ। ਮੌਤ ਤੋਂ ਓਹੀ ਡਰਦਾ ਹੈ ਜਿਸ ਨੇ ਅਗੇ ਤਿਆਰੀ ਨਹੀਂ ਕੀਤੀ, ਗੁਰਸਿਖ ਤਾਂ ਕਹਿੰਦਾ ਹੈ ਕਿ ਮੌਤ ਕੋਈ ਚੀਜ਼ ਹੀ ਨਹੀਂ ਕਿਉਂਕਿ ਉਸ ਨੇ ਦੂਜਾ ਪਾਸਾ ਦੇਖ ਲਿਆ। ਉਹ ਕਹਿੰਦਾ ਮੌਤ ਤਾਂ ਇਕ ਤਬਦੀਲੀ ਹੈ, ਅਮਰ ਜੀਵਨ ਹਾਸਲ ਕਰਨ ਵਾਸਤੇ, ਇਸ ਕਰਕੇ ਡਰ ਨਹੀਂ –

*ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥*
*ਪੰਨਾ - 1366*

*ਕਬੀਰ ਮੁਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੈ ਦੁਆਰ॥*
*ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ ਬਾਰ॥*
*ਪੰਨਾ - 1368*

*ਕਬੀਰਾ ਮਰਤਾ ਮਰਤਾ ਜਗੁ ਮੁਆ ਮਰਿ ਭਿ ਨ ਜਾਨੈ ਕੋਇ॥*
*ਐਸੀ ਮਰਨੀ ਜੋ ਮਰੈ ਬਹੁਰਿ ਨ ਮਰਨਾ ਹੋਇ॥*
*ਪੰਨਾ - 555*

ਗੁਰਸਿਖਾਂ ਨੂੰ ਤਾਂ ਪੂਰੀ ਤਰ੍ਹਾਂ ਗਿਆਨ ਸੀ।

ਜਿਵੇਂ ਭਾਈ ਜੀਵਨ ਆਪਣੇ ਪ੍ਰਾਣ ਛੱਡ ਦਿੰਦਾ ਹੈ

ਤੇ ਆ ਕੇ ਬ੍ਰਾਹਮਣ ਦੇ ਬੱਚੇ ਵਿਚ ਪ੍ਰਾਣ ਪਾ ਦਿੰਦਾ ਹੈ। ਜੀਉਂਦਾ ਕਰ ਦਿੰਦਾ ਹੈ। ਕੋਈ ਗੱਲ ਸੀ ਇਸ ਗੱਲ ਦੇ ਅੰਦਰ। ਉਹ ਮੌਤ ਤੋਂ ਉਤੇ ਹੋ ਚੁੱਕੇ ਸੀ ਤਾਂ ਹੀ ਐਸੀ ਗੱਲ ਕਰੀ।

ਗੁਰਸਿਖ ਹੋਵੇ ਤੇ ਗੁਰੂ ਦਸਵੇਂ ਪਾਤਸ਼ਾਹ ਵਰਗਾ ਗੁਰੂ ਹੋਵੇ। ਗੁਰੂ ਕਹਿ ਦੇਵੇ ਮੈਨੂੰ ਇਕ ਸਿਰ ਦੀ ਲੋੜ ਹੈ ਸਾਰਾ ਹੀ ਦੀਵਾਨ ਉਠ ਕੇ ਖੜ੍ਹਾ ਹੋ ਜਾਂਦਾ ਹੈ।

ਸੋ ਭਾਈ ਦਇਆ ਸਿੰਘ ਜੀ ਸਭ ਤੋਂ ਪਹਿਲਾਂ ਸੁਣਦੀਸਾਰ ਚਲੇ ਜਾਂਦੇ ਨੇ, ਦੋ ਨੰਬਰ ਫੇਰ ਚਲੇ ਗਏ, ਫੇਰ ਤਿੰਨ ਵਾਲੇ ਚਲੇ ਗਏ। ਜਦੋਂ 5 ਚਲੇ ਗਏ, ਮਹਾਰਾਜ ਨੇ ਆਵਾਜ਼ ਨਾ ਦਿੱਤੀ, ਕਿੰਨੇ ਹੀ ਖੜ੍ਹੇ ਹੋ ਗਏ। ਕਹਿੰਦੇ, ਮਹਾਰਾਜ ਅਸੀਂ ਤਾਂ ਇੰਤਜ਼ਾਰ ਕਰ ਰਹੇ ਸੀ ਕਿ ਹੋਰ ਆਵਾਜ਼ ਦੇਵੋਗੇ।

ਕਹਿੰਦੇ, "ਕੋਈ ਨਾ ਬੜੇ ਸੀਸ ਲਗਣੇ ਨੇ ਪਰ ਅਸੀਂ ਐਨਾ ਕੁ ਕੰਮ ਹੀ ਕਰਨਾ ਸੀ। ਸਿੱਖੀ ਪਰਖੀ ਹੈ। ਜਿਸ ਤਰ੍ਹਾਂ ਗੁਰੂ ਅੰਗਦ ਪਾਤਸ਼ਾਹ ਜੀ ਨੇ ਸਿੱਖੀ ਦਾ ਬੀਜ ਰੱਖਿਆ ਸੀ, ਉਵੇਂ ਹੀ ਇਨ੍ਹਾਂ ਪੰਜਾਂ ਨੇ ਸਿੱਖੀ ਦਾ ਬੀਜ ਹੀ ਨਹੀਂ ਰੱਖਿਆ, ਇਹ ਮੇਰਾ ਰੂਪ ਹੋ ਗਏ ਨੇ।"

ਸੋ ਉਸ ਵੇਲੇ ਸੱਚ ਮੁਚ ਸ਼ਹੀਦ ਕਰ ਦਿੱਤੇ ਗਏ ਸੀ। ਇਹ ਕਹਿਣਾ ਬਹੁਤ ਵੱਡੀ ਕਮਜ਼ੋਰੀ ਹੈ ਕਿ ਅੰਦਰ ਬੱਕਰੇ ਬੰਨ੍ਹੇ ਹੋਏ ਸੀ। ਜੇ ਇਹ ਗੱਲਾਂ ਚਾਹੁੰਦਾ ਹੈ ਤਾਂ ਗੁਰੂ ਮਹਾਰਾਜ ਦੇ ਵਿਚ ਤਾਂ ਪੂਰਨ ਸ਼ਕਤੀ ਹੈ ਉਹ ਸਾਰਾ ਹੀ ਵਾਤਾਵਰਣ ਬਦਲ ਸਕਦੇ ਹਨ।

ਗੁਰੂ ਪੰਜਵੇਂ ਪਾਤਸ਼ਾਹ ਨੇ ਬਦਲਿਆ ਨਹੀਂ ਜਦੋਂ ਸੁਕੇਤ ਮੰਡੀ ਦਾ ਰਾਜਾ ਆਇਆ। ਕਿੰਨੇ ਸਾਲ ਅੱਗੇ ਦਾ ਵਾਤਾਵਰਣ ਪੈਦਾ ਕਰਕੇ ਉਸ ਨੂੰ ਦਿਖਾ ਦਿੱਤਾ।

ਕ੍ਰਿਸ਼ਨ ਮਹਾਰਾਜ ਜੀ ਨੂੰ ਜਦੋਂ ਅਰਜੁਨ ਨੇ ਕਿਹਾ ਕਿ ਮੈਨੂੰ ਮਾਇਆ ਦਿਖਾਓ ਤਾਂ 300 ਸਾਲ ਅਗਲਾ ਸਮਾਂ ਲਿਆ ਕੇ ਵਰਤਮਾਨ ਕਾਲ ਬਣਾ ਦਿੱਤਾ ਜਿਸ ਕਰਕੇ ਉਹ ਮਾਇਆ ਵਿਚ ਫਸਿਆ। ਗੁਰੂ ਕੋਲ ਕਿਸੇ ਚੀਜ਼ ਦਾ ਘਾਟਾ ਨਹੀਂ ਹੁੰਦਾ। ਉਹ ਜੇ ਇਕ ਨਿਗ੍ਹਾ ਕਰ ਦੇਣ ਤਾਂ ਤੰਬੂ ਵੀ ਲੱਗ ਜਾਣਗੇ, ਸਭ ਕੁਝ ਆ ਜਾਏਗਾ ਲੇਕਿਨ ਗੁਰੂ ਸਾਹਿਬ ਬਾਰੇ ਐਸਾ ਕਹਿਣਾ ਆਪਣੀ ਸ਼ਰਧਾ ਕਮਜ਼ੋਰ ਹੋਣ ਦਾ ਸਬੂਤ ਹੈ। ਜਦੋਂ ਗੁਰੂ ਦੇ ਸਿੱਖ ਐਸਾ ਕਰ ਦਿੰਦੇ ਨੇ ਕਿ ਉਹ ਮਰਜ਼ੀ ਨਾਲ ਜਾਂਦੇ ਨੇ ਤੇ ਮਰਜ਼ੀ ਨਾਲ ਆਉਂਦੇ ਨੇ। ਗੁਰੂ ਮਹਾਰਾਜ ਤੋਂ ਬਾਅਦ ਵੀ। ਉਸ ਵੇਲੇ ਤਾਂ ਇਹ ਕਮਜ਼ੋਰੀਆਂ ਹੈ ਹੀ ਨਹੀਂ ਸਨ ਜਿਹੜੀਆਂ ਸਾਨੂੰ ਸੁਣਾਈਆਂ ਜਾਂਦੀਆਂ ਨੇ, ਇਤਿਹਾਸ ਵਾਲਿਆਂ ਨੇ, ਸਾਡੇ ਜਿਹੜੇ ਪ੍ਰਚਾਰਕ ਅਨੁਭਵ ਤੋਂ ਹੀਣੇ ਨੇ ਇਹ ਗੱਲਾਂ ਕਰਦੇ ਨੇ, ਸਾਡਾ ਵੀ ਨਿਸ਼ਚਾ ਹਿਲਾ ਦਿੰਦੇ ਨੇ। ਐਸੀਆਂ ਬਾਤਾਂ ਨਹੀਂ ਸੀ। ਗੁਰੂ ਚਾਹੇ ਇਕ ਫੁਰਨੇ ਨਾਲ ਸਾਰੇ ਸੰਸਾਰ ਨੂੰ ਖਤਮ ਕਰ ਦੇਵੇ, ਚਾਹੇ ਸਾਰੇ ਸੰਸਾਰ ਨੂੰ ਮੁੜ ਕੇ ਬਣਾ ਦੇਵੇ। ਸ਼ਕਤੀ ਹੁੰਦੀ ਹੈ ਗੁਰੂ ਵਿਚ, ਗੁਰੂ ਤੇ ਪ੍ਰਮੇਸ਼ਰ ਵਿਚ ਕੋਈ ਭੇਤ ਨਹੀਂ ਹੁੰਦਾ –

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ॥*
*ਗੁਰ ਗੋਵਿੰਦੁ ਗੋੁਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥*

*ਪੰਨਾ - 442*

ਕਾਲ ਨਾਮ ਦੀ ਕੋਈ ਚੀਜ਼ ਗੁਰਸਿਖ ਦੇ ਸਾਹਮਣੇ ਕੋਈ ਮਹਿਨਾ ਨਹੀਂ ਰਖਦੀ। ਬਾਬਾ ਸਾਹਿਬ ਸਿੰਘ ਜੀ, ਸੰਤ ਮਹਾਰਾਜ ਜੀ ਤੋਂ ਉਪਰ ਬਾਬਾ ਅਤਰ ਸਿੰਘ ਜੀ ਹੋਏ ਨੇ, ਉਨ੍ਹਾਂ ਤੋਂ ਪਹਿਲਾਂ ਬਾਬਾ ਕਰਮ ਸਿੰਘ ਜੀ ਹੋਏ ਨੇ। ਆਪ ਨੇ ਸੰਗਤ ਬੁਲਾ ਲਈ ਤੇ ਨਾਲ ਲਿਖ ਦਿੱਤਾ ਕਿ ਭਾਈ! ਅਸੀਂ ਹੁਣ ਸਰੀਰਕ ਰੂਪ ਵਿਚ ਸੰਸਾਰ ਤੋਂ ਜਾ ਰਹੇ ਹਾਂ। ਬਹੁਤ ਸਾਰੇ ਪ੍ਰੇਮੀਆਂ ਦੇ ਮਨਾਂ ਵਿਚ ਵਾਸ਼ਨਾਵਾਂ ਹੁੰਦੀਆਂ ਨੇ, ਕਿਸੇ ਨੇ ਗਿਆਨ ਦੀ ਬਾਤ ਕਰਨੀ ਹੈ, ਨਾਮ ਦੀ ਬਾਤ ਕਰਨੀ ਉਹ ਹੁਣ ਕਰ ਲਓ, ਸੱਤ ਦਿਨ ਰਹਿੰਦੇ ਨੇ ਸਾਡੇ ਕੋਲ। ਕਿਸੇ ਨੂੰ ਲੋੜ ਹੈ, ਪੁੱਤਰ ਦੀ, ਜਾਇਦਾਦ ਦੀ, ਜ਼ਮੀਨ ਦੀ ਜਾਂ ਕੋਈ ਬਿਮਾਰੀ ਹੈ, ਆ ਜਾਓ! ਜੋ ਕੁਝ ਮੰਗੋਗੇ, ਮਿਲੇਗਾ।

ਬੇਅੰਤ ਸੰਗਤ ਇਕੱਠੀ ਹੋ ਗਈ ਹੋਤੀ ਮਰਦਾਨ ਵਿਚ। ਉਸੇ ਵੇਲੇ ਬਾਬਾ ਜੀ ਨੇ ਕਿਹਾ ਕਿ ਅਸੀਂ ਹੁਣ ਤੋਂ ਸੱਤਵੇਂ ਨੂੰ ਚਲੇ ਜਾਣਾ ਹੈ। ਸਾਰੀ ਸੰਗਤ ਦੇ ਮਨ ਵਿਚ ਉਦਾਸੀ ਆ ਗਈ। ਉਸ ਵੇਲੇ ਸੱਤਵੇਂ ਦਿਨ ਬਾਬਾ ਜੀ ਨੇ ਖਾਸ ਸਟੇਜ ਲਗਵਾਈ, ਇਕ ਖਾਲੀ ਸਟੇਜ ਉਤੇ ਬਕਸਾ ਰਖਾ ਦਿੱਤਾ। ਕਹਿਣ ਲੱਗੇ, "ਭਾਈ! ਸਾਢੇ ਚਾਰ ਵਜੇ ਅੱਜ ਅਸੀਂ ਚਲੇ ਜਾਣਾ ਹੈ।" ਸੰਗਤਾਂ ਬੈਠੀਆਂ ਨੇ ਸਾਰੀਆਂ। ਉਸ ਵੇਲੇ ਆਪ ਨੇ ਕਿਹਾ ਕਿ ਭਾਈ! ਆਹ ਸ਼ਬਦ ਪੜ੍ਹੋ। ਸੰਤ ਮਹਾਰਾਜ ਬਾਬਾ ਅਤਰ ਸਿੰਘ ਜੀ ਜਦੋਂ ਜਾਣ ਦੀ ਤਿਆਰੀ ਕਰ ਰਹੇ ਸੀ ਤਾਂ ਮਹਾਰਾਜ ਜੀ ਦਸਦੇ ਨੇ ਕਿ ਮੈਨੂੰ ਕਿਹਾ ਤੁਸੀਂ ਆਹ ਆਹ ਸ਼ਬਦ ਪੜ੍ਹੋ। ਮੈਂ ਇਕ ਪੜ੍ਹ ਦਿਆਂ। ਕਹਿੰਦੇ, ਹੁਣ ਆਹ ਪੜ੍ਹੋ, ਹੁਣ ਆਹ ਪੜ੍ਹੋ। ਸਾਰੇ ਹੀ ਵੈਰਾਗ ਦੇ ਸ਼ਬਦ ਸੀ। ਬਾਬਾ ਜੀ ਨੇ ਕਿਹਾ ਭਾਈ ਆਹ ਸ਼ਬਦ ਪੜ੍ਹੋ –

*ਧਾਰਨਾ - ਭਇਆ ਪੁਰਾਣਾ ਚੋਲਾ,*
*ਦਿਨ ਥੋੜੇ ਰਹਿ ਗਏ -2, 4.*

*ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ॥*
*ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ॥*
*ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨੁ ਨਉ ਹੁਲਾ॥*
*ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ॥*

*ਪੰਨਾ - 23*

ਸੰਗਤਾਂ ਸ਼ਬਦ ਪੜ੍ਹੀ ਜਾਂਦੀਆਂ ਨੇ ਲੇਕਿਨ ਬੋਲ ਕਿਸੇ ਦਾ ਵੀ ਥਿਰ ਨਹੀਂ ਹੈ, ਹੱਥਾਂ ਵਿਚ ਰੁਮਾਲ ਚੁੱਕੇ ਹੋਏ ਨੇ, ਨੇਤਰਾਂ ਵਿਚੋਂ ਹੰਝੂ ਆ ਰਹੇ ਨੇ ਕਿ ਬਾਬਾ ਜੀ ਨੇ ਤਾਂ ਸਚਮੁਚ ਹੀ ਜਾਣ ਦੀਆਂ ਤਿਆਰੀਆਂ ਕਰ ਲਈਆਂ। ਉਸੇ ਵੇਲੇ ਕੀਰਤਨ ਕਰਨ ਵਾਲਿਆਂ ਨੂੰ ਆਪ ਨੇ ਹੁਕਮ ਦਿੱਤਾ ਕਿ ਪਿਆਰਿਓ! ਆਹ ਪੜ੍ਹਾਓ ਸੰਗਤ ਤੋਂ –

*ਧਾਰਨਾ - ਧੰਨ ਜੋਬਨ ਫੁੱਲਾਂ ਦੀਆਂ ਵਾੜੀਆਂ*
*ਖਿੜੀਆਂ ਨਾ ਸਦਾ ਰਹਿੰਦੀਆਂ -2, 2.*
*ਮੇਰੇ ਪਿਆਰੇ, ਖਿੜੀਆਂ ਨਾ ਸਦਾ ਰਹਿੰਦੀਆਂ -2, 2.*
*ਧੰਨ ਜੋਬਨ ਫੁੱਲਾਂ ਦੀਆਂ ਵਾੜੀਆਂ*
*ਖਿੜੀਆਂ ਨਾ ਸਦਾ ਰਹਿੰਦੀਆਂ -2.*

ਕੀਰਤਨ ਸੁਣਦੇ ਮੁੱਖੀ ਮੁੱਖੀ ਜਿਹੜੇ ਸਿੱਖ ਸੀ ਉਹ ਦੀਵਾਨ ਵਿਚੋਂ ਉਠ ਕੇ ਚਲੇ ਗਏ। ਬਾਬਾ ਲਾਲ ਸਿੰਘ ਜੀ ਜਿਹੜੇ ਸ੍ਰੀ ਮਾਨ ਸੀ ਲੰਗਰ ਦੇ ਤੇ ਉਨ੍ਹਾਂ ਦਾ ਹਰ ਬਚਨ ਬਾਬਾ ਕਰਮ ਸਿੰਘ ਜੀ ਮੰਨ ਲੈਂਦੇ ਸੀ। ਉਥੇ ਜਾ ਕੇ ਸਿੰਘ ਕਹਿਣ ਲੱਗੇ, "ਬਾਬਾ ਜੀ! ਉਨ੍ਹਾਂ ਨੇ ਤਾਂ ਸੱਚੀ ਮੁੱਚੀ ਤਿਆਰੀ ਕਰ ਲਈ। ਸੰਗਤ ਕੀ ਕਰੇਗੀ ਉਨ੍ਹਾਂ ਤੋਂ ਪਿਛੋਂ?"

ਉਸ ਵੇਲੇ ਬਾਬਾ ਜੀ ਮੁਖੀ ਹੋ ਕੇ ਸਾਰੀ ਸੰਗਤ ਦੇ, ਬੇਨਤੀ ਕਰਨ ਵਾਸਤੇ, ਗੱਲ ਵਿਚ ਪੱਲਾ ਪਾਇਆ ਸਾਹਮਣੇ ਆ ਗਏ ਨਮਸ਼ਕਾਰ ਕਰੀ। ਕਹਿਣ ਲੱਗੇ, "ਕੀ ਗੱਲ ਹੈ? ਲਾਲ ਸਿੰਘ!"

ਕਹਿਣ ਲੱਗੇ, "ਪਾਤਸ਼ਾਹ! ਆਹ ਸੰਗਤ ਦਾ ਬਿਰਹਾ ਦੇਖਿਆ ਨਹੀਂ ਜਾਂਦਾ, ਮੈਥੋਂ ਵੀ ਝੱਲਿਆ ਨਹੀਂ ਜਾਂਦਾ, ਵਿਛੋੜਾ ਝਲਣਾ ਬਹੁਤ ਔਖਾ ਹੈ।"

ਉਸ ਵੇਲੇ ਬਾਬਾ ਜੀ ਖਾਮੋਸ਼ ਹੋ ਗਏ। ਕਾਫੀ ਦੇਰ ਤੋਂ ਬਾਅਦ ਕਹਿਣ ਲੱਗੇ, "ਲਾਲ ਸਿੰਘ ਜੀ! 2 ਸਾਲ 2 ਮਹੀਨੇ, 2 ਦਿਨ ਤੁਹਾਡੇ ਬਚਦੇ ਨੇ ਅਜੇ ਆਯੂ ਦੇ, ਚਲੋ! ਆਏਂ ਕਰ ਲੈਂਦੇ ਹਾਂ ਤੁਸੀਂ ਸਾਡੀ ਥਾਂ ਤੇ ਅੱਜ ਸਾਢੇ ਚਾਰ ਵਜੇ ਚਲੇ ਜਾਓ ਤੇ ਅਸੀਂ ਤੁਹਾਡੇ ਥਾਂ 2 ਸਾਲ, 2 ਮਹੀਨੇ, 2 ਦਿਨ ਨੂੰ ਆ ਜਾਵਾਂਗੇ।"

ਉਸ ਵੇਲੇ ਕਹਿੰਦੇ, "ਜਾਓ! ਇਸ਼ਨਾਨ ਕਰ ਲਓ, ਕੇਸੀ ਇਸ਼ਨਾਨ ਕਰਕੇ ਬਸਤ੍ਰ ਪਹਿਨ ਕੇ ਆ ਜਾਓ।"

2 ਵਜ ਗਏ ਅਜੇ ਲੰਗਰ ਵਰਤਾਈ ਜਾਂਦੇ ਨੇ। ਬਾਬਾ ਜੀ ਕਹਿੰਦੇ ਕਿ ਦੋ ਢਾਈ ਘੰਟੇ ਹੀ ਰਹਿ ਗਏ। ਫੇਰ ਹੁਕਮ ਆਇਆ ਤੇ ਆਪ ਗਏ ਇਸ਼ਨਾਨ ਕਰਿਆ, ਬਹੁਤ ਸੋਹਣੇ ਬਸਤ੍ਰ ਪਹਿਨੇ, ਕੇਸੀ ਇਸ਼ਨਾਨ ਕਰਿਆ। ਚਾਰ ਵਜੇ ਬਾਬਾ ਜੀ ਦੇ ਚਰਨਾਂ ਵਿਚ ਆ ਗਏ। ਉਸ ਵੇਲੇ ਚੁਪ ਹੋ ਗਈ ਸਾਰੇ। ਪਾਠ ਕਰਿਆ ਜਪੁਜੀ ਸਾਹਿਬ ਦਾ ਮਨ ਚਿਤ ਲਾ ਕੇ ਇਨ੍ਹਾਂ ਨੇ। ਅੰਗਰੇਜ਼ ਲੋਕ ਉਥੇ ਆਏ ਹੋਏ ਸੀ ਕਿਉਂਕਿ ਉਥੇ ਛਉਣੀ ਸੀ। ਗੋਰੇ ਸਾਰੇ ਬੈਠੇ ਸੀ ਤੇ ਇਹ ਗੱਲ ਦੇਖਦੇ ਸੀ ਕਿ ਇਹ ਕਿਵੇਂ ਚਲੇ ਜਾਂਦੇ ਨੇ।

ਜਦੋਂ 5 ਮਿੰਟ ਰਹਿ ਗਏ 4:25 ਹੋ ਗਏ ਤਾਂ ਉਨ੍ਹਾਂ ਨੇ ਖੜ੍ਹੇ ਹੋ ਕੇ ਬਾਬਾ ਜੀ ਕੋਲ ਬੇਨਤੀਆਂ ਕੀਤੀਆਂ, ਚਰਨਾਂ ਤੇ ਢਹਿ ਪਏ।

ਕਹਿੰਦੇ, "ਪਾਤਸ਼ਾਹ! ਜਿੰਦਗੀ ਲੰਘਾਈ ਹੈ, ਪਤਾ ਨਹੀਂ ਕਿੰਨੀਆਂ ਹੁਕਮ-ਅਦੂਲੀਆਂ ਆਪ ਦੀਆਂ ਕੀਤੀਆਂ ਨੇ, ਆਪ ਕਿਰਪਾ ਕਰੋ ਮੇਰੇ ਤੇ।"

ਬਾਬਾ ਜੀ ਨੇ ਅਸੀਸ ਦਿੱਤੀ, ਬਕਸੇ ਵਿਚ ਆ ਕੇ ਆਪ ਲੇਟ ਗਏ। ਜਦੋਂ 5 ਮਿੰਟ ਹੋ ਗਏ ਤਾਂ ਬਾਬਾ ਜੀ ਕਹਿੰਦੇ , "ਦੇਖੋ ਭਾਈ!"

ਜਦੋਂ ਸੇਵਾਦਾਰਾਂ ਨੇ ਦੇਖਿਆ ਤਾਂ ਕਹਿੰਦੇ, "ਮਹਾਰਾਜ! ਉਹ ਤਾਂ ਪਿਆਨੇ ਕਰ ਗਏ।"

ਉਨ੍ਹਾਂ ਦਾ ਆਤਮਾ ਜਿਹੜਾ ਹੈ ਉਹ ਸਰੀਰ ਛੱਡ ਗਿਆ।"

ਇਹ ਔਖੀਆਂ ਬਾਤਾਂ ਨਹੀਂ ਹਨ। ਮੈਂ ਤੁਹਾਨੂੰ ਇਕ ਛੋਟੀ ਜਿਹੀ ਘਟਨਾ ਦਸਦਾ ਹਾਂ। ਉੱਤਰ ਪ੍ਰਦੇਸ਼ ਵਿਚ ਜਦੋਂ ਮੈਂ ਕੀਰਤਨ ਕਰਦਾ ਹੁੰਦਾ ਤਾਂ ਉਥੇ ਇਕ ਬੀਬੀ ਆਉਂਦੀ ਹੁੰਦੀ। ਉਸ ਦਾ ਨਾਂ ਮੀਤੋ ਸੀ, ਉਂਝ ਨਾਂ ਗੁਰਮੀਤ ਕੌਰ ਸੀ। ਪਿਆਰ ਨਾਲ ਮੀਤੋ ਕਹਿ ਦਿੰਦੇ ਸੀ। ਉਹ ਕਹਿੰਦੀ ਮੇਰਾ ਮੰਗਣਾ ਨਾ ਕਰਿਓ, ਮੇਰਾ ਵਿਆਹ ਨਾ ਕਰਿਓ, ਮੈਂ 24 ਸਾਲ ਦੀ ਉਮਰ ਵਿਚ ਚਲੀ ਜਾਣਾ ਹੈ। ਭਜਨ ਬਹੁਤ ਕਰਦੀ ਸੀ, ਪਾਠ ਬੜਾ ਸੋਹਣਾ ਗੁਰੂ ਗ੍ਰੰਥ ਸਾਹਿਬ ਦਾ ਕਰਦੀ, ਉਸ ਦੀ ਗੱਲ ਕੋਈ ਸੁਣੇ ਨਾ। ਜਦੋਂ ਪਿਤਾ ਜਾਵੇ ਮੰਗਣਾ ਕਰਨ, ਕਹਿੰਦੀ, ਹੋਣਾ ਹੀ ਨਹੀਂ, ਮੇਰਾ ਸੰਜੋਗ ਹੀ ਨਹੀਂ ਹੈ, ਮੈਂ ਤਾਂ ਚਲੀ ਜਾਣਾ ਹੈ 24 ਸਾਲ ਦੀ ਨੇ। 15 ਹਾੜ ਨੂੰ, ਤਰੀਕ ਦੱਸਣ ਲੱਗ ਗਈ। ਉਦੋਂ ਤੋਂ ਉਸ ਨੂੰ ਝੱਲੀਓ-ਝੱਲੀ ਕਹਿਣ ਲਗ ਗਏ। ਨਾਲੇ ਇਹ ਕਹਿਣ ਲੱਗ ਪਈ ਪਿੰਡ ਬੈਠੀ ਹੀ, ਕਹਿੰਦੀ ਦੱਸਾਂ, ਬਾਬਾ ਜੀ ਉਥੇ ਫਲਾਣੇ ਥਾਂ ਕੀਰਤਨ ਕਰ ਰਹੇ ਨੇ।"

ਉਹ ਐਵੇਂ ਕਹਿਣ ਲੱਗ ਪਏ ਕਿ ਇਹ ਝੱਲੀ ਹੋਈ ਹੋਈ ਹੈ। ਕਹਿੰਦੀ ਕਿ ਮੈਂ ਕੀਰਤਨ ਵੀ ਕਰ ਸਕਦੀ ਹਾਂ ਜੇ ਮੈਨੂੰ ਵਾਜਾ ਦੇ ਦੇਣ। ਉਹ ਸਤਿਸੰਗ ਵਿਚ ਆਉਂਦੀ ਸੀ। ਤੇ ਉਥੇ ਉਸ ਦੇ ਰਿਸ਼ਤੇਦਾਰ ਗਏ ਉਸ ਦੇ ਘਰ, ਉਹ ਸਾਡੇ ਨੇੜੇ ਹੀ ਰਹਿੰਦੇ ਸੀ।

ਉਹ ਕਹਿਣ ਲੱਗੀ, "ਭਾਈਆ ਜੀ! ਹੁਣ ਜਾਇਓ ਨਾ ਤੁਸੀਂ, 15 ਦਿਨ ਹੀ ਰਹਿੰਦੇ ਨੇ, ਰੇਲਾਂ ਵਿਚ ਥਾਂ ਨਹੀਂ ਮਿਲਦਾ, ਗਰਮੀ ਦਾ ਮਹੀਨਾ ਹੈ, ਤੁਸੀਂ ਔਖੇ ਹੋਏ ਆਵੋਗੇ। ਮੈਂ ਅੱਜ ਤੋਂ 15 ਦਿਨਾਂ ਨੂੰ ਸਰੀਰ ਛੱਡ ਦੇਣਾ ਹੈ।"

ਉਹ ਕਹਿੰਦੇ, "ਤੂੰ ਤਾਂ ਆਹੀ ਗੱਲ ਕਰੀ ਜਾਂਦੀ ਹੈ ਹਮੇਸ਼ਾ।"

ਇਕ ਦਿਨ ਪਹਿਲਾਂ ਸਾਰਿਆਂ ਨੂੰ ਮਿਲ ਆਈ ਤੇ ਸ਼ਾਮ ਨੂੰ ਉਸ ਨੇ ਰਹਿਰਾਸ ਪੜ੍ਹੀ ਕੰਧਾਂ ਨਾਲ ਲਗ ਲਗ ਕੇ।

ਮਾਂ ਕਹਿੰਦੀ, "ਮੀਤੋ! ਅੱਜ ਤੂੰ ਹੋਰ ਹੀ ਕੰਮ ਕਰਦੀ ਹੈਂ।"

ਕਹਿੰਦੀ, "ਮਾਂ! ਮੈਂ ਘਰ ਪਵਿੱਤਰ ਕਰ ਰਹੀ ਹਾਂ, ਮੇਰੇ ਮਗਰੋਂ ਰਹਿਰਾਸ ਨਹੀਂ ਕਿਸੇ ਨੇ ਪੜ੍ਹਨੀ। ਮੈਂ ਘਰ ਨੂੰ ਪਵਿੱਤਰ ਕਰ ਰਹੀ ਹਾਂ।"

ਉਸ ਤੋਂ ਬਾਅਦ ਕਹਿੰਦੀ, "ਬੇਬੇ! ਉਰੇ ਆ! ਤੈਨੂੰ ਤਾਲਿਆਂ ਦਾ ਪਤਾ ਨਹੀਂ ਹੈ ਕਿ ਕਿਹੜੇ ਤਾਲੇ ਨੂੰ ਕਿਹੜੀ ਚਾਬੀ ਲਗਦੀ ਹੈ, ਆ ਮੈਂ ਤੈਨੂੰ ਸਮਝਾ ਦੇਵਾਂ।"

ਸਾਰਾ ਸੌਂਪਣਾ ਦੇ ਦਿੱਤਾ, ਕੁੰਜੀਆਂ ਸਮਝਾ ਦਿੱਤੀਆਂ। ਸਵੇਰ ਵੇਲੇ ਉਥੇ ਇਕ ਸੰਤ ਆਏ ਹੋਏ ਸੀ ਸਾਧੂ ਗੜ੍ਹ ਦੇ।

ਕਹਿਣ ਲੱਗੀ, "ਬਾਬਾ ਜੀ! ਮੈਂ ਚੜ੍ਹਾਈ ਕਰ ਜਾਣਾ ਹੈ ਕੱਲ ਨੂੰ, ਕੀਰਤਨ ਸੋਹਿਲੇ ਦਾ ਪਾਠ ਤੁਸੀਂ ਕਰਨਾ ਹੈ, ਤੁਸੀਂ ਗਲਤ ਕਰ ਦੇਣਾ ਹੈ ਦੋ ਵਾਰੀ, ਤੀਸਰੀ ਵਾਰੀ ਸ਼ੁਧ ਹੋਏਗਾ, ਪਹਿਲਾਂ ਹੀ ਸ਼ੁਧ ਕਰਿਓ।"

ਕਹਿੰਦੇ, "ਸੱਚੀਓਂ ਹੀ?"

ਕਹਿੰਦੀ, "ਹਾਂ ਜੀ! ਮੈਂ ਅੰਮ੍ਰਿਤ ਛੱਕ ਆਈ ਹਾਂ ਫੇਰ ਦੁਬਾਰਾ ਕਿ ਕਿਤੇ ਕੋਈ ਗਲਤੀ ਵਗੈਰਾ ਹੋ ਗਈ ਹੋਵੇ ਤਾਂ ਮਾਫ਼ ਹੋ ਜਾਵੇ।"

ਉਸ ਵੇਲੇ ਉਸ ਨੇ ਮਾਂ ਨੂੰ ਕਿਹਾ ਕਿ ਮੈਨੂੰ ਰਸਦ ਦੇ ਦੇ। ਪ੍ਰਸਾਦ ਦੀ ਰਸਦ ਲੈ ਲਈ, ਕੜਾਹੀ ਮਾਂਜ ਦਿੱਤੀ, ਚੁੱਲ੍ਹਾ ਲਿਪ ਦਿੱਤਾ ਕਹਿੰਦੀ, "ਮੈਂ ਦੁਪਹਿਰੇ ਜਾਣਾ ਹੈ ਤੇ ਤੇਰੇ ਕੋਲੋਂ ਪ੍ਰਸ਼ਾਦ ਨਹੀਂ ਹੋਣਾ, ਆਪੇ ਪ੍ਰਸ਼ਾਦ ਬਣਾ ਲਿਓ ਮੇਰੇ ਜਾਣ ਤੋਂ ਬਾਅਦ।"

ਕਹਿੰਦੀ, "ਤੁਸੀਂ ਡਰਿਓ ਨਾ, ਮੈਨੂੰ ਸਿਰਫ ਇਕ ਉਲਟੀ ਆਉਣੀ ਹੈ ਹੋਰ ਕੁਝ ਨਹੀਂ ਹੋਣਾ ਮੈਨੂੰ।"

ਉਸ ਦਾ ਪਿਤਾ ਸਵੇਰੇ ਹੀ ਕਣਕ ਦਾ ਗੱਡਾ ਭਰ ਕੇ ਰਾਜਪੁਰੇ ਨੂੰ ਤੁਰ ਪਿਆ। ਉਹ ਕਹਿੰਦੀ, "ਬਾਪੂ! ਤੂੰ ਜਾਹ ਨਾ, ਮੈਂ ਅੱਜ ਜਾਣਾ ਹੈ।"

ਕਹਿੰਦਾ, "ਤੂੰ ਤਾਂ ਝੱਲੀਆਂ ਮਾਰੀ ਜਾਂਦੀ ਹੈ, ਤੇਰੇ ਪਿਛੇ ਲੱਗ ਕੇ ਖੇਤੀ ਖਰਾਬ ਕਰਨੀ ਹੈ ਮੈਂ? ਖਾਦ ਲਿਆਉਣੀ ਹੈ।"

ਕਹਿੰਦੀ, "ਫੇਰ ਛੇਤੀ ਆ ਜਾਵੀਂ।"

ਦੁਪਹਿਰੇ ਉਸ ਨੇ ਪਲੰਘ ਵਿਛਾ ਦਿੱਤਾ।

ਮਾਂ ਕਹਿੰਦੀ, "ਮੀਤੋ! ਪਲੰਘ ਵਿਛਾਉਂਦੀ ਹੈਂ?"

ਕਹਿੰਦੀ, "ਮੈਨੂੰ ਅੱਜ ਲੈਣ ਆਉਣਾ ਹੈ ਨਾ ਸਿੰਘਾਂ ਨੇ, ਬਾਬਾ ਜੀ ਆਉਣਗੇ, ਉਹ ਫੇਰ ਇਥੇ ਬੈਠਣਗੇ। ਬੈਠਣ ਨੂੰ ਤਾਂ ਥਾਂ ਚਾਹੀਦੀ ਹੈ।"

ਜਦੋਂ ਸਮਾਂ ਹੋ ਗਿਆ, ਪਿਤਾ ਆਇਆ ਨਾ। ਜੈਕਾਰੇ ਬਲਾਉਣ ਲੱਗ ਪਈ।

ਮਾਂ ਕਹਿੰਦੀ, "ਤੂੰ ਜੈਕਾਰੇ ਬੁਲਾਉਂਦੀ ਹੈਂ?"

ਕਹਿੰਦੀ, "ਜਿਹੜੇ ਲੈਣ ਆਏ ਨੇ ਉਨ੍ਹਾਂ ਨੇ ਵੀ ਜੈਕਾਰਾ ਬੁਲਾਇਆ ਹੈ, ਮੈਂ ਤਾਂ ਉਨ੍ਹਾਂ ਦੇ ਨਾਲ ਬੋਲੀ ਹਾਂ।"

ਸਮਝ ਵਿਚ ਨਾ ਆਵੇ ਕਿਸੇ ਦੇ ਵੀ ਗੱਲ। ਹੁਣ ਕਿਹੜਾ ਅੱਖਾਂ ਨਾਲ ਦਿਸਦਾ ਹੈ ਕਿ ਕੌਣ ਆਇਆ ਤੇ ਕੌਣ ਨਹੀਂ ਆਇਆ।

ਕਹਿੰਦੀ, "ਬਾਬਾ ਜੀ! ਇਥੇ ਪਲੰਘ ਤੇ ਬਹਿ ਜਾਓ ਤੇ ਹਾਲੇ ਤਾਂ ਮੈਂ ਜਾਣਾ ਨਹੀਂ। ਬਾਪੂ ਗਿਆ ਹੋਇਆ ਹੈ ਰਾਜਪੁਰੇ ਤੇ ਪਤਾ ਨਹੀਂ ਕਦੋਂ ਆਵੇ ਤੇ ਤੁਸੀਂ ਰਾਤ ਦੇ 10 ਵਜੇ ਆ ਜਾਇਓ।"

ਉਹ ਕਹਿਣ ਲੱਗੇ, "ਚੰਗਾ! ਅਸੀਂ ਰਾਤ ਦੇ 10 ਵਜੇ ਆਵਾਂਗੇ ਤੇ ਤੂੰ ਤਿਆਰ ਰਹੀਂ।"

ਕਹਿੰਦੀ, "ਮੈਂ ਤਿਆਰ-ਬਰ-ਤਿਆਰ ਹਾਂ। ਤੁਸੀਂ 10 ਵਜੇ ਆ ਜਾਇਓ ਪਿਤਾ ਜੀ ਆ ਜਾਣ। ਫੇਰ ਉਨ੍ਹਾਂ ਨੇ ਸਾਰੀ ਜਿੰਦਗੀ ਕਹੀ ਜਾਣਾ ਹੈ ਕਿ ਮੈਂ ਮਿਲਿਆ ਨਾ, ਪਛਤਾਈ ਜਾਏਗਾ।"

ਸੋ ਇਸ ਤਰ੍ਹਾਂ ਦੇ ਨਾਲ ਉਹ ਸ਼ਾਮ ਨੂੰ ਵਾਪਸ ਆ ਗਿਆ, ਖਾਦ ਲੈ ਕੇ।

ਕਹਿਣ ਲੱਗੀ, "ਬਾਪੂ! ਤੂੰ ਤਾਂ ਬਹੁਤ ਦੇਰ ਕਰ ਦਿੱਤੀ, ਬਾਬਾ ਜੀ ਆਏ ਸੀ ਮੈਨੂੰ ਮੋੜਨੇ ਪਏ, ਹੁਣ 10 ਵਜੇ ਆਉਣਗੇ।"

ਉਸ ਤੋਂ ਬਾਅਦ ਕਹਿਣ ਲੱਗੀ, "ਇਥੇ ਬੈਠਣਗੇ ਤੇ ਮੈਨੂੰ ਛੇਤੀ ਹੀ ਲੈ ਜਾਣਗੇ, ਤੁਸੀਂ ਰੋਇਓ ਨਾ। ਪ੍ਰਸ਼ਾਦ ਬਣਾ ਲਿਓ ਮੈਂ ਰਸਦ ਰੱਖ ਦਿੱਤੀ ਸੀ ਸਵੇਰੇ।"

ਜਦੋਂ ਬਜ਼ੁਰਗ ਆਏ, ਬਾਬਾ ਜੀ ਆਏ, ਲੈਣ ਵਾਸਤੇ।

ਉਸ ਵੇਲੇ ਕਹਿੰਦੀ, "ਬਾਬਾ ਜੀ! ਇਕੱਲੇ ਹੀ ਆਏ ਹੋ?"

ਕਹਿੰਦੇ, "ਬਾਹਰ ਖੜ੍ਹੇ ਨੇ ਸਿੰਘ।"

ਕਹਿੰਦੀ, "ਬੈਠ ਜਾਓ।"

ਕਹਿੰਦੇ, "ਸਮਾਂ ਨਹੀਂ ਬੇਟਾ।"

ਕਹਿੰਦੀ, "ਮੈਂ ਉਹ ਕਿਰਿਆ ਕਰ ਲਵਾਂ ਜਿਸ ਦੇ ਨਾਲ ਮੈਂ ਜਾਣਾ ਹੈ।"

ਉਥੋਂ ਸੁਆਹ ਦੀ ਤਵੀ ਭਰ ਲਿਆਈ, ਲਿਆ ਕੇ ਰੱਖ ਲਈ, ਰਖਦੀਸਾਰ ਉਲਟੀ ਆ ਗਈ, ਆਪੇ ਹੀ ਚੁਕ ਕੇ ਬਾਹਰ ਸੁੱਟ ਆਈ, ਕੁਰਲੀ ਕਰੀ ਮੂੰਹ ਵਗੈਰਾ ਧੋਤਾ। ਪਿੰਡ ਦਾ ਇਕੱਠ ਹੋ ਗਿਆ ਕਿ ਉਹ ਤਾਂ ਸੱਚ ਨੂੰ ਹੀ ਜਾ ਰਹੀ ਹੈ। ਸਾਰੇ ਪਿੰਡ ਨੂੰ ਫਤਹਿ ਬੁਲਾਈ, ਬੀਪੁਰ ਦੀ ਹੈ, ਜਾ ਕੇ ਪੁਛ ਲਿਓ ਕਦੇ।

ਇਸ ਦੇ ਬਾਰੇ ਮਹਾਰਾਜ ਕਹਿੰਦੇ ਨੇ –

*ਪ੍ਰਭ ਕੈ ਸਿਮਰਨਿ ਕਾਲੁ ਪਰਹਰੈ॥ ਪੰਨਾ - 262*

ਕਾਲ ਨੂੰ ਰੋਕਣ ਵਾਲਾ ਦੁਨੀਆਂ ਵਿਚ ਕੋਈ ਨਹੀਂ ਹੈ ਪਰ ਪ੍ਰਮੇਸ਼ਰ ਦੀ ਬੰਦਗੀ ਕਰਨ ਵਾਲਾ ਰੋਕ ਸਕਦਾ ਹੈ। ਉਹ ਕਹਿ ਦਿੰਦਾ ਹੈ ਕਿ ਅਜੇ ਨਾ ਆਵੀਂ ਦੋ ਸਾਲ ਨੂੰ ਠਹਿਰ ਕੇ ਆਈਂ।"

ਬਾਬਾ ਜੀ ਕਹਿੰਦੇ, 2 ਸਾਲ, 2 ਮਹੀਨੇ ਨੂੰ ਤੇਰੇ ਥਾਂ ਤੇ ਜਾਵਾਂਗੇ।

ਗੁਰੂ ਦਸਮੇਸ਼ ਪਿਤਾ ਜੀ ਅੱਜ ਨਦੇੜ ਸਾਹਿਬ ਗਏ ਹੋਏ ਨੇ। ਦੁਪਹਿਰ ਵੇਲੇ ਸੰਗਤ ਨੇ ਪ੍ਰਸ਼ਾਦਾ ਛਕਿਆ ਤੇ ਗੁਰੂ ਮਹਾਰਾਜ ਜੀ ਆਪਣੇ ਸ਼ਾਮਿਆਨੇ ਵਿਚ ਬਿਰਾਜਮਾਨ ਹੋ ਗਏ ਤੇ ਉਸੇ ਵੇਲੇ ਸ਼ਬਦ ਦੀ ਆਵਾਜ਼ ਆਉਣੀ ਸ਼ੁਰੂ ਹੋ ਗਈ, ਧਿਆਨ ਨਾਲ ਸੁਣਿਆ, ਇਸ ਤਰ੍ਹਾਂ ਨਾਲ ਆ ਰਹੀ ਸੀ ਆਵਾਜ਼ –

*ਧਾਰਨਾ - ਜਿਹਦੇ ਦਰ ਤੇ ਝੂਲਦੇ ਹਾਥੀ,*
*ਲਦ ਗਏ ਨੇ ਰਾਉਣ ਵਰਗੇ ਪਿਆਰਿਓ -2, 2.*

*ਸਰਬ ਸੋੁਇਨ ਕੀ ਲੰਕਾ ਹੋਤੀ ਰਾਵਨ ਸੇ ਅਧਿਕਾਈ॥*
*ਕਹਾ ਭਇਓ ਦਰਿ ਬਾਂਧੇ ਖਿਨ ਮਹਿ ਭਈ ਪਰਾਈ॥*
*ਪੰਨਾ - 693*

ਮਹਾਰਾਜ ਕਹਿੰਦੇ, "ਇਸ ਤਰ੍ਹਾਂ ਦੇ ਸ਼ਬਦ ਕਿਉਂ ਪੜ੍ਹੇ ਜਾ ਰਹੇ ਨੇ?"

ਸੇਵਾਦਾਰ ਨੇ ਦੋਏ ਹੱਥ ਬੰਨ ਕੇ ਮਸਤਕ ਨਿਵਾ ਕੇ ਕਿਹਾ, "ਪਾਤਸ਼ਾਹ! ਭਾਈ ਦਇਆ ਸਿੰਘ ਜੀ ਪਿਆਨੇ ਕਰ ਗਏ, ਚੜ੍ਹਾਈ ਕਰ ਗਏ।"

ਮਹਾਰਾਜ ਕਹਿੰਦੇ, "ਬਿਨਾਂ ਮਿਲਿਆਂ ਹੀ ਚਲੇ ਗਏ, ਜਾਓ ਆਵਾਜ਼ ਦੇਵੋ ਕਿ ਸਾਨੂੰ ਮਿਲ ਕੇ ਜਾਣ। ਅਸੀਂ ਕੋਈ ਸੁਨੇਹਾ ਦੇਣਾ ਹੈ ਉਨ੍ਹਾਂ ਨੂੰ।"

ਉਸ ਵੇਲੇ ਗੁਰਸਿਖ ਗਿਆ ਜਾ ਕੇ ਚਰਨਾਂ ਵੱਲ ਖੜ੍ਹਾ ਹੋ ਕੇ ਜਿਥੇ ਭਾਈ ਸਾਹਿਬ ਪਏ ਸੀ। ਕਹਿਣ ਲੱਗਿਆ, "ਭਾਈ ਸਾਹਿਬ! ਗੁਰੂ ਦਸਮੇਸ਼ ਪਿਤਾ ਦਾ ਹੁਕਮ ਹੈ ਕਿ ਆਪ ਉਨ੍ਹਾਂ ਨੂੰ ਮਿਲ ਕੇ ਜਾਓ।"

ਉਸ ਵੇਲੇ ਆਪ ਨੇ ਵਾਹਿਗੁਰੂ ਵਾਹਿਗੁਰੂ ਦੋ ਵਾਰ ਕਿਹਾ ਤੇ ਉਠ ਕੇ ਬੈਠ ਗਏ। ਗੁਰੂ ਦਸਮੇਸ਼ ਪਿਤਾ ਦੇ ਚਰਨਾਂ ਵਿਚ ਆ ਕੇ ਬਹੁਤ ਹੀ ਵੈਰਾਗ ਕਰਿਆ।

ਗੁਰੂ ਮਹਾਰਾਜ ਕਹਿਣ ਲੱਗੇ, "ਭਾਈ ਸਾਹਿਬ! ਬਿਨਾ ਮਿਲੇ ਹੀ ਚਲੇ ਗਏ?"

ਕਹਿੰਦਾ, "ਪਾਤਸ਼ਾਹ! ਇਧਰ ਵੀ ਤੁਹਾਡਾ ਹੁਕਮ, ਉਧਰ ਵੀ ਤੁਹਾਡਾ ਹੀ ਹੁਕਮ ਹੈ। ਉਹ ਹੁਕਮ ਹੀ ਇਹੋ ਜਿਹਾ ਕਰਾਰਾ ਆ ਗਿਆ ਸੀ ਕਿ ਹੁਣੇ ਚਲੋ। ਸੋ ਮਹਾਰਾਜ! ਮੈਂ ਚਲਿਆ ਗਿਆ।"

ਕਹਿੰਦੇ, "ਕਿਥੇ ਕੁ ਪਹੁੰਚ ਗਏ ਸੀ?"

ਕਹਿੰਦੇ, "ਮਹਾਰਾਜ! ਮੈਂ ਚਾਰੇ ਮੰਡਲ ਪਾਰ ਕਰ ਕੇ ਸਚਖੰਡ ਦੇ ਵਿਚ ਦਾਖਲ ਹੋਣ ਲੱਗਿਆ ਸੀ, ਜਦੋਂ ਤੁਹਾਡੀ ਆਵਾਜ਼ ਆ ਗਈ ਸੀ। ਸੋ ਇਸ ਕਰਕੇ ਪਾਤਸ਼ਾਹ! ਮੈਂ ਵਾਪਸ ਆ ਗਿਆ, ਹੁਣ ਮੇਰੇ ਤੇ ਖੁਸ਼ੀਆਂ ਕਰੋ।"

ਮਹਾਰਾਜ ਕਹਿਣ ਲੱਗੇ, "ਭਾਈ ਦਇਆ ਸਿੰਘ ਜੀ! ਆਪਾਂ ਇਕੱਠੇ ਸਾਰੇ ਜੰਗਾਂ ਦੇ ਵਿਚ ਰਹੇ ਹਾਂ, ਸਾਰੇ ਯੁੱਧ ਅਸੀਂ ਮਿਲ ਕੇ ਕੀਤੇ, ਵੱਡੇ ਵੱਡੇ ਜਿਹੜੇ ਕੰਮ ਸੀ ਉਹ ਤੁਸੀਂ ਸਾਡੇ ਲਈ ਕੀਤੇ ਤੇ ਹੁਣ ਜਾਣ ਵੇਲੇ ਇਕੱਲੇ ਹੀ ਚਲੇ ਗਏ, ਸਲਾਹ ਵੀ ਨਹੀਂ ਕੀਤੀ।"

ਕਹਿੰਦੇ, "ਪਾਤਸ਼ਾਹ! ਤੁਹਾਡਾ ਹੁਕਮ ਇਹੋ ਜਿਹਾ ਸੀ।"

ਉਸ ਵੇਲੇ ਕਹਿਣ ਲੱਗੇ, "ਚੰਗਾ! ਤੁਸੀਂ ਜਾਓ, ਅਸੀਂ ਹੁਣ ਤੁਹਾਡੇ ਤੋਂ 20 ਦਿਨ ਪਿਛੋ ਜਾਣਾ ਹੈ। ਅਸੀਂ ਨਿਰੰਕਾਰ ਨੂੰ ਸੁਨੇਹਾ ਦਿੱਤਾ ਸੀ, ਮਾਛੀਵਾੜੇ ਦੇ ਜੰਗਲ ਵਿਚ ਜਦੋਂ ਅਸ਼ੀਂ ਇਕੱਲੇ ਪਏ ਸੀ ਤੇ ਤੁਸੀਂ ਜਾ ਕੇ ਸੁਨੇਹਾ ਅਕਾਲ ਪੁਰਖ ਦੇ ਦਰ ਤੇ ਸਾਡੇ ਵਲੋਂ ਦੇ ਦੇਣਾ। ਪੜ੍ਹੋ ਪਿਆਰ ਨਾਲ –

*ਧਾਰਨਾ - ਹਾਲ ਮੁਰੀਦਾਂ ਦਾ ਕਹਣਾ -2, 2.*
*ਮਿਤ੍ਰ ਪਿਆਰੇ ਨੂੰ ਕਹਿਣਾ -2, 2.*

*ਤੁਧੁ ਬਿਨੁ ਰੋਗ ਰਜਾਈਆਂ ਦਾ ਓਢਣ,*
*ਨਾਗ ਨਿਵਾਸਾਂ ਦੇ ਰਹਣਾ॥*
*ਸੂਲ ਸੁਰਾਹੀ ਖੰਜਰ ਪਿਆਲਾ,*
*ਬਿੰਗ ਕਸਾਈਆਂ ਦਾ ਸਹਣਾ॥*
*ਯਾਰੜੇ ਦਾ ਸਾਨੂੰ ਸਥਰ ਚੰਗਾ*
*ਭਠ ਖੇੜਿਆਂ ਦਾ ਰਹਣਾ॥*

ਕਹਿਣ ਲੱਗੇ, "ਭਾਈ ਦਇਆ ਸਿੰਘ ਜੀ! ਅਸਾਡੀਆਂ ਖੁਸ਼ੀਆਂ, ਤੁਸੀਂ ਜਾ ਸਕਦੇ ਹੋ।"

ਉਸ ਵੇਲੇ ਭਾਈ ਦਇਆ ਸਿੰਘ ਜੀ ਨੇ ਨਮਸ਼ਕਾਰ ਕਰੀ, ਆਗਿਆ ਪ੍ਰਾਪਤ ਕਰੀ ਤੇ ਕੁਸ਼ਾ ਦਾ ਆਸਣ ਬਣਾਇਆ, ਲੰਮੇ ਪੈ ਗਏ। ਥੋੜ੍ਹੀ ਦੇਰ ਤੋਂ ਬਾਅਦ ਚੇਤਨ

ਕਲਾ ਸਰੀਰ ਦੇ ਵਿਚੋਂ ਨਿਕਲ ਗਈ ਤੇ ਸਰੀਰ ਛੱਡ ਗਏ।"

ਗੁਰੂ ਮਹਾਰਾਜ ਇਹ ਕਹਿੰਦੇ ਨੇ ਕਿ ਜਿਹੜੀ ਮੌਤ ਹੈ ਉਹ ਮਨਮੁਖਾਂ ਵਾਸਤੇ ਹੀ ਹੋਇਆ ਕਰਦੀ ਹੈ, ਗੁਰਮੁਖ ਆਪਣੇ ਘਰ ਨੂੰ ਜਾਂਦੇ ਨੇ ਉਹ ਇੰਤਜਾਰ ਕਰਦੇ ਨੇ -

*ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥*

*ਪੰਨਾ - 1366*

ਸੋ ਉਨ੍ਹਾਂ ਨੂੰ ਜਾਣ ਆਉਣ ਵਿਚ ਕੋਈ ਖੇਚਲ ਨਹੀਂ ਹੁੰਦੀ -

*ਗੁਰਮੁਖਿ ਆਵੈ ਜਾਇ ਨਿਸੰਗੁ॥* *ਪੰਨਾ - 932*

ਜਾਣਾ ਚਾਹੇ ਤਾਂ ਕਿਸੇ ਵੀ ਵਕਤ ਜਾ ਸਕਦਾ ਹੈ, ਆਉਣਾ ਚਾਹੇ ਜਦੋਂ ਵੀ ਸਰੀਰ ਵਿਚ ਆ ਸਕਦਾ ਹੈ। ਇਹ ਬਾਤ ਦੁਨੀਆਂ ਵਾਸਤੇ ਹੈ, ਜਿਨ੍ਹਾਂ ਨੇ ਜੀਉਂਦੇ-ਜੀਉਂਦੇ ਨਾਮ ਦੀ ਕਮਾਈ ਕਰਕੇ ਅੰਮ੍ਰਿਤ ਦੇ ਕੁੰਡ ਤੱਕ ਪਹੁੰਚ ਗਏ ਉਨ੍ਹਾਂ ਨੂੰ ਮੌਤ ਨਹੀਂ ਹੋਇਆ ਕਰਦੀ ਕੋਈ ਚੀਜ਼। ਉਹ ਆਪਣੇ ਘਰ ਨੂੰ ਜਾਂਦੇ ਨੇ।

ਸੋ ਇਸ ਤਰ੍ਹਾਂ ਦੇ ਨਾਲ ਜਿਹੜੀਆਂ ਇਹ ਗੱਲਾਂ ਸਾਡੇ ਇਤਿਹਾਸਾਂ ਵਿਚ ਪਾ ਦਿੱਤੀਆਂ, ਕਮਜ਼ੋਰ ਬੰਦੇ ਇਹ ਕਹਿੰਦੇ ਨੇ ਕਿ ਗੁਰੂ ਸਾਹਿਬ ਸ਼ਾਮਿਆਨੇ ਵਿਚ ਲੈ ਗਏ, ਉਥੇ ਬੱਕਰਾ ਵੱਢ ਦਿੱਤਾ। ਇਹ ਸਭ ਮਨੋਕਲਪਿਤ ਗੱਲਾਂ ਹਨ ਤੇ ਗੁਰੂ ਦੀ ਸ਼ਾਨ ਦੇ ਵਿਰੁੱਧ ਨੇ।

ਖਾਲਸਾ ਤਲਵਾਰ ਦੀ ਧਾਰ ਵਿਚੋਂ ਪੈਦਾ ਹੋਇਆ ਹੈ। ਪਹਿਲਾਂ ਸੀਸ ਦਿੱਤੇ ਨੇ ਤੇ ਮੁਰਦਿਆਂ ਨੂੰ ਫੇਰ ਜੀਉਂਦਾ ਕਰਿਆ ਹੈ। ਗੁਰੂ ਦੀ ਤਾਂ ਨਿਗ੍ਹਾ ਹੀ ਹੁੰਦੀ ਹੈ। ਬੜਾ ਭਾਰੀ ਇਨ੍ਹਾਂ ਨੇ ਇਨਕਲਾਬ ਲਿਆਉਂਦਾ ਸੀ, ਖਾਲਸਾ ਪੰਥ ਸਜਾਉਣਾ ਸੀ ਸੰਸਾਰ ਤੇ, ਉਹ ਬੰਦੇ ਪੈਦਾ ਕਰਨੇ ਸੀ ਜਿਹੜੇ ਜੀਉਂਦੇ-ਜੀਉਂਦੇ ਵਾਹਿਗੁਰੂ ਵਰਗੇ ਹੋਣ, ਜਿਹੜੇ ਆਤਮਾ ਦੇ ਮੰਡਲ ਵਿਚ ਪ੍ਰਵੇਸ਼ ਕਰ ਜਾਣ ਤੇ ਉਨ੍ਹਾਂ ਦਾ ਦਰਜਾ ਇਹ ਹੋਵੇ -

*ਆਤਮ ਰਸ ਜਿਹ ਜਾਨਹੀ, ਸੋ ਹੈ ਖਾਲਸ ਦੇਵ॥*
*ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥*
*(ਸਰਬ ਲੋਹ ਗ੍ਰੰਥ 'ਚੋਂ)*

ਭੋਰਾ ਜਿੰਨਾ ਵੀ ਫਰਕ ਨਹੀਂ ਇਨ੍ਹਾਂ ਦੇ ਵਿਚ। ਉਹ ਐਸੇ ਪੂਰਨ ਬੰਦੇ, ਪੂਰਨ ਹਸਤੀਆਂ ਗੁਰੂ ਮਹਾਰਾਜ ਜੀ ਨੇ ਇਸ ਅੰਮ੍ਰਿਤ ਦੇ ਨਾਲ ਬਣਾਉਣੀਆਂ ਸਨ, ਹੁਣ ਵੀ ਬਣਾਉਂਦੇ ਨੇ, ਐਸਾ ਤਾਂ ਨਹੀਂ ਹੈ ਕਿ ਕਾਲ ਪੈ ਗਿਆ ਪਰ ਅੰਮ੍ਰਿਤ ਦੇ ਵਪਾਰੀ ਬੜੇ ਘੱਟ ਨੇ। ਲਗਨ ਨਹੀਂ ਲਗਦੀ ਕਿ ਅਸੀਂ ਅੰਮ੍ਰਿਤ ਕਿਉਂ ਛਕਦੇ ਹਾਂ? ਐਵੇਂ ਹੀ ਕਹੇ ਕਹਾਏ ਤੇ ਛਕ ਲੈਂਦੇ ਹਾਂ। ਤੂੰ ਵੀ ਛਕ ਲੈ, ਤੂੰ ਵੀ ਛਕ ਲੈ, ਮੈਂ ਐਨਿਆਂ ਨੂੰ ਛਕਾ ਦਿੱਤਾ। ਇਸ ਦੇ ਨਾਲ ਕੀ ਫਰਕ ਪੈਂਦਾ ਹੈ। ਜਦੋਂ ਜੀਵਨ ਨਹੀਂ ਰੁਮਕਿਆ ਤਾਂ ਫਾਇਦਾ ਕੀ ਹੋਇਆ ਇਸ ਗੱਲ ਦਾ।

ਮੈਂ ਪਹਿਲੇ ਵੀ ਦਸਿਆ ਸੀ ਕਿ ਬਾਪੂ ਜੀ ਭਾਈ ਰਣਧੀਰ ਸਿੰਘ ਜੀ ਦੇ ਜਥੇ ਨਾਲ ਅੰਮ੍ਰਿਤ ਛਕਾ ਰਹੇ ਸੀ ਲੁਧਿਆਣੇ ਖਾਲਸਾ ਸਕੂਲ ਵਿਚ। ਉਥੇ ਬਾਪੂ ਜੀ ਨੇ ਜਦੋਂ ਸਾਰਾ ਕਾਰਜ ਕਰ ਦਿੱਤਾ ਤੇ ਜਦੋਂ ਨੇਤਰਾਂ ਦੇ ਵਿਚ ਛਿੱਟੇ ਮਾਰਨੇ ਸੀ। ਜਦੋਂ ਨੇਤਰ ਵਿਚ ਛਿੱਟਾ ਮਾਰਿਆ ਉਸ ਸਮੇਂ ਅੰਮ੍ਰਿਤ ਛਕ ਰਹੇ ਇਕ ਬੱਚੇ ਦੀ ਅੱਖ ਬਾਪੂ ਜੀ ਦੀ ਅੱਖ ਨਾਲ ਮਿਲ ਗਈ। ਐਨੇ ਬਲਵਾਨ ਨੇਤਰ ਸੀ ਬਾਪੂ ਜੀ ਦੇ ਕਿ ਉਸੇ ਵੇਲੇ ਉਸ ਦੀ ਸਮਾਧੀ ਲੱਗ ਗਈ।

ਭਾਈ ਸਾਹਿਬ ਨੇ ਦੇਖ ਲਿਆ ਤੇ ਬਾਪੂ ਜੀ ਨੂੰ ਕਹਿਣ ਲੱਗੇ। ਕਹਿੰਦੇ, "ਹੀਰਾ ਸਿੰਘ ਜੀ ਹੁਣ ਕੀ ਹੋਏਗਾ?"

ਕਹਿੰਦੇ, "ਹੁਣ ਹੋਣਾ ਕੀ ਹੈ। ਜਲਾਲ ਵਿਚ ਆ ਕੇ ਸਾਡੇ ਕੋਲੋਂ ਦੇਖਿਆ ਗਿਆ ਓਧਰ ਨੂੰ।"

ਕਿਉਂਕਿ -

*ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ॥*

*ਪੰਨਾ - 273*

ਅੰਮ੍ਰਿਤ ਦੀ ਬਰਖਾ ਹੁੰਦੀ ਹੈ। ਨਾਮ ਜੱਪਣ ਵਾਲੇ ਦੇ ਨੇਤਰਾਂ ਦੇ ਵਿਚ magnetic power (ਚੁੰਬਕੀ ਸ਼ਕਤੀ) ਐਨੀ ਆ ਜਾਂਦੀ ਹੈ ਕਿ ਉਹ ਇਕ ਵਾਰੀ ਨਿਗ੍ਹਾ ਭਰ ਕੇ ਦੇਖ ਲਏ, ਖਿੱਚ ਲੈਂਦਾ ਹੈ। ਇਸੇ ਨੂੰ ਦ੍ਰਿਸ਼ਟੀ ਕਹਿੰਦੇ ਨੇ। ਦ੍ਰਿਸ਼ਟੀ ਪਾ ਦਿਓ, ਦ੍ਰਿਸ਼ਟੀ ਕਰ ਦਿਓ। ਮਰਿਆ ਹੋਇਆਂ ਦੀ ਦ੍ਰਿਸ਼ਟੀ ਕੀ ਕਰੇਗੀ? ਜਿਸ ਦੇ ਨੇਤਰਾਂ ਦੇ ਵਿਚ ਹੈ ਉਹੀ ਕਰ ਸਕਦਾ ਹੈ।

ਸੋ ਇਸ ਤਰ੍ਹਾਂ ਦੇ ਨਾਲ ਉਹ ਬੱਚਾ 56 ਘੰਟੇ ਵਾਸਤੇ ਸਮਾਧੀ ਵਿਚ ਚਲਿਆ ਗਿਆ। ਪੜ੍ਹਨ ਵਾਲਾ ਦਸਵੀਂ ਜਮਾਤ ਦਾ ਬੱਚਾ ਸੀ। ਉਸੇ ਵੇਲੇ ਫੈਸਲਾ ਕਰਿਆ ਕਿ ਜਲਾਲ ਆਪਾਂ ਸਾਰਿਆਂ ਵਿਚ ਹੀ ਹੈ ਪਰ ਬਹੁਤ ਘੱਟ ਵਰਤੋ, ਪੂਰੇ ਜਲਾਲ ਦੇ ਨਾਲ ਅੰਮ੍ਰਿਤ ਨਾ ਛਕਾਓ, ਓਨਾ ਕੁ ਵਰਤੋ ਜਿੰਨਾ ਕੁ ਇਹ ਬੱਚੇ ਸਹਿ ਲੈਣ।

ਨਾਮਧਾਰੀ ਸੰਪਰਦਾ ਦੇ ਮਹਾਂਪੁਰਸ਼ਾਂ ਦੀ ਵਾਰਤਾ ਹੈ। ਅੰਗਰੇਜ਼ ਨੇ ਕਿਹਾ ਕਿ ਸਿੰਘ ਨਾ ਬਣਨ ਦਿਓ। ਮਰਦਮ ਸੁਮਾਰੀ (census) ਹੋਈ 1861 ਦੀ ਉਸ ਦੇ ਵਿਚ 78 ਲੱਖ ਦੇ ਵਿਚੋਂ ਸਿੰਘ ਗਿਰ ਕੇ 13,45,000 ਰਹਿ ਗਿਆ। ਜਦੋਂ ਪੰਜਾਬ ਅੰਗਰੇਜ਼ਾਂ ਨੇ ਫਤਹਿ ਕਰਿਆ 13 ਕੁ ਸਾਲਾਂ ਵਿਚ ਐਨੇ ਸਿੰਘ ਗਿਰ ਗਏ, ਸਿਰਫ 13,45,000 ਰਹਿ

ਗਿਆ। ਉਸ ਮਰਦਮ ਸੁਮਾਰੀ ਦੇ ਹੇਠਾਂ ਨੋਟ ਦਿੱਤਾ ਹੋਇਆ ਹੈ ਕਿ ਇਸ ਦੇ ਵਿਚੋਂ ਜਿਹੜੇ 9 ਲੱਖ ਨੇ ਉਹ ਸਿੰਘ ਲਿਖ ਦਿੱਤੇ ਨੇ ਅਸੀਂ ਪਰ ਉਹ ਸਿੰਘ ਹੈ ਨਹੀਂ, ਸ਼ਰਾਬ ਪੀਂਦੇ ਨੇ ਮਾਸ ਖਾਂਦੇ ਨੇ। ਜੇ ਇਨ੍ਹਾਂ ਵਿਚੋਂ ਸਹੀ ਸਿੰਘ ਲੱਭਣੇ ਹਨ ਤਾਂ 4,45,000 ਹੈ ਸਿਰਫ। ਇਨ੍ਹਾਂ ਤੋਂ ਖਤਰਾ ਹੈ, ਇਨ੍ਹਾਂ ਦੇ ਪਿਛੇ ਦੁਨੀਆ ਲੱਗ ਜਾਂਦੀ ਹੈ। ਇਕ ਵਾਰੀ ਸ਼ਬਦ ਪੜ੍ਹ ਦੇਣ ਪਿਛੇ ਤੁਰ ਪੈਂਦੀ ਹੈ ਦੁਨੀਆਂ, ਕੂਕਾਂ ਮਾਰਨ ਲੱਗ ਜਾਂਦੀ ਹੈ ਐਨਾ ਜੋਸ਼ ਅੰਦਰ ਚਲਿਆ ਜਾਂਦਾ ਹੈ, ਬੈਠ ਨਹੀਂ ਹੁੰਦਾ ਉਠ ਕੇ ਨੱਚਣ ਲੱਗ ਜਾਂਦੇ ਨੇ, ਵਜਦ ਵਿਚ ਆ ਜਾਂਦੇ ਨੇ।

ਵਜਦ ਹੁੰਦਾ ਹੈ ਸਾਧ ਸੰਗਤ ਜੀ! ਔਰੰਗਜੇਬ ਵਜਦ ਦੇ ਬੜਾ ਖਿਲਾਫ ਸੀ। ਸੂਫੀਆ ਦਾ ਕੋਈ ਪ੍ਰੋਗਰਾਮ ਹੋ ਰਿਹਾ ਸੀ। ਉਹ ਕਹਿੰਦਾ ਵਜਦ ਵਿਚ ਨਹੀਂ ਕਿਸੇ ਨੂੰ ਆਉਣ ਦੇਣਾ। ਸਾਡੇ ਵੀ ਕਹਿੰਦੇ ਨੇ ਕਿ ਵਜਦ ਵਿਚ ਕੋਈ ਨਾ ਆਓ। ਇਹ ਆਦਮੀ ਦੇ ਵਸ ਤੋਂ ਬਾਹਰਲੀ ਗੱਲ ਹੋ ਜਾਂਦੀ ਹੈ, ਜਦੋਂ ਵਜਦ ਵਿਚ ਆਉਂਦਾ ਹੈ ਸਾਂਭਿਆ ਨਹੀਂ ਜਾਂਦਾ ਉਸਦੇ ਅੰਦਰ ਜ਼ੋਰ ਐਨਾ ਜ਼ਿਆਦਾ ਹੋ ਜਾਂਦਾ ਹੈ।

ਕਬੀਰ ਸਾਹਿਬ ਨੂੰ ਜਦੋਂ ਰਾਮਾਨੰਦ ਜੀ ਨੇ ਕਿਹਾ, "ਉਠ ਰਾਮ ਕੇ ਕਹੁ ਰਾਮ।"

ਹੋਇਆ ਕੀ? ਸੁਧ ਵੀ ਭੁਲ ਗਈ, ਬੁਧ ਵੀ ਭੁਲ ਗੀ, ਝਰਨੇ ਚੱਲ ਪਏ ਉਸੇ ਵੇਲੇ ਅੰਮ੍ਰਿਤ ਦੇ, ਸਹਿ ਨਾ ਹੋਇਆ ਤੇ ਮਹਾਰਾਜ ਕਹਿੰਦੇ ਪਹਿਲੀ ਵਾਰੀ ਹੀ ਮਿਲਾ ਦਿੱਤਾ ਪ੍ਰਮੇਸ਼ਰ ਤੱਕ, ਇਕੋ ਵਾਰੀ ਰਾਮ ਕਹਿ ਕੇ ਕਮਾਇਆ ਹੋਇਆ ਰਾਮ ਸੀ –

***ਸੋਈ ਰਾਮੁ ਸਭੈ ਕਹਹਿ ਸੋਈ ਕਉਤਕਹਾਰ॥***

*ਪੰਨਾ - 1375*

ਸੋ ਏਸ ਤਰ੍ਹਾਂ ਦੇ ਨਾਲ ਅੰਗਰੇਜ਼ ਨੇ ਬੰਦ ਕਰ ਦਿੱਤਾ ਕਿ ਪੰਜ ਬੰਦੇ ਨਹੀਂ ਇਹ ਇਕੱਠੇ ਹੋ ਸਕਦੇ। ਇਹ ਨਾਮਧਾਰੀ ਜਦੋਂ ਪੰਜ ਇਕੱਠੇ ਹੁੰਦੇ ਤਾਂ ਫੜ੍ਹ ਲੈਂਦੇ ਸੀ। ਲੋਕ ਬਹੁਤ ਜ਼ਿਆਦਾ ਅੰਗਰੇਜ਼ ਨੇ ਗੱਠ ਲਏ, ਗੁਲਾਮੀ ਤਾਂ ਅਸੀਂ ਚਾਹੁੰਦੇ ਹੀ ਰਹਿੰਦੇ ਹਾਂ, ਕਦੇ ਅਜ਼ਾਦੀ ਦੀ ਤਾਂ ਬਾਤ ਹੀ ਨਹੀਂ ਸੋਚਦੇ। ਕਿੱਡਾ ਵੱਡਾ ਸਿੱਖ ਰਾਜ ਦਾ ਮਹੱਲ ਸੀ ਅਸੀਂ ਗੁਆ ਲਿਆ।

ਸੋ ਇਹ ਨਹੀਂ ਸੀ ਮੰਨਦੇ। ਅੰਗਰੇਜ਼ ਕਹਿੰਦੇ ਜੇ ਨਾਮਧਾਰੀ ਖਤਮ ਕਰ ਦੇਈਏ, ਇਹ ਐਨੇ ਪੱਕੇ ਨੇ। ਖਬਰ ਦਿੱਤੀ ਮਿ. ਕੇਵਨ ਨੇ ਗੁਪਤ ਖਬਰ ਕਿ ਇਹ ਤੋਪਾਂ ਦੇ ਗੋਲਿਆਂ ਦੇ ਅੱਗੇ ਨੱਠ ਨੱਠ ਆਉਂਦੇ ਸੀ। ਇਕ ਦੂਜੇ ਨੂੰ ਕਹਿੰਦੇ ਸੀ ਤੂੰ ਬੈਠ, ਮੈਂ ਜਾਣਾ ਹੈ। ਜਿਨ੍ਹਾਂ ਦੇ ਅੰਦਰ ਐਡਾ ਕੁਰਬਾਨੀ ਦਾ ਜਜ਼ਬਾ ਹੈ ਇਹ ਕਦੇ ਵੀ ਸਾਨੂੰ ਲੈ ਸਕਦੇ ਨੇ, ਇਨ੍ਹਾਂ ਤੋਂ ਸਾਵਧਾਨ ਰਹੋ। ਪਾਬੰਧੀਆਂ ਲਗਾ ਦਿਓ ਇਨ੍ਹਾਂ ਕੋਲ ਕੋਈ ਜਾ ਨਾ ਸਕੇ। ਉਥੇ ਪੁਲਿਸ ਬਿਠਾ ਦਿੱਤੀ ਭੈਣੀ ਸਾਹਿਬ। ਕੋਈ ਜਾਂਦਾ ਨਹੀਂ ਸੀ, ਡਰਾ ਦਿੰਦੇ ਸੀ। ਪਿੰਡਾਂ ਦੇ ਵਿਚ ਘੁੰਮਦੇ ਰਹਿੰਦੇ ਸੀ ਕਿ ਨਾਮਧਾਰੀ ਕੋਈ ਹੋਇਆ ਤਾਂ ਉਸ ਨੂੰ ਤੰਗ ਕਰੋ।

ਦੂਜੇ ਪਾਸੇ ਇਨ੍ਹਾਂ ਨੇ ਜਿਹੜੇ ਕਮਜ਼ੋਰ ਸਿੱਖ ਸੀ, ਸੰਪਰਦਾਵਾਂ ਸੀ ਉਨ੍ਹਾਂ ਨੂੰ ਬੇਅੰਤ ਧਨ ਦਿੱਤਾ ਕਿ ਤੁਸੀਂ ਇਹ ਕਹੋ ਕਿ ਨਾਮਧਾਰੀ ਸਿੱਖ ਨਹੀਂ ਹਨ। ਉਨ੍ਹਾਂ ਦਿਨਾਂ ਵਿਚ ਪੁਜਾਰੀ ਹੁੰਦੇ ਸੀ। ਬਾਬਾ ਜੀ ਨੂੰ ਆਉਣ ਨਾ ਦਿੱਤਾ ਤਖਤ ਦੇ ਉਤੇ। ਕਹਿੰਦੇ 2 ਲੱਖ ਜੁਰਮਾਨਾ ਦਿਓ ਤਾਂ ਆਇਓ। ਉਹ ਕਹਿੰਦੇ ਮੈਂ ਤਾਂ ਗਰੀਬ ਲੁਹਾਰ ਹਾਂ, ਦਾਤੀਆਂ-ਸੰਗਲ ਵੇਚ ਕੇ ਗੁਜਾਰਾ ਕਰਦਾ ਹਾਂ, ਇਹ ਧਨ ਜਿਹੜਾ ਹੈ ਇਹ ਤਾਂ ਸੰਗਤ ਦਾ ਹੈ ਮੇਰਾ ਨਹੀਂ ਹੈ, ਮੈਂ ਤਾਂ ਖੱਦਰ ਪਾ ਕੇ ਗੁਜਾਰਾ ਕਰਦਾ ਹਾਂ। ਇਹ ਚਾਲ ਸੀ ਅੰਗਰੇਜ਼ਾਂ ਦੀ।

ਜਦੋਂ ਕੇਸਗੜ੍ਹ ਨੂੰ ਚੱਲੇ 50,000 ਸਿੰਘ ਨਾਲ ਤੁਰ ਪਿਆ। ਉਧਰ ਨਿਹੰਗ ਸਿੰਘਾਂ ਨੂੰ ਚੁੱਕ ਦਿੱਤਾ ਕਿ ਇਨ੍ਹਾਂ ਨੂੰ ਅੰਦਰ ਨਾ ਵੜਨ ਦਿਓ, ਕਹੋ ਇਹ ਪਤਿਤ ਹੈ ਜੀ, ਇਹ ਕੁਰਾਹੀਆ ਹੈ ਜੀ, ਇਹ ਸਿੱਖ ਨਹੀਂ ਹੈ। ਮਰਜੀ ਹੁੰਦੀ ਹੈ ਰਾਜੇ ਦੀ ਕਿਸੇ ਨੂੰ ਕੁਹਾ ਦੇਵੇ, ਜਿਸਨੂੰ ਜੀਅ ਕਰਦਾ ਹੈ ਕਹਾ ਦੇਵੇ। ਉਨ੍ਹਾਂ ਨੇ ਸਾਰਾ ਹੀ ਜੋਰ ਲਾ ਦਿੱਤਾ, ਨਾਲ ਇਹ ਕਰ ਦਿੱਤਾ ਕਿ ਇਹ ਪੰਜ ਨਹੀਂ ਇਕੱਠੇ ਹੋ ਸਕਦੇ। ਹੁਣ ਪੰਜ ਇਕੱਠੇ ਨਾ ਹੋਣ ਤਾਂ ਅੰਮ੍ਰਿਤ ਕੌਣ ਛਕਾਵੇ, ਬਾਕੀ ਤਾਂ ਅੰਮ੍ਰਿਤ ਛਕਾਉਣ ਵਾਲਾ ਇਥੇ ਹੈ ਹੀ ਕੋਈ ਨਹੀਂ ਸੀ।

ਇਨ੍ਹਾਂ ਨੇ ਭੋਰੇ ਪੱਟ ਲਏ ਖੇਤਾਂ ਵਿਚ, ਉਥੇ ਗੁਪਤ ਰੂਪ ਵਿਚ ਜਾ ਕੇ ਅੰਮ੍ਰਿਤ ਤਿਆਰ ਕਰਨਾ, ਫੇਰ ਕਹਿਣਾ ਹੁਣ ਛਕਾਈਏ ਕਿਵੇਂ। ਕਹਿੰਦੇ, ਤੂੰ ਬਾਲਟੀ ਇਧਰ ਨੂੰ ਲੈ ਜਾਹ ਤੂੰ ਏਧਰ ਨੂੰ ਲੈ ਜਾਹ ਤੇ ਤੂੰ ਓਧਰ ਨੂੰ ਲੈ ਜਾਹ। ਸਿੰਘ ਬਠਾਏ ਹੁੰਦੇ ਬਾਹਰ ਕਿ ਸਾਡਾ ਸਿੰਘ ਆਏਗਾ 2 ਮੀਲ ਤੇ ਬਾਲਟੀ ਹੋਏਗੀ। ਉਸ ਦੇ ਹੱਥ ਵਿਚ ਤੁਸੀਂ ਉਥੇ ਇਕੱਠੇ ਹੋ ਜਾਇਓ ਜਦੇ ਹੀ ਖਿੰਡ ਜਾਇਓ। ਕਿੰਨੀ ਔਖੀ ਸੀ ਸਿੱਖੀ ਉਸ ਵੇਲੇ? ਪੜ੍ਹਿਆ ਕਰੋ ਕਦੇ, ਦੇਖਿਆ ਕਰੋ।

ਸੋ ਇਹ ਕੁਰਬਾਨੀਆਂ ਹੋਇਆ ਕਰਦੀਆਂ ਨੇ ਜਬਰਦਸਤ। ਇਨ੍ਹਾਂ ਨੇ ਜਿੱਤਿਆ ਹੁੰਦਾ ਹੈ ਨਾਮ ਦੇ ਬਲ ਦੇ ਨਾਲ, ਮੌਤ ਵਗੈਰਾ ਇਨ੍ਹਾਂ ਦੇ ਸਾਹਮਣੇ ਕੋਈ ਚੀਜ਼ ਨਹੀਂ ਹੁੰਦੀ।

ਕਹਿਣ ਲੱਗਿਆ ਕਿ ਇਹ ਤਾਂ ਨੱਠ ਨੱਠ ਕੇ ਤੋਪਾਂ ਦੇ ਸਾਹਮਣੇ ਸ਼ਹੀਦ ਹੋਏ ਨੇ। ਭਾਈ ਦਇਆ ਸਿੰਘ ਜੀ ਨੂੰ ਇਹ ਕਹਿਣਾ ਕਿ ਮਹਾਰਾਜ ਨੇ ਇਕ ਆਵਾਜ਼ ਦਿੱਤੀ ਫੇਰ ਦੂਜੀ ਦਿੱਤੀ, ਸਹਿਮ ਪੈ ਗਿਆ ਕੋਈ ਨਾ ਉਠਿਆ, ਪਤਾ ਨਹੀਂ ਐਸਾ ਕਹਿਣ ਵਾਲੇ ਉਹ ਲੋਕ ਕੌਣ ਨੇ? ਸਿੱਖੀ ਨੂੰ ਜਾਣਦੇ ਹੀ ਨਹੀਂ ਕਿ ਇਹ ਤਾਂ ਪਤੰਗੇ ਨੇ, ਮਾੜੀ ਜਿਹੀ ਰੋਸ਼ਨੀ ਹੋਵੇ ਨੱਠੇ ਹੀ ਜਾਂਦੇ ਨੇ ਉਥੇ ਨੂੰ, ਹੁਣ ਵੀ ਜਾਂਦੇ ਨੇ।

ਸੋ ਇਹੋ ਜਿਹੀਆਂ ਗੱਲਾਂ ਸਾਡੇ ਖਿਲਾਫ ਲਿਖ ਕੇ, ਵਿਚ ਐਸੀਆਂ ਗੱਲਾਂ ਲਿਆ ਦਿੱਤੀਆਂ, ਸਾਡੇ ਲੋਕ ਹੀ ਕਹੀ ਜਾਂਦੇ ਨੇ। ਉਹ ਤਾਂ ਕਹਿੰਦੇ ਨੇ ਕਿਉਂਕਿ ਆਪ ਬੱਕਰੇ ਮਾਰਦੇ ਨੇ, ਆਪ ਸ਼ਰਾਬਾਂ ਪੀਂਦੇ ਨੇ। ਉਹੋ ਕੁਝ ਇਤਿਹਾਸ ਵਿਚ ਪਾ ਦਿੱਤਾ। ਜੇ ਮੈਂ ਦੱਸਣ ਲੱਗਾਂ ਤਾਂ ਸਾਰਾ ਸਮਾਂ ਇਸੇ ਗੱਲ ਵਿਚ ਲੱਗ ਜਾਏਗਾ।

ਜਦੋਂ ਬਚਿੱਤਰ ਸਿੰਘ ਨੂੰ ਮਹਾਰਾਜ ਨੇ ਕਿਹਾ ਕਿ ਆਹ ਸਾਡਾ ਸ਼ੇਰ ਲੜੇਗਾ ਹਾਥੀ ਨਾਲ। ਇਤਿਹਾਸ ਵਿਚ ਲਿਖਿਆ ਹੋਇਆ ਹੈ ਕਿ ਮਹਾਰਾਜ ਕਹਿੰਦੇ ਕਿ ਜਿਹੜੀ ਸਾਡੀ ਚੀਨ ਵਾਲੀ ਡੱਬੀ ਹੈ ਨਾਂਹ ਅਫੀਮ ਦੀ ਖਾਸ ਉਹ ਦਿਓ ਇਸ ਨੂੰ, ਗੋਲਾ ਵੱਡਾ ਸਾਰਾ ਦਿਓ। ਉਹ ਨਸ਼ਾ ਰਾਤ ਭਰ ਵਿਚ ਉਤਰ ਗਿਆ।

ਕਹਿੰਦੇ, "ਕਿਉਂ?"

ਕਹਿੰਦਾ, "ਹੁਣ ਤਾਂ ਜੀ ਉਤਰ ਗਿਆ।"

ਕਹਿੰਦੇ, "ਲਿਆਓ ਸਾਡੇ ਵਾਲੀ ਡੱਬੀ।" ਆਪ ਮਹਾਰਾਜ ਨੇ ਡੱਬੀ ਕੱਢ ਕੇ ਉਸ ਨੂੰ ਗੋਲਾ ਦਿੱਤਾ।

ਕਹਿੰਦੇ, "ਖਾ, ਬਚਿੱਤਰ ਸਿੰਘ।"

ਉਸ ਨੇ ਉਹ ਖਾਧਾ। ਉਧਰੋਂ ਖਬਰ ਆ ਗਈ ਕਿ ਹਾਥੀ ਛੱਡ ਦਿੱਤਾ। ਜਦੋਂ ਸਾਹਮਣੇ ਆਇਆ।

ਤਾਂ ਮਹਾਰਾਜ ਪੁਛਦੇ ਨੇ ਕਹਿੰਦੇ, "ਕੀ ਆਉਂਦਾ ਹੈ?"

ਕਹਿੰਦਾ, "ਕੱਟਾ ਜਿਹਾ ਦਿਸਦਾ ਹੈ ਜੀ ਮੈਨੂੰ ਤਾਂ।"

ਕਹਿੰਦੇ, "ਆਹ ਕੱਟੇ ਦੇ ਸਿਰ ਵਿਚ ਹੀ ਮਾਰਨਾ ਹੈ ਬਰਛਾ।"

ਆਹ ਤਾਂ ਮਾਮੂਲੀ ਗੱਲ ਹੈ। ਇਸਦਾ ਮਤਲਬ ਕੀ ਹੈ? ਗੱਲ ਇਹ ਬਹੁਤ ਗਹਿਰੀ ਹੈ। ਇਸ ਦਾ ਮਤਲਬ ਹੈ ਗੁਰੂ ਸਾਹਿਬ ਕੋਲ ਬਹਾਦਰ ਨਹੀਂ ਸੀ, drug (ਨਸ਼ਾ) ਖਿਲਾ ਕੇ ਲੜਾਉਂਦੇ ਸੀ।

ਉਸ ਤੋਂ ਬਾਅਦ ਭਾਈ ਤਾਰਾ ਸਿੰਘ ਦਾ ਜ਼ਿਕਰ ਆਉਂਦਾ ਹੈ ਉਸ ਨੂੰ ਸ਼ਰਾਬ ਪਿਲਾਈ, ਫੇਰ ਪਹਿਲੇ ਤੋੜ ਦੀ ਪਿਲਾਈ। ਇਸ ਦਾ ਮਤਲਬ ਸਿੰਘ ਨਸ਼ੇ ਖਾ ਕੇ ਲੜਦੇ ਸੀ।

ਆਹ ਗਲਤੀਆਂ ਕੀਤੀਆਂ ਹੋਈਆਂ ਨੇ ਇਤਿਹਾਸ ਨੇ, ਮੰਨਿਆ ਨਾ ਕਰੋ ਐਸੀਆਂ ਬਾਤਾਂ। ਸਿੰਘ ਦਾ ਦਰਜਾ ਬਹੁਤ ਉੱਚਾ ਹੈ। ਆਪਣੀ ਮਰਜ਼ੀ ਨਾਲ ਸਰੀਰ ਛੱਡ ਸਕਦਾ ਹੈ, ਮਰਜੀ ਨਾਲ ਫੇਰ ਮੁੜ ਕੇ ਆ ਸਕਦਾ ਹੈ।

(ਪੰਨਾ 2 ਦੀ ਬਾਕੀ)

*ਨਾਮੁ ਭਗਤਿ ਦੇ, ਨਿਜ ਘਰਿ ਬੈਠੇ, ਅਜਹੁ ਤਿਨਾੜੀ ਆਸਾ॥*
*ਨਾਨਕ ਮਿਲਹੁ ਕਪਟ ਦਰ ਖੋਲਹੁ ਏਕ ਘੜੀ ਖਟੁ ਮਾਸਾ॥*

ਜਿਨ੍ਹਾਂ ਨੂੰ ਪ੍ਰਭੂ ਤਰੁੱਠ ਕੇ ਆਪਣੇ ਨਾਮ ਦੀ ਬਖਸ਼ਿਸ਼ ਕਰਦਾ ਹੈ, ਆਪਣੀ ਭਗਤੀ ਦੇਂਦਾ ਹੈ, ਉਨ੍ਹਾਂ ਦੀ ਮਾਇਕ ਪਦਾਰਥਾਂ ਅਤੇ ਵਿਕਾਰਾਂ ਦੀ ਭਟਕਣਾ ਖਤਮ ਹੋ ਜਾਂਦੀ ਹੈ ਅਤੇ ਉਹ ਆਪਣੇ ਹਿਰਦੇ-ਘਰ ਵਿਚ ਟਿਕ ਜਾਂਦੇ ਹਨ, ਸਹਿਜ ਅਨੰਦ ਮਾਣਦੇ ਹਨ ਅਤੇ ਉਨ੍ਹਾਂ ਦੇ ਅੰਦਰ ਸਦਾ ਹੀ ਪ੍ਰਭੂ-ਮਿਲਾਪ ਦੀ ਤਾਂਘ ਬਣੀ ਰਹਿੰਦੀ ਹੈ। ਉਹ ਸਦਾ ਪ੍ਰਭੂ ਅੱਗੇ ਅਰਦਾਸ ਕਰਦੇ ਰਹਿੰਦੇ ਹਨ- ਹੇ ਪਾਤਸ਼ਾਹ! ਸਾਨੂੰ ਮਿਲਾਪ ਬਖਸ਼ੋ, ਤੁਹਾਡੇ ਤੇ ਸਾਡੇ ਵਿਚਕਾਰ ਰੁਕਾਵਟ ਬਣੇ ਕਿਵਾੜ ਖੋਹਲ ਦਿਉ। ਹੁਣ ਤੁਹਾਡਾ ਵਿਛੋੜਾ ਸਹਿਆ ਨਹੀਂ ਜਾਂਦਾ, ਇਕ ਘੜੀ ਦਾ ਵਿਛੋੜਾ ਵੀ ਛੇ ਮਹੀਨੇ ਦਾ ਵਿਛੋੜਾ ਜਾਪਦਾ ਹੈ, ਬਹੁਤ ਲੰਮਾ ਤੇ ਦੁਖਦਾਈ ਵਿਛੋੜਾ। ਇਸ ਲਈ ਸਦਾ ਸਦਾ ਮਿਲਾਪ ਦੀ ਬਖਸ਼ਿਸ਼ ਕਰੋ।

(ਪੰਨਾ 4 ਦੀ ਬਾਕੀ)

ਸਾਪੇਖ ਆਪਣੇ ਜੀਵਨ ਵਿਚ ਝਾਤ ਮਾਰਨ ਦੀ ਲੋੜ ਹੈ। ਉਹ ਪਿਆਰ ਦੇ ਸਾਗਰ ਸਨ, ਕੀ ਸਾਡੇ ਅੰਦਰ ਪਿਆਰ ਦੀ ਥਾਂ ਨਫਰਤ ਨੇ ਤਾਂ ਨਹੀਂ ਲੈ ਲਈ? ਉਹ ਨਿਰਲੇਪਤਾ ਦੀ ਮੂਰਤ ਸਨ, ਕਿਤੇ ਸਾਨੂੰ ਮਾਇਆ ਦੀ ਠੱਗ-ਬੂਟੀ ਤਾਂ ਨਹੀਂ ਡੱਸ ਰਹੀ? ਉਨ੍ਹਾਂ ਲਈ ਕੋਈ ਵੈਰੀ, ਬਿਗਾਨਾ ਨਹੀਂ ਸੀ, ਉਨ੍ਹਾਂ ਨੇ 'ਨਾ ਕੋ ਬੈਰੀ ਨਾਹਿ ਬਿਗਾਨਾ, ਸਗਲ ਸੰਗ ਹਮ ਕਉ ਬਨਿ ਆਈ।" ਨੂੰ ਜੀਵਨ ਵਿਚ ਘਟਾਇਆ ਹੋਇਆ ਸੀ, ਕੀ ਅਸੀਂ ਇਸ ਆਦਰਸ਼ ਤੇ ਕਾਇਮ ਹਾਂ? ***'ਸਭੇ ਸਾਂਝੀਵਾਲ ਸਦਾਇਨਿ ਕੋਇ ਨ ਦਿਸੈ ਬਾਹਰਾ ਜੀਉ।'*** ਉਨ੍ਹਾਂ ਨੇ ਦ੍ਰਿੜ੍ਹ ਕਰਵਾਇਆ ਸੀ, ਕੀ ਅਸੀਂ ਇਸ ਤੇ ਪਹਿਰਾ ਦੇ ਰਹੇ ਹਾਂ?

ਸਾਨੂੰ ਸਭ ਗੁਰੂ ਦੇ ਸਿੱਖਾਂ, ਮਹਾਂਪੁਰਸ਼ਾਂ ਦੇ ਪਿਆਰ ਵਾਲਿਆਂ ਨੂੰ ਅੱਜ ਇਸ ਮੌਕੇ ਤੇ ਸ੍ਵੈ-ਪੜਚੋਲ ਕਰਨ ਦੀ ਲੋੜ ਹੈ। ਜੇ ਸਾਡੇ ਮਨ ਵਿਚ ਹੋਰ ਤੇ ਮੁੱਖ ਤੇ ਕੁਝ ਹੋਰ ਹੈ, ਤਾਂ ਬਾਬਾ ਫਰੀਦ ਦੀ ਬੋਲੀ ਵਿਚ ਅਸੀਂ 'ਕੱਚੇ ਮਨੁੱਖ' ਗਰਦਾਨੇ ਜਾਵਾਂਗੇ -

*ਦਿਲਹੁ ਮੁਹਬਤਿ ਜਿੰਨ ਸੇਈ ਸਚਿਆ॥*
*ਜਿਨ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥*

*ਪੰਨਾ - 488*

ਅੱਜ ਮਹਾਂਪੁਰਸ਼ਾਂ ਦੇ ਪਿਆਰ ਵਿਚ ਕੱਚੇ ਨਹੀਂ, ਸੱਚੇ ਮਨੁੱਖ ਬਣਨ ਲਈ ਦਿਲੋਂ ਅਰਦਾਸ ਕਰੀਏ॥

# ਜੇਲ੍ਹ ਚਿੱਠੀਆਂ

***ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ***

*(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ - 62)*

## ਫੇਰ ਸਖ਼ਤੀ ਦੇ ਦੌਰ ਸ਼ੁਰੂ

ਇਸ ਬਿਧ ਕੁਛ ਕਾਲ ਚੁੱਪ ਚਪਾਤੇ ਹੀ ਵਿਹਾਉਂਦੀ ਰਹੀ, ਪਰ ਦਰੋਗਾ ਕਦੋਂ ਸੁਖ ਦਾ ਸਾਹ ਲੈਣ ਦਿੰਦਾ ਸੀ। ਕੋਈ ਨਾ ਕੋਈ ਛਿੰਗੜੀ ਛੇੜਦਾ ਹੀ ਰਿਹਾ। ਅਸਾਨੂੰ ਅੱਡੋ ਅੱਡ ਬਲਾਕਾਂ ਵਿਚ ਬੰਦ ਕਰਕੇ ਅਨੇਕ ਪ੍ਰਕਾਰ ਦੀਆਂ ਅਜ਼ੀਅਤਾਂ ਦੇਣੀਆਂ ਸ਼ੁਰੂ ਕਰ ਦਿਤੀਆਂ। ਐਥੇ ਤਾਈਂ ਕਿ ਅਸਾਡੇ ਇਕ ਸਾਥੀ ਵੀਰ ਦਲ ਸਿੰਘ (ਉਰਫ ਪਾਲਾ ਸਿੰਘ ਢੂਡੀਕੇ( ਨੂੰ ਨਹੱਕੀਆਂ ਬੈਂਤਾਂ ਲਗਵਾ ਦਿਤੀਆਂ। ਦਾਸ ਨੇ ਕਿਸੇ ਬਿਧ ਆਈ. ਜੀ. ਨੂੰ ਖਬਰ ਕਰ ਦਿਤੀ ਅਤੇ ਉਸ ਨੂੰ ਤਕੜੀ ਚੌਕਸਾਈ ਕਰ ਭੇਜੀ ਕਿ ਛੇਤੀ ਆਓ ਨਹੀਂ ਤਾਂ ਕੰਮ ਬਿਫਲ ਜਾਏਗਾ ਅਤੇ ਫੇਰ ਆਪ ਨੂੰ ਪਛਤਾਉਣਾ ਪਏਗਾ। ਆਈ. ਜੀ. ਖਬਰ ਪੁੱਜਣ ਸਾਰ ਆਇਆ। ਰਾਂਚੀ ਉਸ ਦੀ ਰਿਹਾਇਸ਼ ਸੀ ਜੋ ਹਜ਼ਾਰੀ ਬਾਗ ਤੋਂ 60-80 ਮੀਲ ਦੇ ਫਾਸਲੇ ਤੇ ਸੀ। ਖਬਰ ਪਹੁੰਚਣ ਸਾਰ ਹੀ ਤੁਰ ਪਿਆ। ਓਦੋਂ ਹੀ ਪਤਾ ਲੱਗਾ ਕਿ ਮੇਰੀ ਕੋਠੀ ਦੇ ਵਿਹੜੇ ਵਿਚ ਆ ਵੜਿਆ। ਹੋਰ ਜੇਲ੍ਹ ਅਮਲੇ ਦਾ ਲਾਉ ਲਸ਼ਕਰ ਭੀ ਨਾਲੇ ਸਣੇ ਮਿ: ਹਸਬੈਂਡ ਅਤੇ ਦਰੋਗੇ ਦੇ। ਆਉਂਦਿਆਂ ਹੀ ਇਸ ਬਿਧ ਸਵਾਲ ਜਵਾਬ ਉਸ ਦੇ ਨਾਲ ਛਿੜੇ -

ਦਾਸ - ਕੀ ਆਪ ਨੇ ਇਸ ਵਧਾਵਾ ਰਾਮ ਜੇਲ੍ਹਰ ਨੂੰ ਅਸਾਡੇ ਆਰਾਮ ਵਾਸਤੇ ਮੰਗਵਾਇਆ ਹੈ ਕਿ ਅਸਾਨੂੰ ਤਕਲੀਫ ਦੇਣ ਲਈ?

ਆਈ. ਜੀ. - ਮੈਂ ਤਾਂ ਇਸ ਨੂੰ ਤੁਹਾਡੀ ਅਤੇ ਆਪਣੀ ਸਹੂਲੀਅਤ ਲਈ ਮੰਗਵਾਇਆ ਹੈ ਕਿ ਪੰਜਾਬੀ ਭਾਈ ਹੈ, ਤੁਹਾਡੇ ਅਹਿਸਾਸ ਅੱਛੀ ਤਰ੍ਹਾਂ ਜਾਣੇਗਾ। ਤੁਹਾਡੀਆਂ ਸਾਰੀਆਂ ਸ਼ਿਕਾਇਤਾਂ ਭਲੀ ਪ੍ਰਕਾਰ ਰਫ਼ਾ ਕਰਦਾ ਰਹੇਗਾ ਅਤੇ ਮੇਰੀ ਇਜ਼ਤ ਦਾ ਸਾਂਝੀਵਾਲ ਭੀ ਰਹੇਗਾ ਕਿਉਂਕਿ ਇਹ ਮੇਰਾ ਆਪਣੇ ਹੱਥੀਂ ਲਾਇਆ ਰੁਖੜਾ ਹੈ ਅਤੇ ਤੁਸਾਨੂੰ ਭੀ ਮੈਂ ਹਿਕ ਠੋਕ ਕੇ ਆਪਣੀ ਜ਼ਿੰਮੇਵਾਰੀ ਤੇ ਐਥੇ (ਹਜ਼ਾਰੀ ਬਾਗ) ਬੁਲਾਇਆ ਹੈ। ਤੁਹਾਡੀਆਂ ਤਕਲੀਫਾਂ ਪੰਜਾਬੀ ਜੇਲ੍ਹਰ ਹੀ ਰਫ਼ਾ ਕਰ ਸਕਦਾ ਹੈ। ਏਸ ਕਰਕੇ ਅਸੀਂ ਖਾਸ ਤੌਰ ਪਰ ਏਸ ਨੂੰ ਤੇ ਚੀਫ ਵਾਰਡਰ ਕ੍ਰਿਪਾ ਸਿੰਘ ਨੂੰ ਸਿਰਫ ਤੁਹਾਡੀ ਖਾਤਰ ਹੀ ਇਸ ਜੇਲ੍ਹ ਵਿਚ ਤਈਨਾਤ ਕੀਤਾ ਹੈ।

ਦਾਸ - ਇਸ ਨੇ ਤਾਂ ਆਉਂਦੇ ਸਾਰ ਹੀ ਅਸਾਡੇ ਨਾਲ ਆਢਾ ਬੰਨ੍ਹ ਲਿਆ। ਇਸ ਉਤੇ ਇਕ ਤਾਂ ਇਹ ਭਰਮ ਦਾ ਭੂਤ ਸਵਾਰ ਹੋਇਆ ਪਿਆ ਹੈ ਕਿ ਇਹ ਅਸਾਨੂੰ ਚੱਬੇ ਵਾਲੇ ਪੁਲੀਟੀਕਲ ਡਾਕੇ ਵਿਚ ਅਚਾਨਕ ਕਤਲ ਹੋਏ ਆਪਣੇ ਬ੍ਰਾਹਮਣ ਰਿਸ਼ਤੇਦਾਰ ਦਾ ਕਾਤਲ ਸਮਝਦਾ ਹੈ। ਅਸੀਂ ਬਥੇਰਾ ਯਤਨ ਕੀਤਾ ਕਿ ਇਸ ਦਾ ਭਰਮ ਦੂਰ ਹੋਵੇ ਪਰ ਨਾ ਹੋਇਆ। ਦੂਜੇ ਇਸ ਉਤੇ ਮਤਸਰੀ ਹੰਕਾਰ ਦਾ ਭੂਤ ਸਵਾਰ ਹੈ। ਇਹ ਆਪਣੇ ਆਪ ਨੂੰ ਇਸ ਜੇਲ੍ਹ ਵਿਚ ਕੁਲ ਕੁਲਾਂ ਕਹਾਂ ਖੁਦਾ ਸਮਝਦਾ ਹੈ ਅਤੇ ਕਿਸੇ ਨੂੰ ਨਜ਼ਰ ਤਲੇ ਨਹੀਂ ਲਿਆਉਂਦਾ। ਮਿ. ਹਸਬੈਂਡ ਇਸ ਦੇ ਹੱਥਾਂ ਵਿਚ ਖੇਡਦਾ ਹੈ ਅਤੇ ਤੁਸੀਂ ਇਸ ਉਤੇ ਇਤਬਾਰ ਕਰਕੇ ਆਪਣੀ ਸਾਰੀ ਵਾਗਡੋਰ ਏਸੇ ਦੇ ਸਪੁਰਦ ਕਰੀ ਬੈਠੇ ਹੋ। ਇਹ ਬ੍ਰਾਹਮਣ ਛਾਤੀ ਠੋਕ ਕੇ ਵੰਗਾਰਦਾ ਹੈ ਕਿ ਮੈਂ ਹੀ ਜਰਨੈਲ ਹਾਂ, ਮੈਂ ਹੀ ਸੁਪ੍ਰੰਟੰਡੰਟ ਹਾਂ, ਮੈਂ ਜੋ ਚਾਹਾਂ ਸੋ ਕਰਾਂ। ਮੈਂ ਮੁਤਲਕੁਲਇਨਾਨ ਅਤੇ ਖੁਦਮੁਖਤਿਆਰ ਹਾਂ। ਇਸ ਨੂੰ ਇਹ ਖਿਆਲ ਹੈ ਕਿ ਕੋਈ ਮੇਰਾ ਕੁਛ ਨਹੀਂ ਵਿਗਾੜ ਸਕਦਾ। ਤਾਂਹੀ ਤਾਂ ਸਾਡੇ ਇਕ ਸਾਥੀ ਦੇ ਨਿਧੜਕ ਹੋ ਕੇ ਬੈਂਤਾਂ ਲਗਵਾ ਦਿਤੀਆਂ।

ਆਈ.ਜੀ. - (ਹੈਰਾਨੀ ਨਾਲ) ਹੈਂ! ਬੈਂਤਾਂ ਲਗਵਾ ਦਿਤੀਆਂ?

ਦਾਸ - ਹਾਂ, ਦੇਖੋ ਦਲ ਸਿੰਘ ਦਾ ਹਿਸਟਰੀ ਟਿਕਟ ਅਤੇ ਬੈਂਤਾਂ ਭੀ ਬੇ-ਕਸੂਰੇ ਦੇ ਲਵਾਈਆਂ।

ਆਈ.ਜੀ. - (ਸੁਪ੍ਰੰਟੰਡੰਟ ਨੂੰ ਮੁਖਾਤਬ ਹੋ ਕੇ) ਕੀ ਦਲ ਸਿੰਘ ਦੇ ਬੈਂਤਾਂ ਲਗਵਾਈਆਂ ਗਈਆਂ ਅਤੇ ਕਿਸ ਕਸੂਰ ਬਦਲੇ?

ਸੁਪ੍ਰੰ: ਮਿ. ਹਸਬੈਂਡ - ਕੰਮ ਕਰਨ ਤੋਂ ਇਨਕਾਰੀ ਸੀ।

ਆਈ. ਜੀ. - ਕੰਮ ਕਰਨ ਤੋਂ ਇਨਕਾਰੀ ਹੋਣ ਬਦਲੇ ਪੁਲੀਟੀਕਲ ਕੈਦੀ ਦੇ ਬੈਂਤਾਂ ਨਹੀਂ ਲਗ ਸਕਦੀਆਂ।

ਮਿ: ਹਸਬੈਂਡ - ਇਸ ਨੇ ਗੁਸਤਾਖੀ ਭੀ ਕੀਤੀ ਸੀ, ਸੋ ਦਬਾਅ ਕਾਇਮ ਰੱਖਣ ਤੇ ਡਿਸਿਪਲਨ ਬਣਿਆ ਰੱਖਣ ਲਈ ਹੀ ਐਸਾ ਕੀਤਾ।

ਦਾਸ - ਸੁਪ੍ਰੰਟੰਡੰਟ ਹੋਰਾਂ ਨੂੰ ਪੁਛਿਆ ਜਾਏ ਕਿ ਕੀ ਗੁਸਤਾਖੀ ਕੀਤੀ ਅਤੇ ਕਿਸ ਦੀ ਕੀਤੀ? ਇਸ ਦੀ ਕਿ ਕਿਸੇ ਹੋਰਸ ਦੀ?

ਮਿ: ਹਸਬੈਂਡ - (ਆਈ. ਜੀ. ਦੇ ਪੁੱਛਣ ਪਰ) ਇਸ ਨੇ ਜੇਲ੍ਹ ਇੰਚਾਰਜ ਹੈਡਵਾਰਡਰ ਦੀ ਗੁਸਤਾਖੀ ਕੀਤੀ।

ਆਈ.ਜੀ. (ਚੀਫ ਹੈਡਵਾਰਡਰ ਨੂੰ ਸੌਂਹੇ ਹੋ ਕੇ) ਕਿਉਂ ਕ੍ਰਿਪਾ ਸਿੰਘ ਤੁਮਾਰੀ ਏਸ ਨੇ ਕੀ ਗੁਸਤਾਖੀ ਕੀ?

ਕ੍ਰਿਪਾ ਸਿੰਘ ਚੀਫ ਹੈਡ ਵਾਰਡਰ - ਹਜ਼ੂਰ! ਮੇਰੀ ਤਾਂ ਕੋਈ ਗੁਸਤਾਖੀ ਨਹੀਂ ਕੀਤੀ। ਮੈਂ ਤਾਂ ਇਕ ਦਿਨ ਭੀ ਪੰਜਾਬੀ ਸੈਲਾਂ ਦਾ ਇੰਚਾਰਜ ਨਹੀਂ ਰਿਹਾ।

ਆਈ. ਜੀ. (ਜੇਲ੍ਹਰ ਨੂੰ ਕੜਕ ਕੇ) ਤੁਮ ਨੇ ਕਿਉਂ ਬਿਹਾਰੀ ਜਮਾਂਦਾਰ ਕੋ ਪੰਜਾਬੀ ਸੈਲੋਂ ਕਾ ਇੰਚਾਰਜ ਬਣਾਇਆ ਜਬ ਕਿ ਮੈਂ ਨੇ ਤੁਮ ਕੋ ਹੁਕਮ ਦੀਆ ਥਾ ਕਿ

ਕ੍ਰਿਪਾ ਸਿੰਘ ਚੀਫ ਹੈਡ ਵਾਰਡਰ ਹੀ ਪੰਜਾਬੀ ਸੈਲੋਂ ਕਾ ਇੰਚਾਰਜ ਰਹੇਗਾ। ਔਰ ਇਸ ਵਾਸਤੇ ਇਸ ਕੋ (ਕ੍ਰਿਪਾ ਸਿੰਘ ਕੋ) ਯਹਾਂ ਇਸ ਜੇਲ੍ਹ ਮੇਂ ਬੁਲਾਇਆ ਗਿਆ ਥਾ? ਯੇਹ ਬਿਹਾਰੀ ਲੋਗ ਤੋ ਪੰਜਾਬੀਓਂ ਕੀ ਬੋਲੀ ਹੀ ਨਹੀਂ ਸਮਝਤੇ।

ਦਾਸ — (ਆਈ.ਜੀ. ਨੂੰ ਸੌਂਹੇ) ਇਹ ਗੱਲ ਆਪ ਦੀ ਬਿਲਕੁਲ ਸੱਚ ਹੈ। ਇਹ ਤਿਲਕਧਾਰੀ ਬਿਹਾਰੀ ਜਮਾਂਦਾਰ ਜੋ ਪੰਜਾਬੀ ਸੈਲਾਂ ਦਾ ਇੰਚਾਰਜ ਹੈ ਅਸਾਡੀ ਆਮ ਪੰਜਾਬੀ ਭੀ ਨਹੀਂ ਸਮਝਦਾ। ਠੇਠ ਪੰਜਾਬੀ ਤਾਂ ਇਸ ਨੇ ਕੀ ਸਮਝਣੀ ਸੀ ਅਤੇ ਇਹ ਬੈਂਤਾਂ ਵਾਲਾ ਮਾਮਲਾ ਭੀ ਏਸੇ ਦੀ ਬੇਸਮਝੀ ਦੇ ਕਾਰਨ ਹੋਇਆ ਹੈ।

ਆਈ.ਜੀ. – (ਤਿਲਕਧਾਰੀ ਨੂੰ ਡਾਂਟ ਕੇ) ਕਿਆ ਤੁਮ ਪੰਜਾਬੀ ਸਮਝਤੇ ਹੋ?

ਤਿਲਕਧਾਰੀ – ਹਾਂ ਹਜ਼ੂਰ ਅੱਛੀ ਤਰ੍ਹਾਂ ਸਮਝ ਸਕਤਾ ਹੂੰ।

ਦਾਸ – (ਤਿਲਕਧਾਰੀ ਨੂੰ) ਤੁਸੀਂ ਸਾਰੇ ਬਿਹਾਰੀ ਲੋਕ ਝੂਠੇ ਹੋ।

ਤਿਲਕਧਾਰੀ –(ਆਈ.ਜੀ. ਨੂੰ ਸ਼ਿਕਾਇਤੀ ਹੋ ਕੇ) ਦੇਖੋ ਸਾਹਿਬ! ਆਪ ਕੇ ਸਾਮ੍ਹਣੇ ਹਮ ਕੋ ਗਾਰੀ (ਗਾਲੀ) ਨਿਕਾਲਤਾ ਹੈ। ਐਸਾ ਹੀ ਦਲ ਸਿੰਘ ਨੇ ਉਸ ਦਿਨ ਹਮ ਕੋ ਸਾਰੇ (ਸਾਲੇ) ਕਹਾ ਥਾ।

ਆਈ.ਜੀ. – (ਹਸ ਕੇ ਤੇ ਫੇਰ ਗੁੱਸੇ ਹੋ ਕੇ) ਕੈਸੇ ਕਹਾ ਥਾ? ਕਿਆ ਲਫਜ਼ ਕਹੇ ਥੇ?

ਤਿਲਕਧਾਰੀ – ਜੀ ਸਾਹਿਬ! ਹਮ ਕੋ ਐਸਾ ਕਹਾ ਕਿ ਤੁਮ ਸਾਰੇ ਬਿਹਾਰੀ ਲੋਕ ਹਮ ਕੋ ਤੰਗ ਕਰਤੇ ਹੋ। ਸਾਹਿਬ ਐਸਾ ਹਮ ਕੋ ਉਸ ਨੇ (ਦਲ ਸਿੰਘ ਨੇ) ਸਾਰੇ (ਸਾਲੇ) ਬਣਾਇਆ।

ਆਈ. ਜੀ. (ਜੇਲ੍ਹਰ ਨੂੰ) ਇਸੇ ਕਸੂਰ ਦੀ ਖਾਤਰ ਤੁਸੀਂ ਬੈਂਤਾਂ ਲਗਵਾਈਆਂ ਤੇ ਬੜਾ ਭਾਰੀ ਜ਼ੁਲਮ ਕਮਾਇਆ? ਤੇਰੇ ਵਰਗੇ ਲੋਕ ਹੀ ਗਵਰਨਮਿੰਟ ਨੂੰ ਬਦਨਾਮ ਕਰਾਉਂਦੇ ਹਨ। ਤੂੰ ਮੈਨੂੰ ਭੀ ਬਦਨਾਮ ਕਰੇਂਗਾ ਅਤੇ ਏਸ ਸੁਪ੍ਰੰਟੰਡੰਟ ਨੂੰ ਭੀ। (ਸੁਪ੍ਰੰਟੰਡਤ ਨੂੰ ਸੌਂਹੇ ਅੰਗਰੇਜ਼ੀ ਵਿਚ) ਤੁਸੀਂ ਬਿਲਕੁਲ ਜ਼ੁਲਮ ਅਤੇ ਅਨਰਥ ਕੀਤਾ ਹੈ। ਤੁਮ ਕੋ ਪਤਾ ਲਗਾ ਕਿ ਤਿਲਕਧਾਰੀ ਕੇ ਦਲ ਸਿੰਘ ਨੇ ਕਿਆ ਕਹਾ ਥਾ? ਪੰਜਾਬੀ ਬੋਲੀ ਮੇਂ ਸਾਰੇ ਜੋ ਬੋਲਤੇ ਹੈਂ ਉਸ ਕਾ ਅਰਥ ਸਾਲੇ ਨਹੀਂ ਬਲਕਿ ਸਾਰੇ ਹੈ। ਅਰਥਾਤ ਜੈਸੇ ਬਿਹਾਰੀ ਲੋਕ ( ਆਲ ਨੂੰ ਸਗਰੇ ਬੋਲਤੇ ਹੈਂ, ਹਮਾਰੇ ਹਾਂ ਪੰਜਾਬੀ ਲੋਕ ਸਗਰੇ ਕੀ ਜਗ੍ਹਾ ਸਾਰੇ ਬੋਲਤੇ ਹੈਂ। ਤੁਮ ਨੇ ਬੜਾ ਜ਼ੁਲਮ ਕੀਆ। ਫਿਰ ਏਕ ਵਾਰਡਰ ਯਾ ਹੈਡ ਵਾਰਡਰ ਕੋ ਐਸਾ ਕਹਿ ਭੀ ਦੀਆ ਤੋ ਕਿਆ ਇਸ ਖਾਤਰ ਬੈਂਤੋਂ ਕੀ ਸਜ਼ਾ ਦੇਣੀ ਚਾਹੀਏ? ਇਸ ਮੇਂ ਆਪ ਕੀ ਗੁਸਤਾਖੀ ਕਿਆ ਹੂਈ?

ਸੁਪ੍ਰੰ: ਮਿ: ਹਸਬੈਂਡ – (ਛਿੱਥਾ ਜਿਹਾ ਹੋ ਕੇ) ਮੈਂ ਤਾਂ ਇਸ ਨੂੰ ਖਫੀਫ ਸਜ਼ਾ ਹੀ ਦੇਣ ਲੱਗਾ ਸੀ ਅਰਥਾਤ ਪਹਿਲਾਂ ਮੈਂ ਤਿੰਨ ਦਿਨ ਦੀ ਸਾਧਾਰਨ ਹੱਥਕੜੀ (ਰਾਤ ਦੀ) ਸੁਣਾਈ ਤਾਂ ਦਲ ਸਿੰਘ ਬੋਲਿਆ ਕਿ ਹੋਰ ਸਜ਼ਾ ਦੇ ਲੈ। ਤਾਂ ਮੈਂ ਟਾਟ ਵਰਦੀ ਦੀ ਸਜ਼ਾ ਲਿਖ ਦਿਤੀ। ਤਿਸ ਪਰ ਉਸ ਨੇ ਆਖਿਆ ਹੋਰ ਦਿਲ ਖੁਸ਼ ਕਰ ਲੈ, ਇਸ ਨਾਲ ਕੀ ਬਣਦਾ ਹੈ? ਤਾਂ ਮੈਂ ਖਿੱਝ ਕੇ ਡੰਡਾ ਬੇੜੀ ਲਿਖ ਦਿਤੀ। ਇਸ ਪਰ ਭੀ ਇਹ ਗੁਸਤਾਖੀ ਨਾਲ ਬੋਲਿਆ ਕਿ ਹੋਰ ਜ਼ੋਰ ਲਾ ਲੈ ਜਿਹੜਾ ਲਾਉਣਾ ਹੈ। ਮੈਂ ਸੱਤ ਦਿਨ ਖੜੀ ਹਥਕੜੀ ਭੀ ਲਿਖ ਦਿਤੀ। ਫੇਰ ਭੀ ਉਹ ਆਕੜ ਕੇ ਬੋਲਿਆ ਕਿ ਹੋਰ ਭੀ ਤੇਰੇ ਕੋਲ ਜਿਹੜੀ ਸਜ਼ਾ ਬਾਕੀ ਹੈ ਸੋ ਦੇ ਲੈ। ਤਾਂ, ਮੈਂ ਇਸ ਗੁਸਤਾਖੀ ਨੂੰ ਬਰਦਾਸ਼ਤ ਨਾ ਕਰ ਸਕਿਆ ਸਾਰੀਆਂ ਸਜ਼ਾਵਾਂ ਕੱਟ ਕੇ ਬੈਂਤਾਂ ਦੀ ਸਜ਼ਾ ਲਿਖ ਦਿਤੀ।

ਜੇਲ੍ਹਰ – (ਵਿਚੋਂ ਹੀ ਗੱਲ ਟੁੱਕ ਕੇ) ਜਰਨੈਲ ਸਾਹਿਬ! ਮੈਂ ਉਸ ਨੂੰ ਬਥੇਰਾ ਕਿਹਾ ਕਿ ਤੂੰ ਅਜੇ ਭੀ ਸੁਪ੍ਰੰਟੰਡੰਟ ਤੋਂ ਮਾਫੀ ਮੰਗ ਲੈ। ਪਰ ਉਸ ਨੇ ਫੇਰ ਬੜੇ ਰੋਹ ਵਿਚ ਆਖਿਆ ਕਿ 'ਕਿਉਂ ਮਾਫੀ ਮੰਗਾਂ, ਕੀ ਖੋਤੀ ਨੂੰ ਹੱਥ ਲਗ ਗਿਆ ਹੈ।'

ਮਿ: ਹਸਬੈਂਡ – (ਉਪਰ ਦੀ ਪੈ ਕੇ) ਗੋਇਆ ਹਮ ਕੋ ਉਸ ਨੇ ਖੋਤਾ ਬਣਾਇਆ। ਇਸ ਸੇ ਜ਼ਿਆਦਾ ਔਰ ਕਿਆ ਗੁਸਤਾਖੀ ਹੋ ਸਕਤੀ ਹੈ?

ਆਈ. ਜੀ. – ਤੁਸੀਂ ਦੋਈ ਅਕਲ ਦੇ ਖੋਤੇ ਹੋ। (ਜੇਲ੍ਹਰ ਨੂੰ) ਇਸ ਜ਼ੁਲਮ ਕਰਾਉਣ ਵਿਚ ਸਾਰੀ ਤੇਰੀ ਸ਼ਰਾਰਤ ਹੈ। ਤੇਰੇ ਬਰਖਿਲਾਫ ਪੂਰਾ ਐਕਸ਼ਨ ਲਿਆ ਜਾਵੇਗਾ – (ਮੈਨੂੰ ਮੁਖਾਤਬ ਹੋ ਕੇ) ਤੁਸੀਂ ਹੁਣ ਸਾਰਿਆਂ ਨੂੰ ਸਮਝਾ ਬੁਝਾ ਕੇ ਖਾਣਾ ਖੁਆ ਦਿਓ ਅਤੇ ਕੰਮ ਤੇ ਲਾ ਦਿਓ। ਸਰਕਾਰ ਪੂਰਾ ਇਨਸਾਫ ਕਰੇਗੀ ਅਤੇ ਆਪ ਦੇ ਨਾਲ ਅੱਗੋਂ ਨੂੰ ਅੱਛਾ ਸਲੂਕ ਕੀਤਾ ਜਾਵੇਗਾ।

ਦਾਸ – ਮੈਨੂੰ ਸਮਝਾਉਣ ਬੁਝਾਉਣ ਦੀ ਕੋਈ ਲੋੜ ਨਹੀਂ। ਅੱਗੇ ਦੋ ਤਿੰਨ ਵਾਰ ਸਮਝਾ ਬੁਝਾ ਕੇ ਸਟਰਾਈਕ ਤੁੜਾਈ ਸੀ, ਇਸ ਦਾ ਫਲ ਮੈਨੂੰ ਇਹ ਮਿਲਿਆ ਕਿ ਮੈਨੂੰ ਜੇਲ੍ਹ ਅਤੇ ਸੁਪ੍ਰੰਟੰਡਟ ਨੇ ਰਿੰਗ ਲੀਡਰ (ਵੱਡੇ ਆਗੂ) ਦਾ ਖਿਤਾਬ ਦਿਤਾ। ਜਿਸ ਨੂੰ ਮੈਂ ਆਪਣੀ ਭਾਰੀ ਹਤਕ ਸਮਝਦਾ ਹਾਂ। ਮੇਰਾ ਕਿਸੇ ਰੜੀ ਰਿੰਗ ਲੀਡਰੀ ਵਾਲਾ ਇਨ੍ਹਾਂ ਨਾਲ ਕੋਈ ਸਬੰਧ ਨਹੀਂ, ਮੈਂ ਇਨ੍ਹਾਂ ਨੂੰ ਗੁਰਸਿੱਖ ਮੀਤ ਸਮਝ ਕੇ ਇਤਨੀ ਪ੍ਰੇਰਨਾ ਤਾਂ ਜ਼ਰੂਰ ਕਰਦਾ ਰਹਿੰਦਾ ਹਾਂ ਕਿ ਗੁਰਬਾਣੀ ਦਾ ਪਾਠ ਕਰਦੇ ਰਿਹਾ ਕਰੋ ਅਤੇ ਇਹ ਇਨ੍ਹਾਂ ਦਾ ਅਪਾਰ ਬੀਬਾਪਣ ਹੈ ਕਿ ਇਹ ਸਾਰੇ ਸੱਜਣ ਹੀ ਮੇਰੀ ਬਿਨੈ ਪ੍ਰੇਰਨਾ ਨੂੰ ਮੰਨ ਕੇ ਅਹਿਨਿਸ ਗੁਰਬਾਣੀ ਦੇ ਰਟਣ ਵਿਚ ਲੱਗੇ ਰਹਿੰਦੇ ਹਨ। ਪ੍ਰੰਤੂ ਇਹ ਆਪ ਦੇ ਜੇਲ੍ਹ ਕਰਮਚਾਰੀ ਖਾਸ ਕਰ ਜੇਲ੍ਹਰ ਅਤੇ ਸੁਪ੍ਰੰਟੰਡਟ ਆਏ ਦਿਨ ਸਾਡੇ ਗੁਟਕੇ ਖੋਹ ਲੈਂਦੇ ਹਨ। ਤੁਸੀਂ ਅਸਾਡੀ ਖਾਤਰ ਇਹ ਭੀ ਫੁਰਮਾਇਆ ਸੀ ਕਿ ਤੁਹਾਨੂੰ ਕਿਸੇ ਦਿਨ ਜੇਲ੍ਹ ਵਿਚ ਹੀ ਇਕ ਵੱਡਾ ਹਾਲ ਕਮਰਾ ਗੁਰਦੁਆਰੇ ਵਾਂਗੂੰ ਵਰਤਣ ਲਈ ਦੇ ਦੇਵਾਂਗੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਭੀ ਉਥੇ ਕਰਵਾ ਦਿਆਂਗੇ, ਪ੍ਰੰਤੂ ਅਸੀਂ ਇਹ ਸਮਝ

ਕੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਖਤ ਬੇ-ਅਦਬੀ ਹੋਵੇਗੀ, ਇਸ ਕਰਕੇ ਜੇਲ੍ਹ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਗਾਉਣਾ ਅਯੋਗ ਸਮਝਿਆ। ਅਸਾਡੀ ਕਿਸਮਤ ਵਿਚ ਹੋਵੇਗਾ ਤਾਂ ਅਸਾਨੂੰ ਆਪੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਪਣੇ ਦਰਸ਼ਨਾਂ ਲਈ ਬਾਹਰ ਕੱਢ ਮੰਗਾਉਣਗੇ, ਨਾ ਕਿ ਅਸੀਂ ਗੁਰੂ ਸਾਹਿਬ ਨੂੰ ਐਥੇ ਆਣ ਦੀ ਖੇਚਲ ਦੇਈਏ ਅਤੇ ਮੁਫਤ ਦੀ ਬੇ-ਅਦਬੀ ਕਰਾਈਏ। ਅਸਾਂ ਤੋਂ ਤਾਂ ਗੁਟਕਿਆਂ ਦੀ ਬੇਅਦਬੀ ਭੀ ਨਹੀਂ ਸਹਾਰੀ ਜਾਂਦੀ। ਆਪ ਨੇ ਅਪਾਰ ਕ੍ਰਿਪਾ ਕਰਕੇ ਅਸਾਂ ਨੂੰ ਗੁਟਕਿਆਂ ਦੇ ਉਛਾੜ ਅਤੇ ਗਾਤਰੇ ਵੀ ਬਣਾ ਦਿਤੇ ਪਰ ਇਹ ਜੇਲ੍ਹ ਵਾਲੇ ਕਈ ਵਾਰ ਅਣਹੋਈ ਚੇਹ ਚੜ੍ਹ ਕੇ ਅਸਾਥੋਂ ਉਛਾੜ ਗਾਤਰੇ ਭੀ ਖੋਹ ਲੈ ਜਾਂਦੇ ਹਨ ਅਤੇ ਗੁਟਕਿਆਂ ਨੂੰ ਜੂਠੇ ਮੂਠੇ ਹੱਥ ਲਾਉਣ ਤਾਈਂ ਜਾਂਦੇ ਹਨ। ਕਈ ਵਾਰ ਗੁਟਕੇ ਭੀ ਜ਼ਬਰਦਸਤੀ ਖੋਹ ਕੇ ਲੈ ਜਾਂਦੇ ਹਨ ਕਿ ਏਹ ਉਚੀ ਉਚੀ ਗੁਰਬਾਣੀ ਨਾ ਪੜ੍ਹਨ। ਪਰ ਹੁਣ ਗੁਰਬਾਣੀਆਂ ਸਾਰਿਆਂ ਦੇ ਕੰਠ ਹੋ ਚੁੱਕੀਆਂ ਹਨ। ਇਸ ਕਰਕੇ ਗੁਰਬਾਣੀਆਂ ਦੀਆਂ ਧੁਨੀਆਂ ਫੇਰ ਭੀ ਗੂੰਜਦੀਆਂ ਹੀ ਰਹਿੰਦੀਆਂ ਹਨ। ਹੌਲੇ ਹੋ ਕੇ ਆਪੇ ਗੁਟਕੇ ਮੋੜ ਦਿੰਦੇ ਹਨ। ਪਰ ਅਸੀਂ ਬੇਅਦਬੀ ਸਹਾਰ ਨਹੀਂ ਸਕਦੇ। ਇਸ ਤੋਂ ਬੇਹਤਰ ਹੈ ਕਿ ਗੁਟਕੇ ਅਸੀਂ ਰੱਖੀਏ ਹੀ ਨਾ। ਨਹੀਂ ਤਾਂ ਇਹਨੂੰ ਪੂਰੀ ਪੂਰੀ ਫਹਿਮਾਇਸ਼ ਕਰ ਜਾਓ ਕਿ ਅਸਾਡੇ ਗੁਟਕਿਆਂ ਨੂੰ ਹੱਥ ਨਹੀਂ ਲਾਉਣਾ ਹੋਵੇਗਾ। ਅਸਲ ਗੱਲ ਤਾਂ ਇਹ ਹੈ ਕਿ ਜਦੋਂ ਤਕ ਪੰਡਤ ਵਧਾਵਾ ਰਾਮ ਜੇਲ੍ਹਰ ਏਥੇ ਰਹੇਗਾ, ਉਦੋਂ ਤਾਈਂ ਨਾ ਅਸੀਂ ਸੁਖੀ ਵਸ ਸਕਦੇ ਹਾਂ, ਨਾ ਤੁਸੀਂ ਸੁਖੀ ਰਹਿ ਸਕਦੇ ਹੋ। ਇਸ ਦੇ ਸੁਭਾਉ ਵਿਚ ਹੀ ਬਦਖੂਈ ਹੈ। ਜਦ ਇਹ ਆਪ ਨੂੰ ਹੀ ਕੁਛ ਨਹੀਂ ਸਮਝਦਾ ਤਾਂ ਅਸਾਡੀ ਕੀ ਪਰਵਾਹ ਕਰੇਗਾ? ਅਤੇ ਮਿ. ਹਸਬੈਂਡ ਇਸ ਦੀ ਕਠਪੁਤਲੀ ਹੈ। ਤੁਸੀਂ ਚਾਹੇ ਕਿਤਨੇ ਹੁਕਮ ਦੇ ਲਵੋ ਪਰ ਤੁਹਾਡੇ ਹੁਕਮਾਂ ਦੀ ਇਸ ਨੂੰ ਕੱਖ ਪਰਵਾਹ ਨਹੀਂ।

ਉਦਾਹਰਣ ਮਾਤਰ ਸੁਣ ਲਵੋ। ਆਪ ਨੂੰ ਯਾਦ ਹੋਵੇਗਾ ਕਿ ਇਕ ਵਾਰ ਆਪ ਅਤੇ ਆਪ ਦੇ ਘਰੋਂ ਮਾਈ ਦੋਈ ਵਿਜ਼ਿਟ ਲਈ ਐਥੇ ਆਏ ਸਾਓ ਅਤੇ ਮਾਈ ਦੀ ਸਿਫਾਰਸ਼ ਪਰ (ਜੋ ਉਸ ਨੇ ਮਾਈ ਨੂੰ ਆਪਣੇ ਹੁਦਰੋਂ ਹੀ ਉਪਜੀ ਸੀ) ਆਪ ਨੇ ਗਵਰਨਮਿੰਟ ਪੰਜਾਬ ਪਾਸੋਂ ਮੇਰੀ ਜਾਇਦਾਦ ਵਾਪਸੀ ਲਈ ਲਿਖਤ ਪੜ੍ਹਤ ਕਰਨ ਲਈ ਜੇਲ੍ਹਰ ਤੇ ਮਿ. ਹਸਬੈਂਡ ਨੂੰ ਆਰਡਰ ਦਿਤਾ ਸੀ ਕਿ ਕਾਗਜ਼ਾਤ ਤਿਆਰ ਕਰਕੇ ਆਪ ਦੇ ਪਾਸ ਭੇਜੇ ਜਾਣ। ਮੈਂ ਤਾਂ ਉਦੋਂ ਭੀ ਨਹੀਂ ਮੰਨਦਾ ਸੀ ਕਿਉਂਕਿ ਮੈਨੂੰ ਪਤਾ ਸੀ ਕਿ ਇਨ੍ਹਾਂ ਤਿਲਾਂ ਵਿਚ ਤੇਲ ਨਹੀਂ। ਗੁਰੂ ਰਜ਼ਾ ਉਤੇ ਸ਼ਾਕਰ ਰਹਿਣ ਦਿਓ। ਪਰੰਤੂ ਮਾਈ ਜੀ ਨੇ ਮੇਰੇ ਪਰਿਵਾਰ ਅਤੇ ਬਾਲ ਬੱਚਿਆਂ ਉਤੇ ਤਰਸ ਖਾ ਕੇ ਮੈਨੂੰ ਮਨਾ ਲਿਆ ਸੀ ਕਿ ਇਹ ਅਸੀਂ ਤੁਹਾਡੀ ਖਾਤਰ ਨਹੀਂ ਕਰਾਂਗੇ ਪਰ ਆਪ ਦੇ ਅਨਾਥ ਬੱਚਿਆਂ ਦੀ ਖਾਤਰ ਕਰਦੇ ਹਾਂ ਅਤੇ ਚਾਹੇ ਮੈਂ ਉਸ ਸਮੇਂ ਆਖਿਆ ਸੀ ਕਿ ਅਨਾਥਾਂ ਦਾ ਨਾਥ ਸਤਿਗੁਰੂ ਕਰਤਾਰ ਆਪ ਹੈ ਉਹ ਆਪ ਪ੍ਰਤਿਪਾਲਾ ਕਰੇਗਾ। ਗੁਰੂ ਅਤੇ ਗੁਰੂ ਪੰਥ ਨੂੰ ਸਭ ਦੀ ਸਾਰ ਹੈ ਪਰ ਫੇਰ ਭੀ ਆਪ ਸਾਹਿਬਾਨ ਨੇ ਇਹ ਆਰਡਰ ਦੇ ਹੀ ਦਿਤਾ ਸੀ, ਪਰੰਤੂ ਇਨ੍ਹਾਂ ਨੇ ਉਸ ਆਰਡਰ ਦੀ ਕੱਖ ਭੀ ਪਰਵਾਹ ਨਹੀਂ ਕੀਤੀ। ਇਕ ਦੋ ਵਾਰ ਮੈਂ ਇਨ੍ਹਾਂ ਨੂੰ ਯਾਦ ਕਰਵਾਇਆ ਅਤੇ ਜੇਲ੍ਹਰ ਨੂੰ ਕਿਹਾ ਕਿ ਜੇ ਤੂੰ ਆਈ.ਜੀ. ਦੇ ਆਰਡਰ ਦੀ ਭੀ ਪਰਵਾਹ ਨਾ ਕਰੇਂ ਤਾਂ ਤੂੰ ਬੜਾ ਅਕ੍ਰਿਤਘਣ ਹੈਂ। ਤਾਂ ਇਸ ਨੇ ਉਸੇ ਵੇਲੇ ਹੀ ਬੜੀ ਬਦਦਿਮਾਗੀ ਅਤੇ ਹਮਾਕਤ ਨਾਲ ਆਪ ਦੇ ਹੁਕਮ ਉਤੇ ਕਲਮ ਫੇਰ ਦਿਤੀ ਅਤੇ ਮੈਨੂੰ ਵੰਗਾਰ ਕੇ ਆਖਿਆ ਕਿ ਤੂੰ ਕਿਸ ਦਾ ਵਿਚਾਰਾ ਹੈਂ, ਐਥੇ ਇਕ ਸਿਪਾਹੀ ਨੇ ਮੈਥੋਂ ਉਪਰੋ ਉਪਰੀ ਜਰਨੈਲ ਸਾਹਿਬ ਪਾਸੋਂ ਇਕ ਮਹੀਨੇ ਦੀ ਛੁੱਟੀ ਦੀ ਮਨਜ਼ੂਰੀ ਦਾ ਆਰਡਰ ਲੈ ਲਿਆ, ਮੈਂ ਉਹ ਭੀ ਮਨਸੂਖ ਕਰ ਦਿਤਾ ਅਤੇ ਜਰਨੈਲ ਸਾਹਿਬ ਦੇ ਆਰਡਰੀ ਕਾਗਜ਼ ਨੂੰ ਉਸ ਸਿਪਾਹੀ ਦੇ ਸਾਮ੍ਹਣੇ ਹੀ ਫਾੜ ਦਿਤਾ। ਸੋ ਜਰਨੈਲ ਸਾਹਿਬ ਜੀ! ਇਹ ਵਧਾਵਾ ਰਾਮ ਐਸਾ ਹੰਕਾਰੀ ਹੈ ਅਤੇ ਆਕੜ ਖਾਨ ਹੈ। ਔਰ ਉਹ ਸਿਪਾਹੀ ਸਾਮ੍ਹਣੇ ਖੜ੍ਹਾ ਹੈ, ਉਸ ਤੋਂ ਪੁੱਛ ਲਵੋ ਕਿ ਇਸ ਨੇ ਆਪ ਦੇ ਉਸ ਆਰਡਰ ਦੀ ਕੀ ਗਤ ਬਣਾਈ ਹੈ ਅਤੇ ਏਸ ਦੀ ਇਸ ਨਾਂ ਫੁਰਮਾਨੀ ਦਾ ਇਹ ਪ੍ਰਤੱਖ ਸਬੂਤ ਹੈ ਕਿ ਇਹ ਸਿਪਾਹੀ ਹੁਣ ਤਾਈਂ ਛੁੱਟੀ ਤੇ ਨਹੀਂ ਗਿਆ। ਡਿਊਟੀ ਤੇ ਹਾਜ਼ਰ ਖੜੋਤਾ ਹੈ ਹਾਲਾਂਕਿ ਆਪ ਛੁੱਟੀ ਦਾ ਆਰਡਰ ਦੇ ਚੁੱਕੇ ਹੋ।

ਮੇਰੀ ਇਹ ਗੱਲ ਵਿਚੇ ਹੀ ਸੀ ਕਿ ਆਈ.ਜੀ. ਜੇਲ੍ਹਰ ਨੂੰ ਘੂਰੀ ਵੱਟ ਕੇ ਪਿਆ ਅਤੇ ਕਿਹਾ ਕਿ ਜਲਦੀ ਇਸ ਗਲ ਦੀ ਜਵਾਬ ਦੇਹੀ ਕਰਨੀ ਪਵੇਗੀ। ਫੇਰ ਮੇਰੇ ਵਲ ਮੁਖਾਤਬ ਹੋ ਕੇ ਮੈਨੂੰ ਤਸੱਲੀ ਦਿਤੀ ਕਿ ਅੱਜ ਤੋਂ ਤੁਹਾਡੇ ਨਾਲ ਕੋਈ ਜ਼ੁਲਮ ਨਹੀਂ ਹੋਵੇਗਾ ਅਤੇ ਇਸ ਜੇਲ੍ਹਰ ਦਾ ਫੈਸਲਾ ਕਰ ਦਿਤਾ ਜਾਵੇਗਾ। ਮੈਂ ਆਖਿਆ, ਤੁਸੀਂ ਫੈਸਲਾ ਨਹੀਂ ਕਰੋਗੇ ਤਾਂ ਆਪੇ ਹੋ ਜਾਵੇਗਾ। ਮੈਨੂੰ ਮਲੂਮ ਹੈ ਕਿ ਇਹ ਬੜਾ ਲਿਫਤਾ ਹੈ। ਆਪ ਦੇ ਹੱਥੀਂ ਪੈਰੀਂ ਪੈ ਕੇ ਆਪਣਾ ਮਤਲਬ ਕੱਢ ਲਏਗਾ। ਪਰ ਸਾਡੇ ਉਤੇ ਲੱਗਿਆ ਹੀ ਰਹੇਗਾ। ਪਰ ਏਤਨੀ ਗੱਲ ਹੈ ਕਿ ਜੇ ਇਹ ਏਥੇ ਰਹਿ ਗਿਆ ਤਾਂ ਆਪ ਦੇ ਨਾਮ ਨੂੰ ਕਲੰਕਤ ਕਰੇਗਾ। ਅਸਾਡਾ ਤਾਂ ਇਹ ਕੁਛ ਵਿਗਾੜ ਹੀ ਨਹੀਂ ਸਕਦਾ।

ਇਸ ਪ੍ਰਕਾਰ ਗੱਲਬਾਤ ਹੋਣ ਪਸਚਾਤ ਆਈ.ਜੀ. ਲੋਹਾ ਲਾਖਾ ਹੋਇਆ ਸਾਡੇ ਪਾਸੋਂ ਚਲਿਆ ਗਿਆ ਪਰ ਪਿਛੋਂ ਉਹੋ ਹੀ ਹੋਈ। ਜੇਲ੍ਹਰ ਨੇ ਹੱਥੀਂ ਪੈਰੀਂ ਪੈ ਕੇ ਆਈ. ਜੀ. ਨੂੰ ਫੇਰ ਮੋਮ ਕਰ ਲਿਆ। ਮਾਇਆ ਧਾਰੀਆਂ ਬਡਫੂਲਿਆਂ ਨੂੰ ਖੁਸ਼ਾਮਦ ਪਸੰਦੀ ਇਕ ਐਸਾ ਚਸਕਾ ਹੈ ਕਿ ਚਿੱਚੜ ਵਾਂਗੂੰ ਚਿਮੜਿਆ ਹੀ ਰਹਿੰਦਾ ਹੈ।

# ਇਕ ਮਨੋਹਰ ਸ਼ਖਸੀਅਤ - ਸੰਤ ਬਾਬਾ ਵਰਿਆਮ ਸਿੰਘ ਜੀ

## 17-6-1918 to 31-10-2001

*ਡਾ. ਜਗਜੀਤ ਸਿੰਘ*

*ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥*
*ਜੀਅ ਦਾਨ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥ ਪੰਨਾ - 749*

ਰੂਹਾਨੀਅਤ ਦੀ ਮੂਰਤ, ਗਿਆਨ ਦੇ ਸੂਰਜ ਅਤੇ ਪਿਆਰ ਦੇ ਸਾਗਰ ਸੰਤ ਬਾਬਾ ਵਰਿਆਮ ਸਿੰਘ ਜੀ ਦੇਸ ਪ੍ਰਦੇਸ ਵਿਚ ਲੱਖਾਂ ਵਿਅਕਤੀਆਂ ਨੂੰ ਜੀਅ-ਦਾਨ ਦੇਣ ਵਾਲੇ, ਭਗਤੀ ਵਲ ਪ੍ਰੇਰਤ ਕਰਨ ਵਾਲੇ, ਹਰਮਨ ਪਿਆਰੀ ਬਹੁ-ਪੱਖੀ ਸ਼ਖਸ਼ੀਅਤ ਦੇ ਮਾਲਕ ਸਨ ਜਿਨ੍ਹਾਂ ਬਾਰੇ ਪੂਰੀ ਤਰ੍ਹਾਂ ਜਾਣਨਾ ਅਸੰਭਵ ਨਹੀਂ ਤਾਂ ਕਠਿਨ ਜ਼ਰੂਰ ਹੈ। ਉਹ ਕੈਸੇ ਰੱਬੀ ਪਿਆਰ ਵਿਚ ਮਖਮੂਰ ਇਨਸਾਨ ਸਨ ਆਉ ਕੁਝ ਪੱਖ ਵਿਚਾਰੀਏ -

*** ਆਪ ਜੀ ਦੇ ਅੰਮ੍ਰਿਤਮਈ ਪ੍ਰਵਚਨਾਂ ਦਾ ਸੰਗਤਾਂ ਉਪਰ ਐਸਾ ਜਾਦੂ ਅਸਰ ਹੋਇਆ ਕਿ ਗੁਰੂ ਤੋਂ ਟੁੱਟੇ ਲੱਖਾਂ ਪ੍ਰਾਣੀ ਗੁਰੂ ਵਾਲੇ ਬਣ ਗਏ, ਆਪ ਜੀ ਦੇ ਦੀਵਾਨਾਂ ਵਿਚ ਚਾਰ ਲੱਖ ਤੋਂ ਵੱਧ ਪ੍ਰਾਣੀਆਂ ਨੇ ਗੁਰੂ ਮਹਾਰਾਜ ਦੇ ਖੰਡੇ ਬਾਟੇ ਦਾ ਅੰਮ੍ਰਿਤ ਛਕਿਆ ਤੇ ਗੁਰੂ ਪਿਆਰ ਵਾਲਾ ਜੀਵਨ ਧਾਰਨ ਕੀਤਾ।

*** ਆਪ ਜੀ ਸਭਨਾਂ ਦੇ ਸਾਂਝੇ ਮਨੁੱਖੀ ਪਿਆਰ ਨਾਲ ਮਖਮੂਰ ਮਹਾਂਪੁਰਸ਼ ਸਨ। ਜੇ ਉਨ੍ਹਾਂ ਪਾਸ ਮੁਸਲਮਾਨ ਭਾਈਚਾਰਾ ਸਵਾਲ ਲੈ ਕੇ ਆਇਆ ਤਾਂ ਆਪ ਨੇ (ਚਾਹੜਮਾਜਰਾ ਵਿਖੇ) ਉਨ੍ਹਾਂ ਦੇ ਇਬਾਦਤ ਕਰਨ ਲਈ ਮਸਜਿਦ ਬਣਵਾ ਦਿਤੀ। ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਰੰਪਰਾ ਨੂੰ ਅੱਗੇ ਤੋਰਿਆ।

*** ਸਾਰੇ ਵਰਗਾਂ ਦੇ ਪ੍ਰੇਮੀ ਆਪ ਜੀ ਦੀ ਰੂਹਾਨੀਅਤ ਅਤੇ ਵਿਦਵਤਾ ਤੋਂ ਪ੍ਰਭਾਵਤ ਸਨ। ਜੇ ਸੰਸਾਰ ਪ੍ਰਸਿੱਧੀ ਪ੍ਰਾਪਤ ਡਾਕਟਰ ਸਵਾਮੀ ਰਾਮ ਆਪ ਜੀ ਨੂੰ ਮਿਲਣ ਆਏ ਤਾਂ ਆਪ ਜੀ ਦੇ ਹੀ ਬਣ ਕੇ ਰਹਿ ਗਏ ਅਤੇ ਉਨ੍ਹਾਂ ਵਲੋਂ ਨਿਰਮਾਣਤ ਜੌਲੀ ਗਰਾਂਟ (ਡੇਹਰਾਦੂਨ) ਵਿਖੇ 2500 ਬੈਡ ਦੇ ਹਸਪਤਾਲ ਦੀ ਨੀਂਹ ਆਪ ਜੀ ਦੇ ਕਰਕਮਲਾਂ ਤੋਂ ਰਖਵਾਈ। ਦੋ ਮਹਾਨ ਰੂਹਾਂ ਦੀ ਦੋਸਤੀ ਤੋੜ ਨਿਭੀ।

*** 1988 ਅਤੇ 1993 ਵਿਚ ਪੰਜਾਬ ਵਿਚ ਹੜ੍ਹ ਆਏ ਤਾਂ ਆਪ ਜੀ ਦਾ ਹਿਰਦਾ ਤੜਪ ਉਠਿਆ। ਮਿਸ਼ਨ ਦੇ ਸੈਂਕੜੇ ਵਲੰਟੀਅਰ ਨਾਲ ਲਏ, ਖੁਦ ਅੱਗੇ ਲਗ ਕੇ, ਘਰ ਘਰ, ਪਿੰਡ ਪਿੰਡ ਜਾ ਕੇ ਕ੍ਰੋੜਾਂ ਰੁਪਿਆਂ ਦੀ ਰਾਹਤ ਸਮੱਗਰੀ ਪਹੁੰਚਾਈ। ਕੋਈ ਅਹਿਸਾਨ ਨਹੀਂ, ਕੋਈ ਵਿਖਾਵਾ ਨਹੀਂ, ਫਰਜ਼ ਸਮਝਿਆ।

*** ਜਨਵਰੀ 2001 ਵਿਚ ਗੁਜਰਾਤ ਵਿਚ ਭੁਚਾਲ ਆਏ, ਲੱਖਾਂ ਲੋਕ ਬੇਘਰ ਬੇਆਸਰਾ ਹੋ ਗਏ। ਮਨ ਪੀੜਤ ਹੋਇਆ। ਭਾਈ ਸਾਹਿਬ ਲਖਬੀਰ ਸਿੰਘ ਜੀ ਦੀ ਅਗਵਾਈ ਵਿਚ ਡੇਢ ਕ੍ਰੋੜ ਦੀ ਸਮੱਗਰੀ ਭੇਜੀ, ਲੰਗਰ ਚਲਾਏ ਜਿਸ ਦੀ ਬੇਅੰਤ ਸਰਾਹਨਾ ਹੋਈ।

*** ਅਨੇਕਾਂ ਗਰੀਬ ਬੱਚੀਆਂ ਦੇ ਵਿਆਹ ਆਪਣੀ ਹੱਥੀਂ ਕੀਤੇ। ਇਨ੍ਹਾਂ ਸਭ ਕਾਰਜਾਂ ਵਿਚ ਆਪ ਜੀ ਦੀ ਧਰਮ ਪਤਨੀ ਬੀਬੀ ਰਣਜੀਤ ਕੌਰ (ਬੀਜੀ) ਨੇ ਪੂਰਾ ਸਾਥ ਦਿਤਾ, ਸਗੋਂ ਵੱਧ ਤੋਂ ਵੱਧ ਉਤਸ਼ਾਹ ਵਿਖਾਇਆ ਤੇ ਸੇਵਾ ਕੀਤੀ। ਧਮੋਟ ਦੀ ਨਿਜੀ ਜ਼ਮੀਨ ਵੇਚ ਕੇ ਸਾਰੀ ਰਕਮ ਡਿਸਪੈਂਸਰੀ ਲਈ ਦੇ ਦਿਤੀ।

*** ਪਿੰਡ ਦੇ ਬੱਚੇ ਚੰਗੀ ਉਚੇਰੀ ਵਿਦਿਆ ਤੋਂ ਵਿਰਵੇ ਰਹਿ ਰਹੇ ਹਨ। ਅਹਿਸਾਸ ਜਾਗਿਆ, ਰਤਵਾੜਾ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਖੋਲ੍ਹਿਆ, ਰਾਜਪੁਰੇ, ਬਨੂੜ, ਧਮੋਟ, ਤਰਾਈ ਦੇ ਇਲਾਕੇ ਸ਼ਾਲਾਪੁਰ ਅਤੇ ਖੂਬੀਆ ਨੰਗਲ ਅਤੇ ਹੋਰ ਕਈ ਥਾਂ ਸਕੂਲ ਖੁਲ੍ਹ ਗਏ ਅਤੇ ਇਹ ਸਿਲਸਿਲਾ ਜਾਰੀ ਹੈ।

*** ਅਹਿਸਾਸ ਜਾਗਿਆ, ਸਾਡੇ ਪੇਂਡੂ ਬੱਚੇ ਬਾਹਰ ਪ੍ਰਦੇਸ਼ਾਂ ਵਿਚ ਉਚ ਵਿਦਿਆ ਨਾ ਹੋਣ ਕਾਰਨ ਚੰਗਾ ਰੁਜ਼ਗਾਰ ਨਹੀਂ ਲੈ ਸਕਦੇ, ਆਪ ਜੀ ਨੇ ਰਤਵਾੜਾ ਸਾਹਿਬ ਵਿਖੇ ਇੰਟਰਨੈਸ਼ਨਲ ਡੀਵਾਈਨ ਇਨਸਟੀਚਿਊਟ ਆਫ ਇਨਫਰਮੇਸ਼ਨ ਐਂਡ ਟੈਕਨਾਲੌਜੀ ਦਾ ਨਿਰਮਾਣ ਕੀਤਾ ਜੋ ਬਹੁਤ ਚੜ੍ਹਦੀ ਕਲਾ ਵਿਚ ਜਾ ਰਿਹਾ ਹੈ।

*** ਆਪ ਜੀ ਨੇ ਮਹਿਸੂਸ ਕੀਤਾ ਕਿ ਪੇਂਡੂ ਇਲਾਕਿਆਂ ਵਿਚ ਡਾਕਟਰੀ ਸਹਾਇਤਾ ਬਹੁਤ ਘੱਟ ਪ੍ਰਾਪਤ ਹੈ, ਰਤਵਾੜਾ ਸਾਹਿਬ ਵਿਖੇ, ਧਮੋਟ ਵਿਖੇ ਅਤੇ ਹੋਰ ਅਨੇਕ ਥਾਵਾਂ ਤੇ ਡਿਸਪੈਂਸਰੀਆਂ ਖੋਲ੍ਹੀਆਂ ਜਾਂ ਚਲ ਰਹੀਆਂ ਸਰਕਾਰੀ ਡਿਸਪੈਂਸਰੀਆਂ ਨੂੰ ਦਵਾਈਆਂ ਦੀ ਸਹਾਇਤਾ ਦਿਤੀ।

*** ਰਾੜਾ ਸਾਹਿਬ ਦੇ ਮਹਾਂਪੁਰਸ਼ਾਂ ਨੇ ਇੱਛਾ ਪ੍ਰਗਟ ਕੀਤੀ ਸੀ ਕਿ ਆਡੀਓ ਵੀਡੀਓ ਕੈਸਟਾਂ ਰਾਹੀਂ ਪ੍ਰਚਾਰ ਕਰੋ, ਅੱਜ 3000 ਤੋਂ ਵੱਧ ਕੈਸਟਾਂ ਰਾਹੀਂ ਦੇਸ ਪ੍ਰਦੇਸ ਵਿਚ ਗੁਰਮਤਿ ਦਾ ਪ੍ਰਚਾਰ ਹੋ ਰਿਹਾ ਹੈ।

*** ਸੰਗਤਾਂ ਨੇ ਬੇਨਤੀ ਕੀਤੀ, ਪ੍ਰਵਚਨ ਸਾਂਭੇ ਜਾਣ। ਅਪ੍ਰੈਲ 1995 ਵਿਚ ਹਰ ਮਹੀਨੇ ਛਪਣ ਵਾਲਾ **'ਆਤਮ ਮਾਰਗ'** ਚਾਲੂ ਕਰ ਦਿਤਾ, ਜੋ ਸੰਸਾਰ ਭਰ ਵਿਚ ਪ੍ਰਸਿੱਧ ਹੋਇਆ ਤੇ ਅੱਜ ਵੀ 25,000 ਘਰਾਂ ਨੂੰ ਰੂਹਾਨੀ ਸੇਧ ਤੇ ਨਰੋਆ ਜੀਵਨ ਬਖਸ਼ ਰਿਹਾ ਹੈ। ਐਸੀ ਵਿਉਂਤ ਬਣਾਈ ਕਿ ਮੈਗਜ਼ੀਨ, ਗੁਰੂ ਕ੍ਰਿਪਾ ਸਦਕਾ, ਸਦਾ ਚਾਲੂ ਰਹੇਗਾ।

*** ਗਿਆਨ ਦਾ ਸੂਰਜ, ਪੁਸਤਕਾਂ ਵਿਚ ਰੂਪਮਾਨ ਹੋਇਆ। ਅੱਜ ਮਹਾਂਪੁਰਸ਼ਾਂ ਦੀਆਂ 33 ਪੁਸਤਕਾਂ ਪੰਜਾਬੀ ਵਿਚ ਪ੍ਰਕਾਸ਼ਤ ਹੋ ਚੁੱਕੀਆਂ ਹਨ ਜਿਨ੍ਹਾਂ ਵਿਚੋਂ ਬਹੁਤੀਆਂ ਹਿੰਦੀ ਅਤੇ ਅੰਗ੍ਰੇਜ਼ੀ ਵਿਚ ਵੀ ਉਪਲਬਧ ਹਨ।

ਐਸੀ ਮਹਾਨ ਸ਼ਖਸ਼ੀਅਤ ਦਾ ਜਨਮ ਪਿੰਡ ਧਮੋਟ, ਤਹਿਸੀਲ ਪਾਇਲ (ਲੁਧਿਆਣਾ) ਵਿਖੇ ਮਿਤੀ 17 ਜੁਲਾਈ 1918 ਨੂੰ ਜਥੇਦਾਰ ਕਰਤਾਰ ਸਿੰਘ ਜੀ ਦੇ ਪੂਰਨ ਗੁਰਸਿੱਖ ਪਰਿਵਾਰ ਵਿਚ ਹੋਇਆ। ਬਚਪਨ ਤੋਂ ਹੀ ਆਪ ਜੀ ਨੂੰ ਸੰਤ ਅਤਰ ਸਿੰਘ ਜੀ ਮਸਤੂਆਣਾ, ਸੰਤ ਬਾਬਾ ਨੰਦ ਸਿੰਘ ਜੀ ਕਲੇਰਾਂ ਵਾਲੇ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ, ਸੰਤ ਬਾਬਾ ਦਸੌਂਧਾ ਸਿੰਘ ਜੀ ਨਾਮਧਾਰੀ, ਸੰਤ ਜੋਧ ਸਿੰਘ ਜੀ ਅਤੇ ਸੰਤ ਬਾਬਾ ਅੱਤਰ ਸਿੰਘ ਜੀ ਅਤਲੇ ਵਾਲਿਆਂ ਦੀ ਸੰਗਤ ਪ੍ਰਾਪਤ ਸੀ। ਹਰ ਸਮੇਂ ਨਾਮ-ਬਾਣੀ-ਸਿਮਰਨ ਦਾ ਚਾਅ ਚੜ੍ਹਿਆ ਰਹਿੰਦਾ ਸੀ। 1935 ਵਿਚ ਮਹਾਨ ਹਸਤੀ ਬ੍ਰਹਮਗਿਆਨੀ ਸੰਤ ਬਾਬਾ ਈਸ਼ਰ ਸਿੰਘ ਜੀ (ਰਾੜਾ ਸਾਹਿਬ) ਨਾਲ ਆਪ ਦੀ ਰੂਹਾਨੀ ਮੁਲਾਕਾਤ ਹੋਈ ਅਤੇ ਆਪ ਜੀ ਉਨ੍ਹਾਂ ਦੇ ਹੀ ਹੋ ਕੇ ਰਹਿ ਗਏ। ਅੰਦਰਲਾ ਗਦ ਗਦ ਹੋ ਗਿਆ, ਰੂਹਾਨੀਅਤ ਦੇ ਪੈਂਡੇ ਸੌਖੇ ਹੋ ਗਏ।

18 ਸਾਲ ਦੀ ਆਯੂ ਵਿਚ ਆਪ ਜੀ ਸਿੰਧ ਗਏ। ਗਏ ਤਾਂ ਰੋਜ਼ਗਾਰ ਲਈ ਸੀ ਪਰ ਸੱਚਾ ਸੌਦਾ ਕਰਨ ਵਿਚ ਸਭ ਕੁਝ ਭੁੱਲ ਗਏ। ਦਿਨ ਰਾਤ ਭਗਤੀ ਕਰਦੇ ਰਹੇ, ਨਾਮ ਜਪਦੇ ਰਹੇ ਅਤੇ ਥਾਂ ਥਾਂ ਜਾ ਕੇ ਸੰਗਤਾਂ ਨੂੰ ਨਾਮ ਬਾਣੀ ਨਾਲ ਜੋੜਦੇ ਰਹੇ। ਨਤੀਜੇ ਵਜੋਂ 60 ਮੀਲ ਦੇ ਘੇਰੇ ਵਿਚ ਆਪ ਜੀ ਨੇ ਥਾਂ ਪਰ ਥਾਂ ਜਾ ਕੇ ਗੁਰੂ ਨਾਨਕ ਦੇਵ ਜੀ ਦਾ ਪ੍ਰੇਮ ਸੰਦੇਸ਼ ਦਿਤਾ। 1941 ਵਿਚ ਆਪ ਜੀ ਨੇ ਆਰਮੀ ਹੈਡ ਕੁਆਟਰਜ਼ ਪਟਿਆਲਾ ਵਿਖੇ ਸਰਵਿਸ ਲੈ ਲਈ। ਦਸ ਸਾਲ ਪਿਛੋਂ 1951 ਵਿਚ ਪੰਜਾਬ ਸਕੱਤਰੇਤ ਚੰਡੀਗੜ੍ਹ ਆ ਗਏ ਜਿਥੇ ਆਪ ਜੀ 1966 ਤਕ ਰਹੇ। ਦੋਹੀਂ ਥਾਂ ਸੁਰਤਿ ਸ਼ਬਦ ਵਿਚ ਟਿਕੀ ਰਹੀ ਤੇ ਸੰਗੀ ਸਾਥੀਆਂ ਨੂੰ ਨਾਮ ਬਾਣੀ ਨਾਲ ਜੋੜਿਆ ਜਿਸ ਦੇ ਅਨੇਕਾਂ ਪ੍ਰਸੰਗ ਪ੍ਰਾਪਤ ਹੁੰਦੇ ਹਨ। 1966 ਵਿਚ ਰਾੜਾ ਸਾਹਿਬ ਦੇ ਮਹਾਂਪੁਰਸ਼ਾਂ ਦੇ ਆਦੇਸ਼ ਮੰਨਦੇ ਆਪ ਜੀ ਯੂ.ਪੀ. ਤੈਰਾਈ ਦੇ ਇਲਾਕੇ ਵਿਚ ਖੇਤੀਬਾੜੀ ਕਰਨ ਚਲੇ ਗਏ ਜਿਥੇ ਆਪ ਜੀ ਅਕਤੂਬਰ 1978 ਤਕ ਰਹੇ। ਏਥੇ ਆਪ ਜੀ ਨੇ ਐਨੀ ਮਿਹਨਤ ਅਤੇ ਸਿਆਣਪ ਨਾਲ ਖੇਤੀ ਕੀਤੀ ਕਿ ਆਪ ਜੀ ਦੇ ਮਾਡਲ ਫਾਰਮ ਵੇਖ ਕੇ ਵੱਡੇ ਵੱਡੇ ਖੇਤੀ ਵਿਗਿਆਨੀ ਵੀ ਹੈਰਾਨ ਹੁੰਦੇ। ਦੂਜੇ ਪਾਸੇ ਆਪ ਜੀ ਨੇ ਥਾਂ ਥਾਂ ਜਾ ਕੇ ਗੁਰਬਾਣੀ ਅਤੇ ਨਾਮ ਦਾ ਪ੍ਰਚਾਰ ਕੀਤਾ ਜਿਸ ਸਦਕਾ ਹਜ਼ਾਰਾਂ ਲੋਕਾਂ ਨੇ ਮੰਦ-ਕਰਮਾਂ ਨੂੰ ਛੱਡ ਕੇ ਸਾਫ ਸੁਥਰਾ ਜੀਵਨ ਧਾਰਨ ਕੀਤਾ। ਏਥੇ ਵਸੇ ਪੰਜਾਬੀ ਕਿਸਾਨਾਂ ਦਾ ਜੀਵਨ ਅਪਰਾਧ ਗ੍ਰਸਤ ਸੀ। ਚੋਰੀ, ਕਤਲ, ਸ਼ਰਾਬ, ਲੜਾਈ ਝਗੜੇ ਇਨ੍ਹਾਂ ਦੇ ਜੀਵਨ ਦਾ ਹਿੱਸਾ ਸਨ। ਆਪ ਜੀ ਨੇ ਇਨ੍ਹਾਂ ਦਾ ਜੀਵਨ ਹੀ ਬਦਲ ਕੇ ਰੱਖ ਦਿਤਾ।

ਅਕਤੂਬਰ 1978 ਵਿਚ ਆਪ ਜੀ ਮਹਾਂਪੁਰਸ਼ਾਂ ਦੇ ਆਦੇਸ਼ਾਂ ਦਾ ਪਾਲਨ ਕਰਦੇ ਹੋਏ ਫਾਰਮ ਵੇਚ ਕੇ ਚੰਡੀਗੜ੍ਹ ਆ ਗਏ ਅਤੇ ਚੰਡੀਗੜ੍ਹ, ਮੋਹਾਲੀ ਅਤੇ ਰੋਪੜ ਦੇ ਇਲਾਕੇ ਨੂੰ ਪ੍ਰਚਾਰ ਦਾ ਕੇਂਦਰ ਬਣਾਇਆ। ਘਰ ਘਰ ਪਿੰਡ ਪਿੰਡ ਦੀਵਾਨ ਲਾ ਕੇ ਲੋਕਾਂ ਨੂੰ ਨਸ਼ਿਆਂ ਤੋਂ, ਤੰਬਾਕੂ ਬੀਜਣ ਅਤੇ ਵਰਤਣ ਤੋਂ ਵਰਜਿਆ ਤੇ ਸਿੱਖੀ ਜੀਵਨ ਜਾਚ ਦਿਤੀ।

ਸੰਗਤਾਂ ਦੀ ਭਰਪੂਰ ਮੰਗ ਤੇ ਪਿੰਡ ਰਤਵਾੜਾ ਵਿਖੇ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ ਦਾ ਹੈਡ ਕੁਆਰਟਰ ਸਥਾਪਤ ਕੀਤਾ। ਇਥੇ ਕੰਡਿਆਲੀ ਘਾਹ ਦੇ ਝੁੰਡ, ਸਰਕੜਾ ਅਤੇ ਰੇਤਲੇ ਟਿੱਬੇ ਹੁੰਦੇ ਸਨ। ਆਪ ਜੀ ਦੀ ਦੂਰ ਅੰਦੇਸ਼ੀ ਮਿਹਨਤ, ਪਿਆਰ ਤੇ ਲਗਨ ਸਦਕਾ ਅੱਜ ਇਹ ਰਮਣੀਕ ਅਸਥਾਨ, ਰਤਵਾੜਾ ਸਾਹਿਬ ਸਿੱਖੀ ਅਤੇ ਨਾਮ ਸਿਮਰਨ ਦੇ ਕੇਂਦਰ ਵਜੋਂ ਸੰਸਾਰ ਵਿਚ ਪ੍ਰਸਿੱਧ ਹੈ। ਦੁੱਧ-ਚਿੱਟਾ ਮਖਮਰੀ ਗੁਰਦਵਾਰਾ ਸੁੰਦਰਤਾ ਦਾ ਮੁਜੱਸਮਾ ਹੈ। ਤਪੋਬਨ ਭਗਤੀ ਲਈ ਅਨੂਠਾ ਇਕਾਂਤ ਬਨ ਹਨ। ਗੁਰੂ ਕਾ ਲੰਗਰ 24 ਘੰਟੇ ਅਤੁੱਟ ਵਰਤਦਾ ਹੈ। ਸਕੂਲ ਅਤੇ ਆਈ.ਟੀ. ਕਾਲਜ ਦੀਆਂ ਸੁੰਦਰ ਇਮਾਰਤਾਂ ਮਿਹਨਤ ਤੇ ਲਗਨ ਦੀਆਂ ਮੂੰਹ ਬੋਲਦੀਆਂ ਤਸਵੀਰਾਂ ਹਨ।

ਆਪ ਜੀ ਭਾਵੇਂ 31 ਅਕਤੂਬਰ 2001 ਨੂੰ ਸਰੀਰਕ ਤੌਰ ਤੇ ਵਿਛੋੜੇ ਦੇ ਗਏ ਪਰ ਆਪ ਜੀ ਦਾ ਪਿਆਰ ਤੇ ਉਤਸ਼ਾਹ ਸੰਗਤਾਂ ਵਿਚ ਓਵੇਂ ਹੀ ਕਾਇਮ ਹੈ ਤੇ ਪੂਰੀ ਲਗਨ ਨਾਲ ਸਾਰੇ ਕਾਰਜ ਸੰਪੰਨ ਕੀਤੇ ਜਾ ਰਹੇ ਹਨ।

# ਪੀਰ ਮੁਰੀਦਾ ਪਿਰਹੜੀ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ।*

ਸ਼ਾਨ ......................................।

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਪੰਨਾ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਪੰਨਾ - 289*

*ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ॥*
*ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ॥*
*ਤੇਰੇ ਲਾਲੇ ਕਿਆ ਚਤੁਰਾਈ॥*
*ਸਾਹਿਬ ਕਾ ਹੁਕਮੁ ਨ ਕਰਣਾ ਜਾਈ॥*
*ਮਾ ਲਾਲੀ ਪਿਉ ਲਾਲਾ ਮੇਰਾ ਹਉ ਲਾਲੇ ਕਾ ਜਾਇਆ॥*
*ਲਾਲੀ ਨਾਚੈ ਲਾਲਾ ਗਾਵੈ ਭਗਤਿ ਕਰਉ ਤੇਰੀ ਰਾਇਆ॥*
*ਪੀਅਹਿ ਤ ਪਾਣੀ ਆਣੀ ਮੀਰਾ ਖਾਹਿ ਤ ਪੀਸਣ ਜਾਉ॥*
*ਪਖਾ ਫੇਰੀ ਪੈਰ ਮਲੋਵਾ ਜਪਤ ਰਹਾ ਤੇਰਾ ਨਾਉ॥*
*ਲੂਣ ਹਰਾਮੀ ਨਾਨਕੁ ਲਾਲਾ ਬਖਸਿਹਿ ਤੁਧੁ ਵਡਿਆਈ॥*
*ਆਦਿ ਜੁਗਾਦਿ ਦਇਆਪਤਿ ਦਾਤਾ*
*ਤੁਧੁ ਵਿਣੁ ਮੁਕਤਿ ਨ ਪਾਈ॥* *ਪੰਨਾ - 991*

ਸਾਧ ਸੰਗਤ ਜੀ! ਗੱਜ ਕੇ ਬੋਲਣਾ, ਸਤਿਨਾਮ ਸ੍ਰੀ ਵਾਹਿਗੁਰੂ। ਚਿੱਤ ਬਿਰਤੀਆਂ ਇਕਾਗਰ ਕਰੋ, ਗੁਰੂ ਮਹਾਰਾਜ ਦੇ ਦਰਬਾਰ ਵਿਚ ਪਹੁੰਚੇ ਹੋ, ਅਸੀਂ ਸ਼ਬਦ ਪੜ੍ਹਿਆ ਹੈ ਕਿ 'ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ'। ਪੀਰ ਤੇ ਮੁਰੀਦ ਦਾ ਸੰਬੰਧ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ? ਗੁਰੂ ਦੇ ਕੋਲ ਸਭ ਤੋਂ ਵੱਡੀ ਦੌਲਤ ਹੈ, ਜੋ ਦੁਨੀਆਂ ਦੀ ਕਿਸੇ ਵੀ ਦੌਲਤ ਦੇ ਨਾਲ ਨਹੀਂ ਤੋਲੀ ਜਾ ਸਕਦੀ, ਤੁਲਨਾ ਨਹੀਂ ਕੀਤੀ ਜਾ ਸਕਦੀ। ਗੁਰੂ ਕੋਲ ਨਾਮ ਦੀ ਦੌਲਤ ਹੈ ਤੇ ਨਾਮ ਦੀ ਕੋਈ ਕੀਮਤ ਨਹੀਂ ਹੈ। ਐਸਾ ਮਹਾਂਪੁਰਸ਼ ਦੱਸਦੇ ਹਨ ਕਿ ਵਾਹਿਗੁਰੂ ਸਭ ਤੋਂ ਉਚਾ ਹੈ, ਉਸਦੀ ਕੋਈ ਕੀਮਤ ਨਹੀਂ ਪਾ ਸਕਦਾ। ਲੇਕਿਨ ਉਸ ਤੋਂ ਵੀ ਉਚਾ ਉਸ ਦਾ ਨਾਮ ਹੈ। ਵਾਹਿਗੁਰੂ ਜੀ ਆਪਣੇ ਆਪ ਕਿਸੇ ਦੇ ਹਿਰਦੇ ਵਿਚ ਪ੍ਰਗਟ ਨਹੀਂ ਹੋ ਸਕਦੇ। ਪਤਾ ਨਹੀਂ ਉਹਨਾਂ ਨੇ ਆਪਣੀ ਮੌਜ ਨਾਲ ਇਸੇ ਤਰ੍ਹਾਂ ਰੱਖਿਆ ਹੈ ਪਰ ਜੋ ਉਹਨਾਂ ਦਾ ਨਾਮ ਹੈ ਉਸ ਨੂੰ ਉਹ ਹਿਰਦੇ ਵਿਚ ਪੂਰੀ ਤਰ੍ਹਾਂ ਪ੍ਰਗਟ ਕਰ ਦਿੰਦਾ ਹੈ।

*ਊਚੇ ਉਪਰਿ ਊਚਾ ਨਾਉ॥* *ਪੰਨਾ - 5*

ਵਾਹਿਗੁਰੂ ਤੋਂ ਉਪਰ ਉਸਦਾ ਨਾਮ ਹੈ। ਸੋ ਉਹ ਚੀਜ਼ ਜਿਹੜੀ ਹੈ –

*ਨਾਮੁ ਅਮੋਲਕੁ ਰਤਨੁ ਹੈ ਪੂਰੇ ਸਤਿਗੁਰ ਪਾਸਿ॥*
*ਸਤਿਗੁਰ ਸੇਵੈ ਲਗਿਆ ਕਢਿ ਰਤਨੁ ਦੇਵੈ ਪਰਗਾਸਿ॥*
*ਪੰਨਾ - 40*

ਸਤਿਗੁਰੂ ਦਾ ਵੀ ਐਥੇ ਵਿਸਲੇਸ਼ਨ ਕੀਤਾ ਹੈ। ਮਹਾਰਾਜ ਨੇ ਏਥੇ ਪੂਰਾ ਅੱਖਰ ਵਰਤਿਆ, ਇਸਦਾ ਮਤਲਬ ਹੈ ਕਿ ਕੋਈ ਅਧੂਰਾ ਗੁਰੂ ਵੀ ਹੋਣਾ ਹੈ। ਕੋਈ ਕੱਚਾ ਗੁਰੂ ਵੀ ਹੋਣਾ ਹੈ, ਗੁਰੂਆਂ ਦੀਆਂ ਵੀ ਡਿਗਰੀਆਂ ਹੋਣੀਆਂ ਹਨ। ਗੁਰੂਆਂ ਦੀਆਂ ਡਿਗਰੀਆਂ ਦੋ ਤਰ੍ਹਾਂ ਦੀਆਂ ਹੋ ਸਕਦੀਆਂ ਹਨ। ਇਕ ਤਾਂ ਉਹ ਗੁਰੂ ਨੇ ਜਿਹੜੇ ਨੀਵੇਂ ਪੱਧਰ ਵਿਚ ਆਉਂਦੇ ਹਨ, ਜਿਨ੍ਹਾਂ ਨੂੰ ਅੰਨ੍ਹਿਆ ਦੀ ਕਿਸਮ ਵਿਚ ਰਖਿਆ ਜਾਂਦਾ ਹੈ। ਉਹ ਜਿਹੜੇ ਅੰਨ੍ਹੇ ਗੁਰੂ ਨੇ, ਉਹ ਆਪ ਵੀ ਰਸਤੇ ਤੋਂ ਗਵਾਚੇ ਫਿਰਦੇ ਨੇ ਤੇ ਜਿਹੜੇ ਉਹਨਾਂ ਦੇ ਪਿੱਛੇ ਲਗੇ ਹੋਣੇ ਉਹਨਾਂ ਨੂੰ ਵੀ ਰਾਹ ਨਹੀਂ ਦਿਖਾ ਸਕਦੇ। ਚਾਹੇ ਨਦੀ ਦੇ ਨੇੜੇ ਹੀ ਛੋਟਾ ਜਿਹਾ ਪੁੱਲ ਲਗਿਆ ਹੋਵੇ। ਪਰ ਜੇ ਉਸਦੇ ਅਨੁਭਵੀ ਨੇਤਰ ਨਾ ਹੋਣ ਕਰਕੇ, ਉਹ ਨਦੀ ਦੇ ਵਿਚ ਗੋਤੇ ਖਲਾ ਦੇਵੇਗਾ, ਆਪ ਵੀ ਡੁਬੇਗਾ ਤੇ ਨਾਲ ਦੂਜਿਆਂ ਨੂੰ ਵੀ ਡੋਬ ਦੇਵੇਗਾ। ਮਹਾਰਾਜ ਜੀ ਦਾ ਫੁਰਮਾਨ ਹੈ –

*ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ॥*
*ਆਪਿ ਮੁਸੈ ਮਤਿ ਹੋਛੀਐ ਕਿਉ ਰਾਹੁ ਪਛਾਣੈ॥*
*ਪੰਨਾ - 767*

ਸਾਥ ਭਰੋਸੇ ਨਾਲ ਪਿਛੇ ਲਗਿਆ ਹੁੰਦਾ ਹੈ ਕਿ ਇਹ ਸਾਡੇ ਨਾਲੋਂ ਸਿਆਣਾ ਹੈ, ਇਹ ਗੁਰੂ ਹੈ। ਚਾਹੇ ਦੁਨੀਆਂ ਦਾ ਮਸਲਾ ਲੈ ਲਓ, ਚਾਹੇ ਰੂਹਾਨੀਅਤ ਦਾ ਲੈ ਲਓ। ਦੁਨੀਆਂ ਦੇ ਮਸਲੇ ਵਿਚ ਘਰ ਦਾ ਜੋ ਮੁਖੀ ਹੈ, ਜੇ ਉਹਦੇ ਅਨੁਭਵ ਰੂਪੀ ਨੈਣ ਨਹੀਂ, ਉਹ ਸਾਰੇ ਟੱਬਰ ਨੂੰ ਖੂਹ ਵਿਚ ਸੁਟ ਦਏਗਾ। ਆਪ ਵੀ ਮਰੇਗਾ ਤੇ ਪਰਿਵਾਰ ਨੂੰ ਵੀ ਮਾਰ ਦਏਗਾ, ਰਿਸ਼ਤੇਦਾਰਾਂ ਨੂੰ ਵੀ ਤੰਗ ਕਰੇਗਾ।

ਇਸੇ ਤਰ੍ਹਾਂ ਦੇ ਨਾਲ ਕਿਸੇ ਦੇਸ ਦਾ ਜੋ ਨੇਤਾ ਹੈ, ਮੁੱਖੀ ਹੈ, ਉਹ ਜੇ ਅਨੁਭਵ ਤੋਂ ਹੀਣਾ ਹੈ, ਆਪ ਵੀ ਡੁਬੇਗਾ ਤੇ ਪਿਛੇ ਲਗਿਆਂ ਨੂੰ ਵੀ ਡੋਬ ਦਏਗਾ। ਕਿਸੇ ਕੰਮ ਜੋਗਾ ਨਹੀਂ ਰਹਿਣ ਦਏਗਾ, ਤਬਾਹ ਕਰ ਦਏਗਾ, ਬਰਬਾਦ ਕਰ ਦਏਗਾ। ਦੂਸਰੇ ਦੇਸ਼ ਨਾਲ ਯੁੱਧ ਛੇੜ ਲਏਗਾ, ਧੋਖੇਬਾਜੀ ਵਿਚ ਆ ਜਾਏਗਾ ਕਿਉਂਕਿ ਉਸਨੂੰ ਅਨੁਭਵ ਦੇ ਨੇਤਰ ਪ੍ਰਾਪਤ ਨਹੀਂ ਹੋਏ।

ਇਸੇ ਤਰ੍ਹਾਂ ਜੇ ਮਾਸਟਰ ਹੈ, ਅਨਜਾਣ ਮਾਸਟਰ ਹੈ,

ਉਹ ਫਾਰਮੂਲੇ ਰਾਹੀਂ ਸਵਾਲ ਕਢਾ ਨਹੀਂ ਸਕਦਾ। ਉਹ ਆਪ ਵੀ ਫੇਲ੍ਹ ਹੋਏਗਾ ਤੇ ਬੱਚਿਆਂ ਨੂੰ ਵੀ ਫੇਲ੍ਹ ਕਰਾ ਦਏਗਾ। ਇਸ ਪਾਸੇ ਤਾਂ ਉਹ ਆਉਂਦੇ ਹਨ, ਜਿਸ ਨੂੰ ਅਸਿਖਿਸ਼ਤ ਕਹਿੰਦੇ ਹਨ, ਅਸਿਖਿਅਤ ਅਧਿਆਪਕ। ਕੱਚੇ ਮਾਸਟਰ, ਅਨੁਭਵ ਤੋਂ ਹੀਣੇ। ਗੁਰੂ ਅੱਖਰ ਵਰਤ ਲਓ, ਕੋਈ ਵਰਤ ਲਓ, ਗਾਈਡ ਕਹਿ ਲਓ, ਇਕ ਤਾਂ ਮਹਾਰਾਜ ਨੇ ਇਹ ਕਹਿ ਦਿੱਤਾ। ਇਕ ਪਾਸੇ ਪੂਰੇ ਦੀ ਉਪਾਧੀ ਲਗਾ ਦਿਤੀ ਕਿ ਉਹ ਪੂਰਾ ਹੈ। ਉਹਦੀ ਨਿਸ਼ਾਨੀ ਕੀ ਹੈ?

ਕਹਿੰਦੇ, ਉਹਦੇ ਕੋਲ ਨਾਮ ਦਾ ਰਤਨ ਹੋਇਆ ਕਰਦਾ ਹੈ। ਨਾਮ ਦੀ ਕੋਈ ਕੀਮਤ ਨਹੀਂ ਜਾਣਦਾ। ਕਿੰਨੀ ਹੈ, ਪਰਮੇਸ਼ਰ ਨੂੰ ਪ੍ਰਗਟ ਕਰਨ ਦੀ ਕੇਵਲ ਨਾਮ ਵਿਚ ਸ਼ਕਤੀ ਹੈ, ਕਿਉਂਕਿ ਵਾਹਿਗੁਰੂ ਜੀ ਨੇ ਸੰਸਾਰ ਦੀ ਰਚਨਾ ਰਚ ਕੇ –

*ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ॥*
*ਪੰਨਾ - 999*

ਸੰਸਾਰ ਰਚਨਾ ਰਚ ਕੇ ਪ੍ਰਭੂ ਨੇ ਇਸ ਵਿਚ ਹਉਮੈ ਦਾ ਤੱਤ ਪਾ ਦਿੱਤਾ। ਉਸ ਦੇ ਨਾਲ ਕੀ ਹੋਇਆ?

*ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ॥*
*ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ॥*
*ਪੰਨਾ - 999*

ਉਹ ਤੱਤ ਐਸਾ ਹੈ ਜਿਸ ਦੇ ਨਾਲ ਜੀਵ ਜੰਮਦਾ ਮਰਦਾ ਰਹਿੰਦਾ ਹੈ। ਐਂ ਸਮਝ ਲਓ ਕਿ ਕੋਈ ਵਧੀਆ ਖਾਣਾ ਬਨਾਉਣ ਤੋਂ ਬਾਅਦ, ਬਨਾਉਣ ਵਾਲੇ ਨੇ ਉਹਦੇ ਵਿਚ ਕੋਈ ਬੇਹੋਸ਼ੀ ਦੀ ਬੂਟੀ ਪਾ ਦਿੱਤੀ। ਜਿਸ ਨੂੰ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਠਗਮੂਰੀ ਆਖਿਆ ਹੈ। ਠੱਗਣ ਵਾਲੀ ਇਕ ਐਸੀ ਬੂਟੀ ਜਿਹੜੀ ਸੁਰਤ ਦੇ ਵਿਚੋਂ ਚੇਤਨਤਾ ਗਵਾ ਦੇਵੇ ਤੇ ਫੇਰ ਉਸ ਤੋਂ ਬਾਅਦ ਉਸਨੂੰ ਆਪਣੇ ਕਿਸੇ ਲਾਭ ਹਾਣ ਦਾ ਪਤਾ ਨਾ ਰਹੇ, ਆਪਣੀ ਕੋਈ ਸੁਰਤ ਨਾ ਰਹੇ। ਸੋ ਉਸਦੇ ਨਾਲ ਕੀ ਹੋਏਗਾ? ਉਹਨੂੰ ਲੁੱਟ ਲਓ, ਕੁਛ ਕਰ ਲਓ, ਜਿਹੜਾ ਕੁਛ ਕਰਨਾ ਹੈ। ਐਸੇ ਤਰ੍ਹਾਂ ਦੇ ਨਾਲ ਪਾਰਬ੍ਰਹਮ ਪਰਮੇਸ਼ਰ ਨੇ ਆਪੇ ਆਪਣੇ ਆਪ ਤੋਂ ਜੀਵ ਦੀ ਰਚਨਾ ਕਰਕੇ, ਸ਼ਿਵ ਦੀ ਰਚਨਾ ਕੀਤੀ ਤੇ ਸ਼ਕਤੀ ਦੀ ਰਚਨਾ ਕਰਕੇ ਵਿਚਾਲੇ ਇਕ ਤੱਤ ਪਾ ਦਿਤਾ। ਉਹਦਾ ਨਾਂ ਹੈ ਹਉਮੈ, ਹਉਮੈ ਠਗਮੂਰੀ, ਠਗ ਬੂਟੀ ਹੈ। ਉਸਨੇ ਪਰਮੇਸ਼ਰ ਨੂੰ ਭੁਲਾ ਦਿੱਤਾ। ਉਹ ਭੁਲਿਆ ਹੋਇਆ ਜੀਵ ਭਟਕਦਾ ਫਿਰਦਾ ਹੈ। ਦੁਨੀਆਂ ਵਿਚ ਜੇ ਹੈ ਪਰਮੇਸ਼ਰ ਦਾ ਨਾਮ ਹੈ, ਐਨੀ ਸ਼ਕਤੀ ਰਖਦਾ ਹੈ ਨਾਮ ਤਾਂ ਜੇ ਪ੍ਰਗਟ ਹੋ ਜਾਵੇ ਤਾਂ ਜੋ ਬੇਹੋਸ਼ ਕਰਨ ਵਾਲੀ ਬੂਟੀ ਹੈ, ਇਹਦਾ ਅਸਰ ਉਸੇ ਵੇਲੇ ਖਤਮ ਹੋ ਜਾਂਦਾ ਹੈ। ਜੇ ਬੰਦਾ ਬਿਲਕੁਲ ਮਰ ਵੀ ਗਿਆ ਹੋਵੇ, ਉਹਨੂੰ ਦੁਬਾਰਾ ਜਿਉਂਦਾ ਕਰ ਦਿੰਦਾ ਹੈ ਤੇ ਉਹਦੇ ਵਿਚ ਨਾਮ ਦੀ ਜੋ ਦਵਾਈ ਹੈ, ਉਹਦੇ ਵਿਚ ਸ਼ਕਤੀ ਹੈ। ਜਿਹੜਾ ਪਰਮੇਸ਼ਰ ਰੂਪ, ਰੇਖ, ਰੰਗ, ਭੇਖ ਤੋਂ ਨਿਆਰਾ ਹੈ, ਅੱਖਾਂ ਨਾਲ ਦਿਸਦਾ ਹੀ ਨਹੀਂ ਹੈ, ਕੰਨਾਂ ਨਾਲ ਸੁਣ ਨਹੀਂ ਹੁੰਦਾ, ਹੱਥਾਂ ਨਾਲ ਛਹੁ ਨਹੀਂ ਹੁੰਦਾ, ਜ਼ੁਬਾਨ ਨਾਲ ਚਖਿਆ ਨਹੀਂ ਜਾ ਸਕਦਾ ਤੇ ਨੱਕ ਨਾਲ ਸੁੰਘਿਆ ਨਹੀਂ ਜਾ ਸਕਦਾ। ਐਸਾ ਜੋ ਪਰਮੇਸ਼ਰ ਹੈ ਉਸਨੂੰ ਨਾਮ ਇਕ ਦਮ ਪ੍ਰਗਟ ਕਰ ਦਿੰਦਾ ਹੈ।

ਸੋ ਜੋ ਇਹ ਨਾਮ ਦਾ ਜੋ ਮੁੱਲ ਹੈ ਉਹ ਅਮੋਲ ਹੈ –

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥*
*ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ॥*
*ਪੰਨਾ - 81*

ਹੁਣ ਇਹ ਮਿਲੇ ਕਿਸ ਤਰ੍ਹਾਂ? ਇਹ ਜੋ ਮੁਰਦਿਆਂ ਨੂੰ ਜਿਊਂਦਾ ਕਰ ਦਿੰਦੇ ਨੇ, ਜਿਸ ਨੂੰ ਅੰਮ੍ਰਿਤ ਨਾਮ ਕਹਿੰਦੇ ਹਨ, ਜਿਸਦੇ ਬਾਰੇ ਬਾਣੀ ਦੇ ਅੰਦਰ ਐਸਾ ਫੁਰਮਾਨ ਆਉਂਦਾ ਹੈ –

*ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ*
*ਅੰਮ੍ਰਿਤੁ ਗੁਰਮਤਿ ਪਾਏ ਰਾਮ॥ ਪੰਨਾ - 537*

ਕਹਿੰਦੇ, ਜਿਹੜਾ ਅੰਮ੍ਰਿਤ ਹੈ, ਉਹ ਪਰਮੇਸ਼ਰ ਦਾ ਨਾਮ ਹੈ। ਉਹ ਮਿਲਦਾ ਕਿਥੋਂ ਹੈ? ਜੇ ਗੁਰੂ ਦੀ ਮੱਤ ਧਾਰਨ ਕਰ ਲਵੇ। ਕੰਮ ਕੀ ਕਰਦਾ ਹੈ?

*ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ*
*ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ॥ ਪੰਨਾ - 537*

ਹਉਮੈ ਤੇ ਮਾਇਆ ਵਿਹੁ ਹੈ। ਇਹ ਕਿਸੇ ਤਰੀਕੇ ਨਾਲ ਨਹੀਂ ਜਾਂਦੀ।

*............ ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ॥*
*ਪੰਨਾ - 537*

ਜੇ ਅੰਮ੍ਰਿਤ ਪ੍ਰਾਪਤ ਹੋ ਜਾਵੇ ਤਾਂ ਇਹ ਵਿਹੁ (ਜ਼ਹਿਰ) ਲਹਿ ਜਾਂਦੀ ਹੈ। ਪੁਰਾਣੇ ਇਤਿਹਾਸ ਦੇ ਅੰਦਰ ਕੁਛ ਐਸੀਆਂ ਸਾਖੀਆਂ ਨੇ, ਜਿਨ੍ਹਾਂ ਨੂੰ ਅਸੀਂ ਮਿਥਿਹਾਸਕ ਸਾਖੀਆਂ ਕਹਿ ਕੇ, ਇਕ ਪਾਸੇ ਕਰ ਦਿੰਦੇ ਹਾਂ ਤੇ ਧਿਆਨ ਨਹੀਂ ਦਿੰਦੇ ਜਾਂ ਪੁਰਾਣਕ ਸਾਖੀਆਂ ਕਹਿ ਦਿੰਦੇ ਹਾਂ। ਉਨ੍ਹਾਂ ਤੋਂ ਇਕ ਦਮ ਅਸੀਂ ਮੁਕਰ ਜਾਂਦੇ ਹਾਂ ਕਿ ਇਹਨਾਂ ਵਿਚ ਸਚਾਈ ਤਾਂ ਹੈ ਨਹੀਂ, ਇਹ ਤਾਂ ਬੱਚਿਆਂ ਵਾਂਗ ਕਹਾਣੀਆਂ ਬਣਾਈਆਂ ਹੋਈਆਂ ਹਨ। ਇਹਦਾ ਹੋਰ ਮਤਲਬ ਹੁੰਦਾ ਹੈ ਤੇ ਕਹਾਣੀ ਬਣਾ ਕੇ ਸਚਾਈ ਦਸ ਦਿੰਦੇ ਹਨ। ਚਾਹੇ ਪ੍ਰਹਿਲਾਦ ਦੀ ਹੈ, ਚਾਹੇ ਧਰੂੰ ਦੀ ਹੈ, ਚਾਹੇ ਗਣਕਾ ਦੀ ਹੈ, ਚਾਹੇ ਅਜਾਮਲ ਦੀ ਹੈ, ਚਾਹੇ ਕੋਈ ਹੋਰ ਕਹਾਣੀਆਂ ਹਨ। ਉਹ ਅਸੀਂ ਇਕਦਮ ਨਾ-ਮੰਨਜ਼ੂਰ ਕਰ ਦਿੰਦੇ ਹਾਂ। ਸਾਡੇ ਜਿਹੜੇ ਪੜ੍ਹੇ ਲਿਖੇ ਬੰਦੇ ਹਨ, ਉਹ ਡੂੰਘਾਈ ਵਿਚ ਨਹੀਂ ਜਾਂਦੇ ਕਿ ਇਸਦਾ ਮਤਲਬ ਕੀ ਹੈ?

ਇਕ ਸਾਖੀ ਆਉਂਦੀ ਹੈ, ਲਵ ਤੇ ਕੁਸ਼ ਦੀ। ਸੀਤਾ

ਜੀ ਦੇ ਉਦਰ ਤੋਂ ਜਦੋਂ ਉਹ ਬਨਵਾਸ ਕੱਟ ਰਹੀ ਸੀ ਉਹ ਉਦੋਂ ਪੈਦਾ ਹੋਏ ਕਿਉਂਕਿ ਸੀਤਾ ਜੀ ਨੂੰ ਦੂਰ ਛੱਡ ਆਏ ਸੀ। ਕਿਥੇ ਅਯੋਧਿਆ ਹੈ ਤੇ ਕਿਥੇ ਆ ਕੇ ਅੱਜਕਲ ਜਿਥੇ ਅੰਮ੍ਰਿਤਸਰ ਹੈ, ਉਹ ਥਾਂ ਹੈ। ਸੈਂਕੜੇ ਮੀਲਾਂ ਤੱਕ ਚਲੇ ਹੀ ਆਏ। ਪਤਾ ਨਹੀਂ ਉਹਨਾਂ ਦਾ ਕੀ ਮਤਲਬ ਹੋਣਾ ਹੈ ਕਿ ਐਨੀ ਦੂਰ ਛਡਣਾ ਹੈ, ਬਨਵਾਸ ਵਿਚ। ਲੇਕਿਨ ਉਸ ਵੇਲੇ ਇਕ ਮਹਾਨ ਰਿਸ਼ੀ, ਜਿਸਦਾ ਨਾਮ ਬਾਲਮੀਕ ਸੀ। ਉਹਨਾਂ ਦਾ ਆਸ਼ਰਮ ਸੀ, ਉਸ ਆਸ਼ਰਮ ਦੀ ਓਟ ਲੈ ਕੇ ਛੱਡਿਆ ਕਿ ਇਸਦਾ ਗੁਜਾਰਾ ਹੋ ਜਾਏਗਾ ਤੇ ਵਾਪਸ ਵੀ ਨਹੀਂ ਆਏਗੀ ਕਿਉਂਕਿ ਕਿੰਨੇ ਸੈਂਕੜੇ ਮੀਲ ਦੀ ਦੂਰੀ ਹੋ ਗਈ। ਉਹ ਜੋ ਬਾਲਮੀਕ ਰਿਸ਼ੀ ਸੀ, ਉਹ ਬਹੁਤ ਮਹਾਨ ਤੱਤਵੇਤਾ ਰਿਸ਼ੀ ਨਾਮ ਦਾ ਹੀ ਰੂਪ ਸੀ। ਸਾਰੇ ਪਿਛਲੇ ਜਿੰਨੇ ਵੀ ਰਿਸ਼ੀ, ਮੁਨੀ ਹੋਏ ਹਨ ਉਹ ਬਨਵਾਸੀ ਸੀ।

ਦੋ ਬਾਲਮੀਕ ਹੋਏ ਨੇ, ਇਕ ਬਾਲਮੀਕ ਉਹ ਹੈ, ਜਿਸਦੀ ਜਾਤੀ ਬਾਰੇ ਮਹਾਰਾਜ ਨੇ ਲਿਖਿਆ ਹੈ –

***ਰੇ ਚਿਤ ਚੇਤਿ ਚੇਤ ਅਚੇਤ॥***
***ਕਾਹੇ ਨ ਬਾਲਮੀਕਹਿ ਦੇਖ॥*** *ਪੰਨਾ - 1124*

ਉਸਨੇ ਰਾਮ ਦੀ ਭਗਤੀ ਕਰੀ, ਦੁਆਪਰ ਯੁਗ ਦੇ ਅੰਤ ਵਿਚ ਸੀ ਤੇ ਇਹ ਜਿਹੜਾ ਬਾਲਮੀਕ ਸੀ, ਇਹ ਤ੍ਰੇਤਾ ਯੁਗ ਦੇ ਅੰਤ ਵਿਚ ਹੋਇਆ। ਜੋ ਪਹਿਲਾ ਬਾਲਮੀਕ ਸੀ, ਉਹ ਰਾਜੇ ਦਾ ਪੁੱਤਰ ਸੀ, ਵਿਦਵਾਨ ਸੀ, ਉਚੀ ਜਾਤੀ ਨਾਲ ਸਬੰਧ ਰਖਦਾ ਸੀ। ਦੂਸਰਾ ਜਿਹੜਾ ਬਾਲਮੀਕ ਸੀ, ਉਸਦਾ ਚੰਡਾਲ ਜਾਤੀ ਨਾਲ ਸਬੰਧ ਦੱਸਦੇ ਹਨ ਤੇ ਉਹਦੇ ਬਾਰੇ ਹੀ ਲਿਖਿਆ ਹੈ ਕਿ

***ਵਾਟੈ ਮਾਣਸ ਮਾਰਦਾ ਬੈਠਾ ਬਾਲਮੀਕ ਬਟਵਾੜਾ।***
***ਭਾਈ ਗੁਰਦਾਸ ਜੀ ਦੀ ਵਾਰ 10/19***

ਉਸਦਾ ਕੰਮ ਲੁੱਟਣ ਮਾਰਨ ਦਾ ਸੀ, ਲੇਕਿਨ ਉਸਨੂੰ ਜਿਸ ਵਕਤ ਪੂਰਨ ਮਹਾਂਪੁਰਸ਼ ਮਿਲ ਗਏ।

***ਪੂਰਾ ਸਤਿਗੁਰੁ ਭੇਟਿਆ ਮਨ ਵਿਚਿ ਹੋਆ ਖਿੰਜੋ ਤਾੜਾ।***
***ਭਾਈ ਗੁਰਦਾਸ ਜੀ ਦੀ ਵਾਰ 10/19***

ਅਧੂਰਾ ਨਹੀਂ ਉਸ ਵੇਲੇ ਪੂਰਾ ਸਤਿਗੁਰ ਸੀ। ਗੁਰੂ ਨਾਨਕ ਤੋਂ ਗੁਰੂ ਦਸਮੇਸ਼ ਪਿਤਾ ਤੱਕ ਇਹ ਪਾਰਬ੍ਰਹਮ ਪਰਮੇਸ਼ਰ, ਪਰਮਸ਼ੇਰ ਆਪ ਗੁਰੂ ਸੀ। ਸਾਖੀ ਅਨੁਸਾਰ ਪਾਰਬ੍ਰਹਮ ਪ੍ਰਮੇਸ਼ਰ ਨੇ ਫੁਰਮਾਇਆ, ਹੇ ਨਾਨਕ! ਮੈਂ ਪਾਰਬ੍ਰਹਮ ਪਰਮੇਸ਼ਰ ਤੂੰ ਗੁਰ ਪਰਮੇਸ਼ਰ। ਮੈਂ ਤੈਨੂੰ ਆਪਣਾ ਸਾਕਾਰ ਸਰੂਪ ਬਣਾ ਕੇ ਸੰਸਾਰ ਵਿਚ ਭੇਜਿਆ ਹੈ। ਮੈਂ ਤੇ ਤੂੰ ਇਕੋ ਹੀ ਹਾਂ, ਦੋ ਨਹੀਂ ਹਾਂ। ਇਹ ਗੁਰੂ ਪਰਮੇਸ਼ਰ ਸਾਧੂਆਂ ਨੂੰ ਪੈਦਾ ਕਰਨ ਵਾਸਤੇ ਆਏ ਸੀ, ਕਿਉਂਕਿ ਸਾਧ ਖਤਮ ਹੋ ਗਏ ਸੀ, ਸਾਧ ਬਨਾਉਣ ਵਾਸਤੇ ਧਰਤੀ ਦਾ ਭਾਰ ਸੰਭਾਲਣ ਵਾਸਤੇ ਤੇ ਗੁਰੂ ਨਾਨਕ ਪਾਤਸ਼ਾਹ ਆਪ ਪਰਮੇਸ਼ਰ ਗੁਰੂ ਰੂਪ ਧਾਰ ਕੇ ਸੰਸਾਰ ਵਿਚ ਆਏ –

***ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥***
*ਪੰਨਾ - 1395*

ਸੋ ਇਹ ਜੋ ਬਾਲਮੀਕ ਸੀ। ਇਹ ਇਸੇ ਤਰ੍ਹਾਂ ਸੀ, ਜਿਸਨੇ ਨਾਮ ਨਾਲ ਤਰੱਕੀ ਕਰੀ ਤੇ ਪਾਂਡਵਾ ਦਾ ਜਦੋਂ ਜਗ ਸੰਪੂਰਨ ਨਾ ਹੋਇਆ, ਤਾਂ ਕ੍ਰਿਸ਼ਨ ਮਹਾਰਾਜ ਨੇ ਕਿਹਾ, ਜਦ ਤੱਕ ਤੁਸੀਂ ਬਾਲਮੀਕ ਨੂੰ ਨਹੀਂ ਲੈ ਕੇ ਆਉਂਦੇ, ਉਨੀ ਦੇਰ ਤੱਕ ਜਗ ਸਫਲ ਨਹੀਂ ਹੋਏਗਾ। ਉਹ ਜਿਸ ਵਕਤ ਆਇਆ, ਉਸ ਦੀਆਂ ਜੂਠੀਆਂ ਪਤਲਾਂ ਤੇ ਚਰਨ ਧੋਣ ਦੀ ਜੋ ਸੇਵਾ ਸੀ, ਉਹ ਕ੍ਰਿਸ਼ਨ ਮਹਾਰਾਜ ਜੀ ਨੇ ਆਪਣੀ ਹੱਥੀਂ ਆਪ ਨਿਭਾਈ, ਕਿਉਂਕਿ ਭਗਵਾਨ ਭਗਤ ਦੀ ਸੇਵਾ ਕਰਕੇ ਪ੍ਰਸੰਨ ਹੋਇਆ ਕਰਦਾ ਹੈ। ਸੋ ਇਹ ਫਰਕ ਹੈ, ਮੈਂ ਤਾਂ ਬੇਨਤੀ ਕਰੀ ਹੈ ਕਿਉਂਕਿ ਕਈ ਗਲਤ ਧਾਰਨਾਵਾਂ ਕਰਕੇ ਰੌਲਾ ਪੈ ਜਾਂਦਾ ਹੈ। ਇਹ ਜੋ ਬਾਲਮੀਕ ਸੀ, ਇਹ ਦੁਆਪਰ ਦੇ ਅੰਤ ਵਿਚ ਹੋਇਆ। ਜੋ ਉਹ ਪਹਿਲਾ ਬਾਲਮੀਕ ਸੀ, ਉਹ ਮਹਾਨ ਤੱਪਸਵੀ ਤੇ ਰਿਸ਼ੀ ਸੀ ਤੇ ਰਾਜੇ ਦਾ ਪੁੱਤਰ ਸੀ। ਆਰਯਨ ਜਾਤੀ ਨਾਲ ਸੰਬੰਧ ਰਖਦਾ ਸੀ। ਉਹ ਬਾਲਮੀਕ ਜਿਹੜਾ ਸੀ, ਇਹ ਇਲਾਕੇ ਦੀਆਂ ਜਾਤਾਂ ਵਿਚੋਂ ਸੀ। ਜਿਨ੍ਹਾਂ ਨੂੰ ਆਰਯਨ ਜਿਹੜੇ ਸੀ, ਅਨਾਰਯਨ ਕਿਹਾ ਕਰਦੇ ਸੀ ਤੇ ਉਹਨਾਂ ਦੇ ਨਾਲ ਸੰਪਰਕ ਨਹੀਂ ਸੀ ਰਖਦੇ, ਛੂੰਹਦੇ ਨਹੀਂ ਸੀ, ਕੋਈ ਚੀਜ਼ ਪੜ੍ਹਨ ਨਹੀਂ ਸੀ ਦਿੰਦੇ, ਕੋਈ ਆਪਣਾ ਨਾਮ ਨਹੀਂ ਸੀ ਜੱਪਣ ਦਿੰਦੇ।

ਸੋ ਕਹਿਣ ਲੱਗੇ, ਕਿ ਤੁਸੀਂ ਉਹਨੂੰ ਦੇਖੋ, ਉਹ ਜੋ ਪਹਿਲਾ ਬਾਲਮੀਕ ਸੀ ਲਵ ਤੇ ਕੁਸ਼ ਉਹਦੇ ਆਸ਼ਰਮ ਵਿਚ ਪਲੇ ਤੇ ਪੂਰਨ ਵਿਦਿਆ ਪ੍ਰਾਪਤ ਕੀਤੀ, ਯੁਧ ਦੀ ਵੀ ਤੇ ਨਾਲ ਅੰਤਰ ਆਤਮਾ ਦੀ। ਜਿਸ ਵਕਤ ਲੜਾਈ ਦੇ ਅੰਦਰ ਰਾਮ ਚੰਦਰ ਜੀ ਤੋਂ ਲੈ ਕੇ ਸਾਰੀ ਫੌਜ ਮੂਰਛਤ ਜਾਂ ਮਾਰੀ ਗਈ, ਤਾਂ ਉਸ ਵੇਲੇ ਸੀਤਾ ਜੀ ਨੇ ਜਦੋਂ ਆ ਕੇ ਕਿਹਾ ਕਿ ਤੁਸੀਂ ਤਾਂ ਬੜਾ ਮਾੜਾ ਕੰਮ ਕਰਿਆ, ਮੈਨੂੰ ਵਿਧਵਾ ਕਰ ਦਿੱਤਾ, ਇਹ ਤੁਹਾਡੇ ਪਿਤਾ ਸੀ। ਉਸ ਵੇਲੇ ਇਹਨਾਂ ਕੋਲ ਅੰਮ੍ਰਿਤ ਦਾ ਕੁੰਡ ਸੀ। ਕਈ ਕਿਸਮ ਦੀਆਂ ਸਾਖੀਆਂ ਹਨ, ਕੋਈ ਕਹਿੰਦਾ ਬਾਲਮੀਕ ਨੇ ਦਿੱਤਾ। ਕੋਈ ਕਹਿੰਦਾ, ਲਵ ਤੇ ਕੁਸ਼ ਕੋਲ ਹੀ ਸੀ। ਕੋਈ ਐਸਾ ਕਹਿੰਦੇ ਹਨ ਕਿ ਸਵਰਗਾਂ ਵਿਚ ਸੀ। ਸਵਰਗਾਂ ਬਾਰੇ ਤਾਂ ਗੁਰਮਤਿ ਮੰਨਦੀ ਨਹੀਂ ਕਿਉਂਕਿ –

***ਸੁਰਿਨਰ ਸੁਰਿਨਰ ਮੁਨਿਜਨ ਸਹਜਿ ਵਖਾਣੀ ਰਾਮ॥***
***ਸਹਜੇ ਵਖਾਣੀ ਅਮਿਉ ਬਾਣੀ ਚਰਣ ਕਮਲ ਰੰਗੁ ਲਾਇਆ॥***
***ਜਪਿ ਏਕੁ ਅਲਖੁ ਪ੍ਰਭੁ ਨਿਰੰਜਨੁ ਮਨ ਚਿੰਦਿਆ ਫਲੁ ਪਾਇਆ॥***
*ਪੰਨਾ - 453*

ਉਹ ਤਾਂ ਆਪ ਉਸ ਅੰਮ੍ਰਿਤ ਨੂੰ ਖੋਜਦੇ ਫਿਰਦੇ ਨੇ, ਜਿਹੜਾ ਗੁਰੂ ਕੋਲ ਹੁੰਦਾ ਹੈ, ਹੋਰ ਕਿਸੇ ਕੋਲ ਨਹੀਂ ਹੁੰਦਾ। ਉਹ ਐਸੀ ਚੀਜ਼ ਹੈ ਮਰੇ ਹੋਏ ਦੇ ਉਪਰ ਛਿੜਕ ਦਿਓ ਜਿਉਂਦਾ ਹੋ ਜਾਂਦਾ ਹੈ। ਉਹ ਜਿਹੜਾ ਅੰਮ੍ਰਿਤ ਹੈ ਮਹਾਰਾਜ

ਉਸ ਨੂੰ ਕਹਿੰਦੇ ਉਹ ਅੰਮ੍ਰਿਤ ਨਾਮ ਹੈ। ਨਾਮ ਦੀ ਸ਼ਕਤੀ ਹੈ। ਉਹ ਨਾਮ ਦੀ ਸ਼ਕਤੀ ਨੇ ਜਿੰਨੀ ਫੌਜ ਸੀ ਉਹ ਸਾਰੀ ਜਿਉਂਦੀ ਕਰ ਦਿੱਤੀ। ਉਸ ਥਾਂ ਦਾ ਐਸਾ ਪ੍ਰਤਾਪ ਹੋਇਆ ਕਿ ਉਸ ਥਾਂ ਨੂੰ ਹੁਣ ਅਸੀਂ ਅੰਮ੍ਰਿਤਸਰ ਕਹਿੰਦੇ ਹਾਂ ਤੇ ਐਥੇ ਨਾਮ ਦਾ ਭੰਡਾਰ ਹਰ ਵਕਤ ਚਲਣ ਕਰਕੇ, ਇਹ ਅੰਮ੍ਰਿਤ ਦਾ ਪੱਕਾ ਸਥਾਨ ਬਣ ਗਿਆ।

ਸੋ ਉਹ ਜਿਹੜਾ ਨਾਮ ਹੈ, ਮਹਾਰਾਜ ਕਹਿੰਦੇ, ਗੁਰੂ ਕੋਲ ਹੋਇਆ ਕਰਦਾ ਹੈ।

*ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ*
*ਅੰਮ੍ਰਿਤੁ ਗੁਰਮਤਿ ਪਾਏ ਰਾਮ॥* *ਪੰਨਾ - 537*

ਅੰਮ੍ਰਿਤ ਜਿਹੜਾ ਹੈ, ਗੁਰੂ ਦੀ ਮਤ ਧਾਰਨ ਕਰਨ ਨਾਲ ਮਿਲਦਾ ਹੈ। ਇਹ ਕੀ ਕੰਮ ਕਰਦਾ ਹੈ –

*ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ*
*ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ॥* *ਪੰਨਾ - 537*

ਜੋ ਹਉਮੈ ਪਰਮੇਸ਼ਰ ਨੇ ਸੰਸਾਰ ਦੀ ਰਚਨਾ ਕਰਕੇ ਪਾ ਦਿੱਤੀ ਖੇਲ ਖੇਲ੍ਹਣ ਵਾਸਤੇ, ਉਹਦਾ ਇਲਾਜ ਅੰਮ੍ਰਿਤ ਹੈ, ਨਾਮ ਹੈ, ਨਾਮ ਨੂੰ ਗਰੜ ਵੀ ਕਿਹਾ ਹੈ ਕਿ ਇਹ ਗਰੜ ਜਿਹੜੀ ਮਾਇਆ ਭੁਅੰਗਮ ਸਪਣੀ ਹੈ, ਉਹਨੂੰ ਖਾ ਜਾਂਦਾ ਹੈ। ਇਹ ਸਾਰੀਆਂ ਚੀਜ਼ਾਂ ਮਨੁੱਖ ਨੂੰ ਸਮਝਾਉਣ ਵਾਸਤੇ ਹੈ ਕਿਉਂਕਿ ਬਹੁਤ ਸੂਖਮ ਦਰਸ਼ਨ ਹੈ।

ਸੋ ਜੋ ਨਾਮ ਹੈ, ਉਹ ਗੁਰੂ ਕੋਲ ਹੁੰਦਾ ਹੈ, ਹੁਣ ਇਹ ਕਹਿੰਦੇ ਕਿ ਮਿਲਦਾ ਕਿਵੇਂ ਹੈ? ਕਹਿੰਦੇ –

*ਸਤਿਗੁਰ ਸੇਵੈ ਲਗਿਆ..............॥ ਪੰਨਾ - 40*

ਜਦੋਂ ਗੁਰੂ ਦੀ ਸੇਵਾ ਵਿਚ ਲਗ ਗਿਆ, ਉਸ ਵੇਲੇ ਉਹ ਅੰਮ੍ਰਿਤ ਕੱਢ ਕੇ, ਉਹਨੂੰ ਦੇ ਦਿੰਦਾ ਹੈ।

*............... ਕਢਿ ਰਤਨੁ ਦੇਵੈ ਪਰਗਾਸਿ॥*

*ਪੰਨਾ - 40*

ਸੋ ਬਾਣੀ ਆਪਣੇ ਆਪ ਹੀ ਆਪਣੇ ਅੱਖਰਾਂ ਦਾ ਅਰਥ ਦਸਦੀ ਹੈ। ਇਹਦੇ ਵਿਚ ਖੋਜਣ ਦੀ ਲੋੜ ਨਹੀਂ ਹੈ। ਸੋ ਇਹ ਜੋ ਅੰਮ੍ਰਿਤ ਗੁਰੂ ਦੇ ਪਾਸ ਹੈ, ਇਹ ਲਿਆ ਕਿਵੇਂ ਜਾਵੇ? ਕਹਿੰਦੇ –

*ਸਤਿਗੁਰ ਸੇਵੈ ਲਗਿਆ ............॥* *ਪੰਨਾ - 40*

ਗੁਰੂ ਉਪਰਲੀ-ਉਪਰਲੀ ਸੇਵਾ ਪਰਵਾਨ ਨਹੀਂ ਕਰਦਾ, ਨਾ ਦਿਖਾਵੇ ਦੀ ਕਰਦਾ ਹੈ, ਨਾ ਮੈਂ ਧਾਰਨ ਕਰਕੇ ਕੀਤੀ ਹੋਈ ਸੇਵਾ ਨੂੰ ਪਰਵਾਨ ਕਰਦਾ ਹੈ। ਉਹ ਤਾਂ ਪਰਵਾਨ ਕਰਦਾ ਹੈ, ਜਿਸ ਵਕਤ ਆਦਮੀ ਆਪਣਾ ਆਪ ਤਿਆਗ ਕੇ ਆਪਣੀ ਜਿੰਨੀ ਸਾਰੀ ਹੋਂਦ ਹੈ ਉਹਨੂੰ ਗੁਰੂ ਦੇ ਚਰਨਾਂ ਵਿਚ ਭੇਟਾ ਰਖਕੇ, ਪੂਰੀ ਤਰ੍ਹਾਂ ਦੇ ਨਾਲ ਦੇ ਕੇ, ਬਾਕੀ ਕੀ ਰਹਿ ਜਾਂਦਾ ਹੈ, ਕਹਿੰਦੇ, ਬਾਕੀ ਮੁਰਦਾ ਰਹਿ ਜਾਂਦਾ ਹੈ। ਮੁਰਦਾ ਜਿਹੜਾ ਹੈ, ਉਸਨੂੰ ਕੁਛ ਕਹੀ ਜਾਓ। ਬਾਲਾਂ ਸਿੱਟੀ ਜਾਓ ਉਸ ਉਤੇ, ਕਰੋੜਾਂ ਰੁਪਏ ਤੇ ਗਹਿਣੇ ਤੇ ਦੁਸ਼ਾਲੇ ਸਿੱਟੀ ਜਾਓ ਕੋਈ ਫਰਕ ਨਹੀਂ, ਮਿੱਟੀ ਪਾ ਦਿਓ ਤਾਂ ਫਰਕ ਨਹੀਂ। ਕਹਿੰਦੇ, ਸਿਦਕ ਤੇ ਸਬਰ ਵਿਚ ਰਹਿ ਕੇ ਗੁਰੂ ਦੀ ਸੇਵਾ ਕਰਦਾ ਹੈ। ਮੁਰਦੇ ਵਾਂਗ ਹੋ ਕੇ ਉਸ ਵੇਲੇ ਗੁਰੂ ਪ੍ਰਸੰਨ ਹੋ ਕੇ ਉਸਨੂੰ ਅੰਮ੍ਰਿਤ ਦੀ ਦਾਤ ਦੇ ਦਿਆ ਕਰਦੈ। ਪਰ ਗੁਰਮੁਖ ਧਾਰਨ ਕਰਨ ਦਾ ਐਨਾ ਔਖਾ ਰਸਤਾ ਹੈ, ਜਣੇ-ਖਣੇ ਦੇ ਵਸ ਦੀ ਬਾਤ ਨਹੀਂ ਹੈ।

*ਕੋਟਿ ਮਧੇ ਕੋ ਵਿਰਲਾ ਸੇਵਕੁ ...............॥*

*ਪੰਨਾ - 495*

ਮਹਾਰਾਜ ਨੇ ਗਿਣਤੀ ਕਰਕੇ ਦਸ ਦਿਤੀ ਕਿ ਕਰੋੜਾਂ ਵਿਚ ਇਕ ਅੱਧਾ ਹੈ।

*................ ਹੋਰਿ ਸਗਲੇ ਬਿਉਹਾਰੀ॥*

*ਪੰਨਾ - 495*

ਬਾਕੀ ਤਾਂ ਬਿਹਾਰ ਦਾ ਕੰਮ ਕਰਦੇ ਹਨ। ਅਜੇ ਗੱਲ ਪੂਰੀ ਤਰ੍ਹਾਂ ਸਮਝ ਨਹੀਂ ਆਈ, ਗੁਰੂ ਨਾਨਕ ਸਨਮੁਖ ਨਹੀਂ ਹੋਏ, ਅਜੇ ਗੁਰੂ ਨੂੰ ਉਹ ਚੀਜ਼ ਦਿੱਤੀ ਨਹੀਂ ਜੋ ਦੇਣੀ ਚਾਹੀਦੀ ਹੈ। ਇਸ ਕਰਕੇ ਗੁਰੂ ਵੱਲੋਂ ਵੀ ਸ਼ਾਂਤੀ ਹੀ ਹੈ, ਚੁੱਪ ਹੀ ਹੈ ਕਿਉਂਕਿ ਲੈਣ ਵਾਲਾ ਗਾਹਕ ਆਇਆ ਨਹੀਂ।

*ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ੍॥*
*ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ॥*

*ਪੰਨਾ - 1366*

ਜਦ ਗਾਹਕ ਹੀ ਨਹੀਂ ਆਇਆ, ਲੈਣਾ ਦੇਣਾ ਕੀ ਹੈ। ਇਹਦੀ ਗਾਹਕੀ ਇਹ ਹੈ ਕਿ –

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥*

*ਪੰਨਾ - 1102*

ਇਹ ਬੜੀ ਔਖੀ ਗੱਲ ਹੈ, ਅਸੀਂ ਤਾਂ ਜਿਉਣਾ ਚਾਹੁੰਦੇ ਹਾਂ। ਸਾਨੂੰ ਸਾਡੀ ਪ੍ਰਸੰਸਾ ਦੀ ਲੋੜ ਹੈ, ਲੋਕ ਚੰਗਾ ਚੰਗਾ ਕਹਿਣ, ਮੰਦਾ ਕਹੇ ਤੇ ਅਸੀਂ ਔਖੇ ਹੋ ਜਾਂਦੇ ਹਾਂ, ਦੁਖੀ ਹੋ ਜਾਂਦੇ ਹਾਂ ਕਿਉਂਕਿ ਅਸੀਂ ਅਜੇ ਆਪਾ ਭਾਵ ਤਿਆਗਿਆ ਨਹੀਂ ਹੈ। ਜਿਨ੍ਹਾਂ ਨੇ ਤਿਆਗ ਦਿੱਤਾ ਕਹਿੰਦੇ–

*ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ॥*

*ਪੰਨਾ - 528*

ਅਸੀਂ ਤਾਂ ਗੁਰੂ ਦੇ ਬਣ ਗਏ, ਹੁਣ ਚਾਹੇ ਚੰਗਾ ਕਹੀ ਜਾਓ ਚਾਹੇ ਮਾੜਾ ਕਹੀ ਜਾਓ। ਤੁਸੀਂ ਜਾਣੋ, ਮੇਰਾ ਮਾਲਕ ਜਾਣੇ ਮੈਂ ਤਾਂ ਵਿਚੋਂ ਨਿਕਲ ਗਿਆ।

ਸੋ ਇਹ ਚੀਜ਼ ਬੜੀ ਔਖੀ ਹੈ, ਸਾਧ ਸੰਗਤ ਜੀ! ਇਸਨੂੰ ਸਮਝੋ, ਸਮਝਣ ਦਾ ਯਤਨ ਕਰੋ ਤੇ ਭਾਈ ਗੁਰਦਾਸ ਜੀ ਨੇ ਇਸ ਤਰ੍ਹਾਂ ਨਾਲ ਫੁਰਮਾਨ ਕਰਿਆ ਪੜ੍ਹੋ ਪਿਆਰ ਨਾਲ –

*ਧਾਰਨਾ - ਕਰਿ ਸਿਦਕ ਸਬੂਰੀ ਜੀ -2, 2.*
*ਮੁਰਦੇ ਵਾਂਗ ਮੁਰੀਦ ਹੋਇ -2, 4.*

***ਪੈਰੀ ਪੈ ਪਾਖਾਕ ਹੋਇ ਛਡਿ ਮਣੀ ਮਨੂਰੀ।***
***ਭਾਈ ਗੁਰਦਾਸ ਜੀ ਦੀ ਵਾਰ 27/19***

ਪਹਿਲੀ ਗਲ ਹੈ ਕਿ ਜਿਹੜੀ ਵਿਚ ਮੈਂ ਬਿਰਤੀ ਹੈ ਦੁਨੀਆਂ ਵਿਚ ਜਿਸਨੂੰ ਇਜ਼ਤ ਕਹਿੰਦੇ ਹਨ ਮੇਰੀ ਇਜ਼ਤ, ਲੋਕ ਲਾਜ ਦੀ ਇਜ਼ਤ। ਕਹਿੰਦੇ, ਪਹਿਲਾਂ ਇਸ ਨੂੰ ਛੱਡ ਦੇ। ਗੁਰੂ ਨੇ ਖਬਰੇ ਤੇਰੇ ਤੋਂ ਕੀ ਕੰਮ ਲੈਣੇ ਨੇ ਤੇ ਖਾਕ ਬਣ ਜਾਹ। ਜਿੰਨਾ ਚਿਰ ਤੇਰੇ ਵਿਚ 'ਮੈ' ਚਲਦੀ ਹੈ, ਗੁਰੂ ਕੁਛ ਨਹੀਂ ਕਰ ਸਕਦਾ। ਕਿੰਨਾ ਹੀ ਸਮਰਥ ਗੁਰੂ ਕਿਉਂ ਨ ਹੋਵੇ।

***ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ॥***
***ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ॥***
***ਪੰਨਾ - 1372***

ਬਾਂਸ ਲੈ ਕੇ ਬੰਸਰੀ ਦੀ ਆਵਾਜ਼ ਨਹੀਂ ਨਿਕਲਦੀ। ਬੰਸਰੀ ਦੀ ਆਵਾਜ਼ ਤਾਂ ਨਿਕਲਦੀ ਹੈ ਜੇ ਹੇਠਾਂ ਬਾਂਸ ਦਾ ਪੈਂਦਾ ਦਾ ਜੂਟ ਲਾਇਆ ਹੋਵੇ ਫੇਰ ਉਹ ਪਰਤਵੀ ਫੂਕ ਆ ਕੇ ਗਲੀਆਂ ਦੇ ਵਿਚੋਂ ਛਣ ਬਹੁਤ ਰਸੀਲੀ ਆਵਾਜ਼ ਕੱਢਦੀ ਹੈ। ਜੇ ਉਹ ਨਾ ਹੋਵੇ ਤਾਂ ਅੱਗ ਤਾਂ ਜਲ ਸਕਦੀ ਹੈ, ਲੇਕਿਨ ਉਹਦੇ ਨਾਲ ਕੋਈ ਰਾਗ ਨਹੀਂ ਪੈਦਾ ਹੋ ਸਕਦਾ। ਧੂੜ ਉਡ਼ ਸਕਦੀ ਹੈ, ਰਾਗ ਪੈਦਾ ਨਹੀਂ ਹੋ ਸਕਦਾ।

ਸੋ ਜਦ ਤੱਕ ਗੁਰੂ ਨਾਲ ਐਸਾ ਸੰਬੰਧ ਨਹੀਂ ਪੈਂਦਾ, ਆਪਣਾ ਮਾਨ ਨਹੀਂ ਛਡਦਾ, ਉਂਨੀ ਦੇਰ ਤੱਕ ਸੰਬੰਧ ਨਹੀਂ ਪੈਂਦਾ।

ਮਹਾਰਾਜ ਜੀ ਦੱਸਿਆ ਕਰਦੇ ਸੀ ਮਹਾਤਮਾ ਦੀਆਂ ਛੋਟੀਆਂ ਛੋਟੀਆਂ ਸਾਖੀਆਂ ਹੁੰਦੀਆਂ ਹਨ, ਪਰ ਉਨ੍ਹਾਂ ਦਾ ਬੜਾ ਗਹਿਰਾ ਮਤਲਬ ਸੀ। ਧਿਆਨ ਵਾਲੇ ਮਨੁੱਖ ਦੋ ਕਿਸਮ ਦੇ ਹੁੰਦਾ ਹੈ। ਇਕ ਤਾਂ ਸਾਖੀ ਯਾਦ ਕਰ ਲੈਂਦੇ ਸੀ। ਇਕ ਉਹ ਹੁੰਦੇ ਜਿਹੜੇ ਸਾਖੀ ਦੇ ਗਹਿਰੇ ਭਾਵ ਵਿਚ ਦਾਖਲ ਹੋ ਜਾਂਦੇ ਸੀ। ਆਪਣੀ ਤੁਲਨਾ ਕਰਦੇ ਰਹਿੰਦੇ ਸੀ ਕਿ ਮੈਂ ਏਹੋ ਜਿਹਾ ਹਾਂ ਕਿ ਨਹੀਂ ਹਾਂ। ਮਹਾਂਪੁਰਸ਼ਾਂ ਦੇ ਇਸ਼ਾਰੇ ਹੁੰਦੇ ਸੀ, ਕੋਈ ਸਮਝ ਲਓ, ਕੋਈ ਨਾ ਸਮਝੋ ਕਿਉਂਕਿ ਉਹਨਾਂ ਨੂੰ ਕਿਸੇ ਨਾਲ ਗ਼ਰਜ਼ ਨਹੀਂ ਹੋਇਆ ਕਰਦੀ। ਸਾਧੂ ਨੂੰ ਕਿਸੇ ਨਾਲ ਕੋਈ ਗ਼ਰਜ਼ ਨਹੀਂ ਹੁੰਦੀ। ਨਾ ਲੈਣ ਦੀ, ਨਾ ਕਿਸੇ ਹੋਰ ਚੀਜ਼ ਦੀ। ਜੇ ਸਾਧੂ ਐਵੇ ਹੀ ਉਲਟੇ ਕੰਮਾਂ ਵਿਚ ਫਸੇਗਾ ਤਾਂ ਫੇਰ ਗ਼ਰਜਾਂ ਖੜੀਆਂ ਹੁੰਦੀਆਂ ਹਨ। ਦੁਨੀਆਦਾਰਾਂ ਨੂੰ ਰਿਝਾਉਣਾ ਪੈਂਦਾ ਹੈ, ਨਾਲ ਰਖਣਾ ਪੈਂਦਾ ਹੈ, ਵੱਡੇ ਵੱਡੇ ਕਾਰਜ ਸ਼ੁਰੂ ਕਰਨੇ ਪੈਂਦੇ ਹਨ। ਸੰਤਾਂ ਦੇ ਕਾਰਜ ਸਹਿਜ ਦੇ ਵਿਚ ਹੁੰਦੇ ਹਨ, ਆਪੇ ਵਾਹਿਗੁਰੂ ਕਰਾਉਂਦਾ ਹੈ, ਵਾਹਿਗੁਰੂ ਦੀ ਸੇਵਾ ਹੈ। ਉਹਨਾਂ ਦੀ ਜਿਹੜੀ ਅਵਸਥਾ ਹੋਇਆ ਕਰਦੀ ਹੈ, ਪਰਮੇਸ਼ਰ ਦੇ ਪਿਆਰਿਆਂ ਦੀ, ਪਰਮੇਸ਼ਰ ਨਾਲ ਇਕ-ਮਿੱਕ ਹੋਏ ਹੁੰਦੇ ਹਨ ਤੇ ਸੰਸਾਰ ਵਿਚ ਜੋ ਜਿਹੜੀਆਂ ਕਦਰਾਂ ਕੀਮਤਾਂ ਨੇ, ਉਹਦੀ ਉਹ ਪਰਵਾਹ ਨਹੀਂ ਕਰਿਆ ਕਰਦੇ। ਇਸ ਤਰ੍ਹਾਂ ਫੁਰਮਾਨ ਹੈ -

*ਧਾਰਨਾ - ਰੰਗ ਹਸਦੇ ਤੇ ਰੰਗ ਰੋਂਦੇ -2, 2.*
*ਪਰਵਾਹ ਨ ਕਿਸੇ ਦੀ ਰਖਦੇ ਸਾਧੂ,*
*ਸਾਧੂ ਪਰਵਾਹ ਨ ਕਿਸੇ ਦੀ ਰਖਦੇ -2, 2.*
*ਰੰਗ ਹਸਦੇ ਤੇ ਰੰਗ ਰੋਂਦੇ -2.*

***ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ॥***
***ਪੰਨਾ - 473***

ਰੰਗ ਕਹਿੰਦੇ ਨੇ, ਵਾਹਿਗੁਰੂ ਦੇ ਪਿਆਰ ਵਿਚ ਹਸਦੇ ਨੇ, ਵਾਹਿਗੁਰੂ ਦੇ ਪਿਆਰ ਵਿਚ ਵੈਰਾਗ ਕਰਦੇ ਨੇ ਤੇ ਵਾਹਿਗੁਰੂ ਦੇ ਪਿਆਰ ਵਿਚ ਹੀ ਚੁਪ ਹੋ ਜਾਂਦੇ ਹਨ, ਹੰਕਾਰ ਨਹੀਂ ਹੁੰਦਾ ਕਿ ਅਸੀਂ ਕਿਸੇ ਨੂੰ ਮਿਲਣਾ ਨਹੀਂ। ਉਹ ਪਿਆਰ ਵਿਚ ਲੀਨ ਹੋਏ ਹੁੰਦੇ ਹਨ ਕਿ ਕਿਸੇ ਨਾਲ ਬੋਲਣਾ ਨਹੀਂ, ਗਲ ਨਹੀਂ ਕਰਦੇ, ਕੁਛ ਸੋਚਦੇ ਨਹੀਂ ਹਨ, ਕਿਉਂਕਿ ਉਹ ਬੇਪਰਵਾਹ ਹੁੰਦੇ ਹਨ।

***ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ॥***
***ਪੰਨਾ - 473***

ਜੇ ਪਰਵਾਹ ਹੈ ਤਾਂ ਮਾਲਕੇ ਕੁਲ ਦੀ ਹੈ, ਹੋਰ ਕਿਸੇ ਦੀ ਪਰਵਾਹ ਨਹੀਂ ਉਹ ਕਰਿਆ ਕਰਦੇ।

ਜਹਾਂਗੀਰ ਬਾਦਸ਼ਾਹ ਦੇ ਕਾਫੀ ਚਿਰ ਤੱਕ ਔਲਾਦ ਨਹੀਂ ਹੋਈ। ਕਿਸੇ ਨੇ ਦੱਸਿਆ ਕਿ ਪੰਜਾਬ ਦੇ ਅੰਦਰ, ਜਗਰਾਵਾਂ ਨਾਮ ਦਾ ਇਕ ਛੋਟਾ ਜਿਹਾ ਨਗਰ ਹੈ। ਉਥੇ ਇਕ ਸਾਧੂ ਮੋਹਕਮ ਦੀਨ ਨਾਮ ਦਾ ਰਹਿੰਦਾ ਹੈ। ਉਹ ਕਰਣੀ ਕਮਾਈ ਵਾਲਾ ਜੇ ਉਹਦੇ ਦਿਲ ਵਿਚ ਦਇਆ ਆ ਜਾਵੇ, ਕਹਿ ਦੇਵੇ ਤਾਂ ਪੁੱਤਰ ਦੀ ਦਾਤ ਮਿਲ ਸਕਦੀ ਹੈ। ਕਿਉਂਕਿ ਜਦੋਂ ਪੁੱਤਰ ਦੀ ਅਮੁਲ ਦਾਤ ਪ੍ਰਾਪਤ ਨਹੀਂ ਹੁੰਦੀ, ਇਹ ਸਾਧੂਆਂ, ਸੰਤਾਂ ਕੋਲ ਜਾਂਦੇ ਹਨ ਤੇ ਕੋਈ ਦੇਣ ਜਾ ਨਾ ਦੇਣ, ਕੋਈ ਹੁਕਮ ਅਦੂਲੀ ਨਹੀਂ ਕਰਦਾ, ਮੌਜ ਦੇ ਮਾਲਕ ਨੇ। ਇਹ ਜਦ ਕਾਫੀ ਜਲਾਓ ਦੇ ਨਾਲ ਪਹੁੰਚਦਾ ਹੈ, ਜਿਥੇ ਅੱਜ ਕਲ ਲੁਧਿਆਣਾ ਹੈ, ਇਹ ਸ਼ਹਿਰ ਐਥੇ ਹੋਇਆ ਨਹੀਂ ਸੀ ਕਰਦਾ, ਛੋਟਾ ਜਿਹਾ ਲੋਧੀਆਂ ਦਾ ਵਸਾਇਆ ਹੋਇਆ ਨਗਰ ਹੁੰਦਾ ਸੀ, ਐਥੇ ਉਸਨੇ ਕੈਂਪ ਕਰਿਆ ਤੇ ਅੱਗੇ ਪਤਾ ਕਰਿਆ ਕਿ ਪੀਰ ਜੀ ਮਿਲ ਜਾਣਗੇ ਕਿ ਨਹੀਂ ਤੇ ਫੈਸਲਾ ਇਹ ਹੋਇਆ ਕਿ ਨੇੜੇ ਜਾ ਕੇ ਬੈਠ ਜਾਓ ਤੇ ਉਹਨਾਂ ਦੀ ਇਜ਼ਾਜਤ ਦਾ ਇੰਤਜਾਰ ਕਰੋ। ਉਸ ਵੇਲੇ ਜਹਾਂਗੀਰ ਤੁਰਿਆ, ਹਾਥੀਆਂ ਤੇ ਸਵਾਰ ਹੈ, ਘੋੜਿਆਂ ਤੇ ਸਵਾਰ ਹੈ, ਘੋੜੇ ਹਿਣਕਦੇ ਨੇ, ਨਾਲ ਕਾਫੀ ਖੜਕਾ ਦੜਕਾ ਹੋ ਰਿਹਾ ਹੈ। ਇਹ ਜਦ ਉਸਦੇ ਘੋੜੇ ਕੋਲ ਪਹੁੰਚੇ, ਉਥੇ ਇਕ ਬੀਬੀ ਜਿਸ ਦਾ ਨਾਂ ਬਾਨੋ ਸੀ, ਨੌਜਵਾਨ ਸੀ। ਉਹ ਬੇਪਰਵਾਹ ਹੋ ਕੇ ਰੱਬ ਦੇ ਪਿਆਰੇ ਦੇ ਸੇਵਾ ਵਿਚ ਰਿਹਾ ਕਰਦੀ ਸੀ ਤਾਂ ਖੜਕਾ ਦੜਕਾ ਸੁਣਕੇ

ਉਹਨਾਂ ਨੇ ਪੁਛਿਆ ਕਿ ਬਾਨੋ! ਕਿਸ ਚੀਜ਼ ਦਾ ਰੌਲਾ-ਰੱਪਾ ਹੈ, ਆਪਣੇ ਭੋਰੇ ਦੇ ਨੇੜੇ ਤੇੜੇ।

ਕਹਿਣ ਲੱਗੀ, ਮਹਾਰਾਜ! ਸ਼ਹਿਨਸ਼ਾਹ-ਏ-ਹਿੰਦ, ਆਪ ਤੋਂ ਬਰਕਤ ਪ੍ਰਾਪਤ ਕਰਨ ਵਾਸਤੇ ਆ ਰਿਹਾ ਹੈ, ਕਿਉਂਕਿ ਜਦ ਮੈਂ ਦੇਖੇ ਸੀ, ਮੈਂ ਉਹਨਾਂ ਕੋਲ ਜਾ ਕੇ ਪੁਛਿਆ ਸੀ ਜੋ ਮੈਨੂੰ ਖਬਰ ਮਿਲੀ ਹੈ, ਉਹਦੇ ਮੁਤਾਬਿਕ ਮੈਂ ਆਪ ਨੂੰ ਬੇਨਤੀ ਕਰਦੀ ਹਾਂ।

ਕਹਿੰਦੇ, "ਉਹਦਾ ਸਾਡੇ ਨਾਲ ਕੀ ਤਾਲੁਕ ਸ਼ਾਹਾਂ ਤੇ ਗੁਦਾਵਾ (ਫਕੀਰਾਂ) ਦਾ ਆਪਸ ਵਿਚ ਕੀ ਤਾਲੁਕ। ਮੇਰੇ ਤੋਂ ਉਹਨੇ ਕੀ ਲੈਣੈ, ਆਪਣਾ ਰਾਜ ਕਰੇ।"

ਕਹਿਣ ਲੱਗੀ, "ਮਹਾਰਾਜ! ਅਕੀਦਤ ਦੇ ਨਾਲ ਆਇਆ ਹੈ, ਸ਼ਰਧਾ ਨਾਲ ਆਇਆ ਹੈ, ਆਪ ਕਿਰਪਾ ਕਰੋ ਤੇ ਮੰਗਤਾ ਬਣਕੇ ਆਇਆ ਹੈ, ਪੁੱਤਰ ਦੀ ਦਾਤ ਮੰਗਦਾ ਹੈ।"

ਕਹਿਣ ਲੱਗੇ, "ਜਾਓ ਉਸਨੂੰ ਕਹਿ ਦਿਓ, ਪੁੱਤਰ ਹੋ ਜਾਏਗਾ। ਐਥੋਂ ਹੀ ਵਾਪਸ ਚਲਾ ਜਾਵੇ ਕਿਉਂਕਿ ਮੰਗਤਾ ਹੈ, ਮੰਗਤੇ ਨੂੰ ਖੈਰ ਪੈ ਗਈ, ਐਥੋਂ ਹੀ ਵਾਪਸ ਹੋ ਜਾਏ ਅਗੇ ਆਉਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।"

ਵਾਪਸ ਹੋ ਜਾਂਦਾ ਹੈ ਤੇ ਇਕ ਸਾਲ ਬਾਅਦ ਪੁੱਤਰ ਹੋਇਆ ਤੇ ਮੰਨ ਵਿਚ ਆਇਆ ਕਿ ਮੈਂ ਉਥੇ ਰੋਸ਼ਨੀ ਕਰਾਂ, ਮੇਰੇ ਘਰ ਚਿਰਾਗ ਮੱਚਿਆ ਹੈ ਤੇ ਮੈਂ ਸਾਂਈ ਦੇ ਦਰ ਤੇ ਚਿਰਾਗ ਮਚਾਵਾਂ। ਸੋਨੇ ਦੇ ਚਿਰਾਗ ਬਣਵਾ ਕੇ ਲਿਆਉਂਦਾ ਹੈ। ਇਕ ਵੱਡਾ ਚਿਰਾਗ, ਜਿਹਦੇ ਵਿਚ ਕਿੰਨਾ ਤੇਲ ਪੈ ਜਾਂਦਾ ਸੀ ਮੋਟੀ ਬੱਤੀ ਪੈ ਕੇ ਸਾਰੀ ਰਾਤ ਜਗਦਾ ਸੀ, ਸੋਨੇ ਦਾ ਚਿਰਾਗ, ਬਾਕੀ ਛੋਟੇ ਚਿਰਾਗ ਸੀ। ਉਸ ਤੋਂ ਛੋਟੇ, ਉਸ ਤੋਂ ਛੋਟੇ। ਦੁਬਾਰਾ ਜਦੋਂ ਆਉਂਦਾ ਹੈ, ਬੈਂਡ ਬਾਜੇ ਬੱਜਦੇ ਆਉਂਦੇ ਹਨ, ਦੁਬਾਰਾ ਫੇਰ ਪੁਛਿਆ ਕੀ ਗੱਲ ਹੈ?

ਕਹਿਣ ਲੱਗੀ, "ਹਜ਼ੂਰ! ਆਪ ਦੀ ਬਖਸ਼ਿਸ਼ ਨਾਲ ਸ਼ਹਿਜ਼ਾਦੇ ਦੀ ਪੈਦਾਇਸ਼ ਹੋਈ ਹੈ ਤੇ ਹੁਣ ਤੁਹਾਡੇ ਚਰਨਾਂ ਵਿਚ ਭੇਟਾ ਕਰਨ ਵਾਸਤੇ ਲਿਆ ਰਿਹਾ ਹੈ।"

ਕਹਿਣ ਲੱਗੇ, "ਸ਼ਹਿਜਾਦੇ ਨੂੰ ਲੈ ਆਓ, ਬਾਕੀ ਸਭ ਰੋਕ ਦਓ।"

ਮਹਾਂਪੁਰਸ਼ਾਂ ਨੇ ਅਸੀਸ ਦਿੱਤੀ, ਸਿਰ ਤੇ ਹੱਥ ਰਖਿਆ, ਮੱਥੇ ਤੇ ਮਾੜੇ ਲੇਖ, ਕਾਟਾ ਮਾਰਕੇ ਕੱਟੇ। ਉਸ ਤੋਂ ਬਾਅਦ ਵਾਪਸ ਕਰ ਦਿਤਾ।

ਕਹਿੰਦੇ, "ਜਾਓ ਲੈ ਜਾਓ।"

ਦੂਸਰੀ ਬੇਨਤੀ ਕੀਤੀ ਕਿ ਹਜ਼ੂਰ ਉਹ ਬੜੀ ਸ਼ਰਧਾ ਤੇ ਅਕੀਦਤ ਨਾਲ ਆਪ ਦੇ ਕਦਮਬੋਸ਼ੀ ਕਰਨ ਵਾਸਤੇ ਆਇਆ ਹੈ ਤੇ ਇਜ਼ਾਜਤ ਮੰਗਦਾ ਹੈ ਕਿ ਮੈਂ ਰਾਤ ਦਾ ਕੈਂਪ ਐਥੇ ਨੇੜੇ ਕਰਕੇ, ਐਥੇ ਮੈਂ ਰੋਸ਼ਨੀ ਕਰ ਦਵਾਂ ਕਿਉਂਕਿ ਤੁਸੀਂ ਮੇਰਾ ਘਰ ਰੋਸ਼ਨ ਕਰਿਆ ਹੈ ਤੇ ਮੈਂ ਇਕ ਰਾਤ ਵਾਸਤੇ ਐਥੇ ਰੋਸ਼ਨੀ ਕਰਨਾ ਚਾਹੁੰਦਾ ਹਾਂ।

ਕਹਿਣ ਲੱਗੇ, "ਇਜਾਜ਼ਤ ਹੈ।"

ਸਾਰੀ ਰਾਤ ਚਾਨਣਾ ਹੁੰਦਾ ਰਿਹਾ ਤੇ ਅੱਜ ਤੱਕ ਉਹ ਜਗਰਾਵਾਂ ਦਾ ਮੇਲਾ, ਰੋਸ਼ਨੀ ਦਾ ਮੇਲਾ ਜਦ ਛੋਟਾ ਹੁੰਦਾ, ਮੈਂ ਦੇਖਿਆ, ਦੁਨੀਆਂ ਦੇਖਣ ਜਾਇਆ ਕਰਦੀ ਸੀ। ਉਸ ਦਿਨ ਹੁੰਦਾ ਹੈ ਜਦੋਂ ਜਹਾਂਗੀਰ ਨੇ ਪਹਿਲੀ ਵਾਰੀ ਰੋਸ਼ਨੀ ਕਰੀ। ਸੋ ਬੇਪਰਵਾਹ ਸੀਗਾ, ਕਿ ਜਿਹੜੇ ਰੱਬ ਨਾਲ ਮਿਲੇ ਹੋਏ ਨੇ, ਉਹਨਾਂ ਨੂੰ ਦੁਨੀਆਂ ਦੇ ਕਿਸੇ ਬੰਦੇ ਦੀ ਪਰਵਾਹ ਨਹੀਂ ਹੋਇਆ ਕਰਦੀ।

ਬਾਬਾ ਜੱਸਾ ਸਿੰਘ, ਮਾਈ ਸਰੀਰ ਵਿਚ ਸੀ। ਲੇਕਿਨ ਨਾਂ ਜੱਸਾ ਸਿੰਘ ਸੀ। ਜਿਥੇ ਅੱਜਕਲ ਪਟਿਆਲੇ ਵਿਚ ਡੇਰਾ ਬਾਬਾ ਜੱਸਾ ਸਿੰਘ ਵਿਚ ਗੁਰਮਤਿ ਕਾਲਜ ਬਣਿਆ ਹੋਇਆ ਹੈ। ਬੜਾ ਖੁੱਲਾ ਥਾਂ ਹੁੰਦਾ ਹੈ, ਬਹੁਤ ਦਰਖਤਾਂ ਦੀ ਝੜੀ ਹੁੰਦੀ ਹੈ ਉਥੇ, ਛੋਟੀ ਜਿਹੀ ਕੁਟੀਆ ਸੀ ਤੇ ਇਕ ਮੰਨਾਹ ਪਿਆ ਹੋਇਆ ਸੀ। ਕੋਈ ਅੱਠ ਕੁ ਫੁੱਟ, ਉਹਦੇ ਉਤੇ ਚੜ੍ਹਕੇ ਬਾਬਾ ਜੀ ਸੰਗਤਾਂ ਨੂੰ ਦਰਸ਼ਨ ਦਿਆ ਕਰਦੇ ਸੀ। ਨਾਭੇ ਵਾਲੇ ਮਹਾਰਾਜਾ ਹੀਰਾ ਸਿੰਘ ਸੰਤਾਂ ਦਾ ਟੈਸਟ ਲੈਂਦਾ ਰਹਿੰਦਾ ਸੀ ਕਿ ਇਹ ਸੰਤ ਕੱਚਾ ਹੈ ਕਿ ਪੱਕਾ ਹੈ ਤੇ ਉਹਨੇ ਕਿਹਾ, ਹੋਰ ਤਾਂ ਮੈਂ ਬਹੁਤ ਸਾਰੇ ਸੰਤ ਦੇਖ ਲਏ, ਮੈਂ ਜੱਸਾ ਸਿੰਘ ਨਹੀਂ ਦੇਖਿਆ, ਇਹਦੇ ਵੀ ਮੈਂ ਦਰਸ਼ਨ ਕਰਕੇ ਦੇਖਣਾ ਚਾਹੁੰਦਾ ਹਾਂ ਕਿ ਇਹਦੀ ਬਿਰਤੀ ਕਿਥੇ ਕੁ ਹੈ। ਹੁਣ ਜਿਸਨੂੰ ਕਹਿੰਦੇ ਹਨ ਅਨੁਭਵ ਕਰ ਲੈਂਦਾ ਹੈ ਅੰਤਰਆਤਮਾ। ਇਹ ਕੋਈ ਬਹੁਤੀ ਦੂਰ ਦੀ ਗੱਲ ਨਹੀਂ ਹੁੰਦੀ। ਮਨ ਇਕਾਗਰ ਹੋ ਜਾਵੇ ਇਕਾਗਰ ਮਨ ਵਿਚ ਇਹ ਸ਼ਕਤੀਆਂ ਕੁਦਰਤੀ ਆ ਜਾਂਦੀਆਂ ਹੈ। ਗੁਰਮਤਿ ਤੇ ਦੂਸਰੇ ਮਤਾ ਦਾ ਥੋੜ੍ਹਾ ਫਰਕ ਹੈ। ਉਹ ਸਾਧਨਾ ਕਰ ਕਰ ਕੇ ਸਿੱਧੀ ਪ੍ਰਾਪਤ ਕਰਦੇ ਹਨ। ਜਿਹੜਾ ਗੁਰਮਤਿ ਹੈ, ਨਾਮ ਦੇ ਬਲ ਨਾਲ ਸਾਰੀਆਂ ਸਿਧੀਆਂ ਆ ਜਾਂਦੀਆਂ ਹਨ।

***ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ***
***ਜੋ ਹਰਿ ਹਿਰਦੈ ਸਦਾ ਵਸਾਇ॥ ਪੰਨਾ - 649***

ਆਪਣੇ ਆਪ ਹੀ ਆ ਜਾਂਦੀਆਂ ਹਨ ਕੁਛ ਕਰਨ ਦੀ ਲੋੜ ਨਹੀਂ ਹੁੰਦੀ। ਐਥੋਂ ਤਕ ਛੁਪ ਕੇ ਰਹਿੰਦੀਆਂ ਹਨ ਕਿ ਉਸ ਨੂੰ ਪਤਾ ਹੀ ਨਹੀਂ ਹੁੰਦਾ, ਲੋਕ ਹੀ ਦਸਦੇ ਹਨ ਤੁਸੀਂ ਬਚਨ ਕਰ ਦਿੱਤਾ ਸੀ ਕਿ ਐਂ ਹੋ ਗਿਆ। ਮਹਾਤਮਾ ਨੂੰ ਨਹੀਂ ਪਤਾ ਹੁੰਦਾ।

ਸੋ ਇਹ ਦੇਖਣਾ ਚਾਹੁੰਦਾ ਸੀ ਕਿ ਕਿੰਨੀਆਂ ਕੁ ਬਰਕਤਾਂ ਹਨ ਇਹਨਾਂ ਵਿਚ। ਉਧਰੋਂ ਉਹਨੇ ਫੁਰਨਾ ਕਰਿਆ ਤੇ ਏਧਰਲੇ ਪਾਸੇ ਇਹਨਾਂ ਨੇ ਜਾਣ ਲਿਆ ਕਿ ਐਂ ਇਮਤਿਹਾਨ ਲੈਣਾ ਚਾਹੁੰਦਾ ਹੈ।

ਕਹਿੰਦੇ, "ਪਹਿਲਾਂ ਅਸੀਂ ਹੀ ਲੈਂਦੇ ਹਾਂ, ਇਹਦਾ ਇਮਤਿਹਾਨ, ਬਾਅਦ ਵਿਚ ਦੇਵਾਂਗੇ। ਇਸਦਾ ਕੀ ਹੱਕ ਹੈ ਸਾਡਾ ਇਮਤਿਹਾਨ ਲੈਣ ਦਾ। ਕੋਈ ਵੱਡਾ ਭਾਰਾ ਪੜ੍ਹਿਆ ਲਿਖਿਆ ਹੋਵੇ, ਵੱਡੀਆਂ ਸ਼ਕਤੀਆਂ ਵਾਲਾ ਹੋਵੇ, ਗੁਰੂ ਪੀਰ ਹੋਵੇ ਉਹ ਤਾਂ, ਕਸਵਟੀ ਲਾ ਸਕਦਾ ਹੈ, ਇਮਤਿਹਾਨ ਲੈ ਸਕਦਾ ਹੈ। ਦੁਨੀਆਦਾਰਾਂ ਵਿਚ ਕੀ ਤਾਕਤ ਹੈ ਕਿ ਸਾਧੂਆਂ ਦਾ ਇਮਤਿਹਾਨ ਲੈ ਸਕੇ। ਨਾ ਉਹਨੂੰ ਕੁਛ ਪਤਾ, ਨਾ ਕੋਈ ਨਿਰਣਾਇਕ ਗੁਣ ਹਨ। ਸੋ ਇਹ ਰਾਜਾ ਘੋੜੇ ਤੇ ਸਵਾਰ ਹੋ ਕੇ ਤੁਰ ਪੈਂਦਾ ਹੈ। ਜਦ ਨੇੜੇ ਆ ਗਿਆ, ਥੋੜਾ ਜਿਹਾ ਦੂਰ ਰਹਿ ਗਿਆ ਮੀਲ ਕੁ, ਉਸ ਵੇਲੇ ਬਾਬਾ ਜੀ ਅਚਾਨਕ ਉਹਦੇ ਉਤੋਂ ਉਤਰਦੇ ਹਨ ਭਾਦੋਂ ਦਾ ਮਹੀਨਾ, ਮੱਕੀਆਂ ਖੜੀਆਂ ਸੀ, ਮੱਕੀਆਂ ਵਿਚ ਜਾ ਕੇ ਵੜ ਗਏ।

ਰਾਜਾ ਇਧਰ ਉਡੀਕਦਾ ਰਿਹਾ, ਉਹ ਮੱਕੀਆਂ ਵਿਚ ਬੈਠੇ ਰਹੇ। ਪੁਛਿਆ ਕਿ ਕਿਥੇ ਹਨ? ਕਹਿੰਦੇ, ਪਤਾ ਨਹੀਂ ਉਹ ਤਾਂ ਇਧਰ ਨੂੰ ਗਏ ਹਨ, ਤੁਰੇ ਹੀ ਜਾਂਦੇ ਸੀ, ਤੁਰੇ ਹੀ ਜਾਂਦੇ ਸੀ, ਮੌਜ ਹੈ, ਸ਼ਾਮ ਨੂੰ ਆ ਜਾਣ, ਕੱਲ ਨੂੰ ਆ ਜਾਣ, ਕੋਈ ਪ੍ਰੋਗਰਾਮ ਤਾਂ ਹੁੰਦਾ ਨਹੀਂ ਹੈ। ਸੋ ਇੰਤਜਾਰ ਕਰਕੇ ਮੁੜ ਗਿਆ। ਇਸੇ ਤਰ੍ਹਾਂ ਨੌਂ ਵਾਰੀ ਆਇਆ। ਉਹ ਨੌ ਵਾਰੀ ਹੀ ਨਾ ਮਿਲੇ। ਅਖੀਰ ਜੋ ਨਾਲ ਵਜੀਰ ਸੀ, ਸਿਆਣਾ ਸੀ।

ਕਹਿਣ ਲਗਿਆ, "ਮਹਾਰਾਜ! ਸੰਤ ਤਾਂ ਨਹੀਂ ਮਿਲਦੇ, ਆਪ ਦੇ ਮਨ ਦੇ ਅੰਦਰ ਕੋਈ ਜ਼ਬਰਦਸਤ ਗਿਣਤੀ ਹੈ। ਉਹ ਗਿਣਤੀ ਕੱਢ ਕੇ ਨਿਮਰਤਾ ਦੇ ਨਾਲ ਚਲੋ, ਅਰਦਾਸ ਕਰਕੇ, ਫੇਰ ਮਿਲ ਜਾਣਗੇ।"

ਕਹਿੰਦੇ, "ਵਜੀਰ ਸਾਹਿਬ ਠੀਕ ਹੈ। ਮੈਂ ਉਸਦਾ ਇਮਤਿਹਾਨ ਲੈਣਾ ਚਾਹੁੰਦਾ ਸੀ। ਇਸ ਕਰਕੇ ਉਹ ਮਿਲੇ ਨਹੀਂ, ਮੈਂ ਹੁਣ ਦਰਸ਼ਨ ਕਰਨ ਜਾਣਾ ਹੈ। ਇਮਤਿਹਾਨ ਨਹੀਂ ਲੈਣ ਜਾਣਾ।"

ਉਹ ਨਾਭੇ ਤੋਂ ਤੁਰਦਾ ਹੈ। ਘੋੜੇ ਤੋਂ ਦੂਰੋਂ ਹੀ ਉਤਰ ਗਿਆ। ਏਧਰ ਬਾਬਾ ਜੀ ਕੋਲ ਸੰਗਤ ਬੈਠੀ ਹੈ। ਉਥੇ ਇਕ ਖੂਹ ਸੀ, ਨੇੜੇ ਜਿਹਾ। ਹੁਣ ਤਾਂ ਪਤਾ ਨਹੀਂ ਹੈ ਕਿ ਨਹੀਂ। ਉਹ ਕਹਿਣ ਲੱਗੇ, "ਭਾਈ! ਇਹ ਜਿਹੜਾ ਗਾਰਾ ਜਿਹਾ ਪਿਆ ਹੈ ਇਹ ਅੱਠ, ਨੌਂ ਤੱਸਲੇ ਸਾਡੇ ਮਨਹੇ ਤੇ ਰਖ ਦਿਓ। ਉਹ ਗਾਰੇ ਦੇ ਤਸਲੇ ਭਰ ਕੇ ਉਤੇ ਰਖ ਦਿੱਤੇ।

ਜਦ ਆ ਕੇ ਉਹਨੇ ਫਤਿਹ ਬੁਲਾਈ, ਉਤੇ ਨੂੰ ਦੇਖਿਆ ਤਾਂ ਬਾਬਾ ਜੀ ਨੇ ਇਕ ਤਸਲਾ ਚੱਕਿਆ, ਸਿਰ ਵਿਚ ਪਾ ਦਿੱਤਾ। ਉਹ ਕਲਗੀ ਲਗੀ ਹੋਈ ਤੇ ਵਧੀਆ ਕਪੜੇ ਖਰਾਬ ਹੋ ਗਏ, ਅਜੇ ਵਿਹਲ ਨਹੀਂ ਮਿਲੀ, ਦੂਜਾ, ਫੇਰ ਤੀਜਾ ਫੇਰ ਅੱਠ ਪਾ ਦਿੱਤੇ। ਉਹ ਖੜਿਆ ਰਿਹਾ, ਇਹਦੇ ਮੀਰ ਵਜੀਰ, ਇਹਦੀ ਰਕਸ਼ਾ ਵਾਸਤੇ ਆਏ ਤੇ ਕਹਿਣ ਲੱਗੇ ਪਰ੍ਹੇ ਹੋ ਜਾਓ ਮਹਾਰਾਜ! ਇਹ ਤਾਂ ਮਿੱਟੀ ਪਾਈ ਜਾਂਦੇ ਹਨ।"

ਕਹਿੰਦਾ, " ਕੋਈ ਨਾ ਮੇਰੇ ਕੋਲ ਆਇਓ, ਇਹ ਤੁਹਾਡੀ ਨਿਗਾਹ ਵਿਚ ਗਾਰਾ ਹੈ, ਮੇਰੀ ਨਿਗਾਹ ਵਿਚ ਤਾਂ ਮਹਾਤਮਾ ਦੀ ਕਿਰਪਾ ਹੋ ਰਹੀ ਹੈ, ਕੇਸਰ ਸਿਟ ਰਹੇ ਹਨ। ਮੇਰੇ ਤੇ ਬਰਕਤਾਂ ਦਾ ਮੀਂਹ ਵਰਸਾ ਰਹੇ ਹਨ। ਤੁਹਾਨੂੰ ਗਾਰਾ ਨਜ਼ਰ ਆ ਰਿਹਾ ਹੈ।"

ਉਸ ਵੇਲੇ ਆਪ ਨੂੰ ਨਮਸ਼ਕਾਰ ਕਰੀ, ਬੈਠ ਗਏ, ਕਹਿੰਦੇ, "ਸਾਧੂਆਂ ਦਾ, ਇਮਤਿਹਾਨ ਨਹੀਂ ਲਈਦਾ ਹੁੰਦਾ। ਦੁਨੀਆਦਾਰਾਂ ਦੀ ਤਾਕਤ ਨਹੀਂ, ਜੇ ਸਾਧੂ ਨੇ ਪਰਚਾ ਪਾ ਦਿੱਤਾ, ਫੇਰ ਇਮਤਿਹਾਨ ਦੇਣਾ ਬੜਾ ਔਖਾ ਹੋ ਜਾਂਦਾ ਹੈ। ਉਹਦੇ ਵਿਚ ਗ੍ਰਿਹਸਥੀ ਨਹੀਂ ਲੰਘ ਸਕਦਾ, ਸਾਧੂ ਹੀ ਲੰਘ ਸਕਦਾ ਹੈ।"

***ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ॥***

***ਪੰਨਾ - 473***

ਕਹਿੰਦੇ, ਇਹ ਜਿਹੜਾ ਮਨ ਦੇ ਅੰਦਰ ਹੈ ਨਾ, ਮੈਂ ਵੱਡਾ ਹਾਂ, ਇਹ ਛਡਣਾ ਪੈਣਾ ਹੈ।

ਇਕ ਸੰਤ ਸੀ। ਮਹਾਰਾਜ ਦਸਿਆ ਕਰਦੇ ਸੀ ਜਿਵੇਂ ਪਹਿਲਾਂ ਕਿਹਾ ਸੀ। ਸਾਖੀਆਂ ਛੋਟੀਆਂ ਛੋਟੀਆਂ ਮਤਲਬ ਬਹੁਤ ਗਹਿਰਾ ਹੁੰਦਾ ਹੈ। ਜੇ ਉਹਨਾਂ ਨਿੱਕੀਆਂ ਨਿੱਕੀਆਂ ਸਾਖੀਆਂ ਤੇ ਕੋਈ ਅਮਲ ਕਰ ਲਏ, ਕਹਿੰਦੇ, ਉਹ ਤਾਂ ਬਹੁਤ ਉਚਾ ਹੋ ਜਾਂਦਾ ਹੈ। ਸੰਤਾਂ ਦੇ ਬਚਨ ਅਨੁਭਵ ਦੇ ਹੁੰਦੇ ਹਨ। ਸੰਤ ਸਮਾਂ ਖਿੱਚ ਲੈਂਦੇ ਹਨ, ਹਜ਼ਾਰਾਂ ਸਾਲ ਲੰਘ ਚੁਕੇ ਹਨ, ਭੂਤਕਾਲ ਉਸਨੂੰ ਚਾਬੀ ਉਲਟੀ ਘੁਮਾ ਕੇ, ਸਾਮ੍ਹਣੇ ਅੱਖਾਂ ਦੇ ਲਿਆ ਕੇ, ਬਚਨ ਕਰ ਦਿੰਦੇ ਹਨ। ਜਿਹੜਾ ਹਜ਼ਾਰਾਂ ਸਾਲ ਨੂੰ ਸਮਾਂ ਆਉਣਾ ਹੈ, ਉਹਨੂੰ ਪ੍ਰਤੱਖ ਕਰਕੇ ਉਲਟਾ ਕਰ ਦਿੰਦੇ ਹਨ, ਉਹਨੂੰ ਅਗੇਤੀ ਪੇਸ਼ ਕਰ ਦਿੰਦੇ ਹਨ।

ਸੋ ਇਸ ਤਰ੍ਹਾਂ ਨਾਲ ਮਹਾਤਮਾ ਦੇ ਜੋ ਬਚਨ ਹਨ, ਕਿਹੜੀ ਕਿਤਾਬ ਵਿਚ ਲਿਖੇ ਹੋਏ ਹਨ, ਕਿੰਨੇ ਸਫੇ ਤੇ ਲਿਖੇ ਹੋਏ ਹਨ, ਉਹ ਨਹੀਂ ਹੋਇਆ ਕਰਦੇ। ਉਹਨਾਂ ਦੇ ਅਨੁਭਵ ਵਿਚ ਆਪਣੇ ਆਪ ਆਇਆ ਕਰਦੇ ਹਨ। ਉਹ ਸਾਨੂੰ ਸਮਝਾਉਣ ਵਾਸਤੇ ਹੁੰਦੇ ਹਨ।

ਆਪ ਦੱਸਿਆ ਕਰਦੇ ਕਿ ਇਕ ਸਾਧੂ ਸੀ। ਉਹਦੇ ਨੇੜੇ ਹੀ ਇਕ ਜਾਗੀਰਦਾਰ ਸੀ। ਜਿਹੜਾ ਬੜਾ ਅਭਿਮਾਨੀ ਸੀ। ਲੇਕਿਨ ਕਿਸੇ ਪਿਛਲੇ ਪੁੰਨ ਕਰਮਾਂ ਦੇ ਫਲ ਕਰਕੇ ਸਾਧੂਆਂ ਦੇ ਦਰਸਨ ਕਰਨ ਚਲਾ ਜਾਇਆ ਕਰਦਾ ਸੀ। ਅਖੀਰ ਇਕ ਦਿਨ ਸੰਤਾਂ ਨੂੰ ਕਹਿਣ ਲੱਗਾ, "ਮਹਾਰਾਜ! ਮੈਂ ਆਪ ਦੇ ਬਚਨ ਸੁਣਦਾ ਹਾਂ ਕਿ ਸੇਵਾ ਕਰਕੇ, ਪਰਮ ਪਦ ਦੀ ਪ੍ਰਾਪਤੀ ਹੋ ਜਾਇਆ ਕਰਦੀ ਹੈ ਤੇ ਤੁਸੀਂ ਮੈਨੂੰ ਆਪਣੀ ਸੇਵਾ ਵਿਚ ਰਖ ਲਓ ਸੇਵਕਾਂ ਵਿਚ ਰਖ ਲਓ, ਮੁਰੀਦਾਂ ਵਿਚ ਸ਼ਾਮਲ ਕਰ ਲਓ, ਸੰਤ ਕਹਿਣ ਲੱਗੇ, "ਚੋਧਰੀ ਜੀ! ਤੂੰ ਵੱਡਾ ਚੋਧਰੀ ਹੈ, ਤੈਂ ਮੁਰੀਦ ਬਣਕੇ ਕੀ ਲੈਣਾ ਹੈ? ਮੁਰੀਦ ਬਣਨਾ ਤਾਂ ਹਦ ਤੋਂ ਜ਼ਿਆਦਾ ਔਖਾ ਹੁੰਦਾ ਹੈ।

ਕਹਿਣ ਲੱਗਾ, "ਨਹੀਂ ਜੀ! ਮੈਂ ਤਾਂ ਮੁਰੀਦ ਬਣਨਾ ਹੈ, ਜਿਹੜੀ ਇਹਦੇ ਵਿਚ ਔਖਿਆਈ ਹੁੰਦੀ ਹੈ ਉਹ ਮੈਨੂੰ ਦਸ ਦਿਓ, ਮੈਂ ਉਨੀ ਕੁ ਔਖ ਸਹਿ ਲਵਾਂਗਾ।"

ਮਹਾਤਮਾ ਇਸ ਤਰ੍ਹਾਂ ਨਾਲ ਕਹਿਣ ਲੱਗੇ, ਪੜ੍ਹੋ ਪਿਆਰ ਨਾਲ।

*ਧਾਰਨਾ - ਮੁਰਦਾ ਹੋਇ ਕੇ ਮੁਰੀਦ ਬਣ ਜਾਵਣਾ-2, 4.*

*ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।*
*ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।*
*ਗੋਲਾ ਮੁਲ ਖਰੀਦੁ ਕਾਰੇ ਜੋਵਣਾ।*
*ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ।*
*ਪੀਹਣਿ ਹੋਇ ਜਦੀਦ ਪਾਣੀ ਢੋਵਣਾ।*
*ਪਖੇ ਦੀ ਤਾਗੀਦ ਪਗ ਮਲਿ ਧੋਵਣਾ।*

*ਭਾਈ ਗੁਰਦਾਸ ਜੀ ਦੀ ਵਾਰ 3/18*

ਇਸ ਵਿਚ ਭਾਈ ਗੁਰਦਾਸ ਜੀ ਮੁਰੀਦ ਦੀ, ਸਿਖ ਦੀ, ਚੇਲੇ ਦੀ ਰਹਿਤ ਦਸਦੇ ਹਨ ਕਿ ਜੇ ਤਾਂ ਤੂੰ ਮਰ ਗਿਆ ਤਾਂ ਮੁਰੀਦ, ਨਹੀਂ ਤਾਂ ਜੇ ਜਿਉਂਦਾ ਹੈ ਤਾਂ ਨਹੀਂ। ਜੇ ਤੇਰੇ ਵਿਚ ਅਹੰ ਬਿਰਤੀ ਆ ਜਾਵੇ ਕੁਛ ਨਹੀਂ ਬਣਿਆ, ਜੇ ਤੂੰ ਗੋਰ (ਕਬਰ) ਵਿਚ ਸਮਾ ਜਾਵੇਂ ਜੋ ਕੁਛ ਗੁਰੂ ਕਹਿੰਦਾ ਹੈ ਉਹਨੂੰ 100% ਮਨ ਲਵੇਂ ਤਾਂ ਠੀਕ ਹੈ। ਜੇ ਗਿਣਤੀਆਂ ਮਿਣਤੀਆਂ ਹਨ ਤਾਂ ਕੁਛ ਨਹੀਂ ਬਣਦਾ।

ਸੋ ਮਹਾਰਾਜ ਜੀ ਦਸਦੇ ਸੀ ਕਿ ਉਹਨੇ ਕਿਹਾ ਮਹਾਰਾਜ! ਜਿਵੇਂ ਕਹੋ ਮੈਂ ਬਣ ਜਾਵਾਂਗਾ। ਮੁਰਦਾ ਮਰਦਾ ਕਾਹਦਾ, ਜੇ ਮੈਂ ਚੌਧਰੀ ਹਾਂ, ਮੇਰੇ ਆਉਣ ਦੇ ਨਾਲ ਤੁਹਾਡੇ ਬੇਅੰਤ ਚੇਲੇ ਹੋਰ ਬਣ ਜਾਣਗੇ, ਧੰਨ ਬੜਾ ਆਉਣ ਲਗ ਜਾਵੇਗਾ। ਮੇਰੇ ਵੱਡੇ ਵੱਡੇ ਮਿੱਤਰ ਹਨ, ਦੂਰ ਤੱਕ ਮੇਰੀ ਜਾਣ ਪਹਿਚਾਣ ਹੈ, ਤੁਹਾਡੇ ਮੇਲਿਆਂ ਦੇ ਉਤੇ ਬੇਅੰਤ ਰੌਣਕਾ ਹੋਣ ਲੱਗ ਜਾਣਗੀਆਂ। ਇਹ ਸਭ ਮੇਰੇ ਕਰਕੇ ਹੋਣ ਲੱਗੇਗਾ ਕਿਉਂਕਿ ਮੈਨੂੰ ਜੁਗਤ ਆਉਂਦੀ ਹੈ ਕਿ ਲੋਕ ਇਕੱਠੇ ਕਿਵੇਂ ਕਰੀਦੇ ਹਨ। ਮਨ ਦੇ ਅੰਦਰ ਅਭਿਮਾਨ ਸੀ। ਬਾਰ ਬਾਰ ਕਿਹਾ, ਕਹਿੰਦੇ ਚੰਗਾ, ਤੇਰੀ ਮਰਜੀ ਹੈ ਭਾਈ ਪਰ ਅਸੀਂ ਮੁਰੀਦ ਪਰਖ ਕੇ ਬਣਾਵਾਂਗੇ।" ਜਿਸ ਦਿਨ ਬਣਾ ਲਿਆ, ਉਸ ਦਿਨ ਹੀ ਤੇਰਾ ਸਭ ਕੁਛ ਬਣ ਜਾਏਗਾ। ਸੇਵਾ ਕਰਨ ਲਗ ਗਿਆ, ਸੇਵਾਦਾਰਾਂ ਨਾਲ ਔਖਾ ਹੋਈ ਜਾਂਦਾ ਹੈ। ਦੇਖ ਮੈਂ ਐਨਾ ਅਮੀਰ, ਐਨਾ ਇਲਾਕੇ ਦਾ ਚੌਧਰੀ, 30-40 ਪਿੰਡਾਂ ਦਾ ਮਾਮਲਾ ਗਰਾਂਹਾ ਤੇ ਮੈਂ ਏਹੋ ਜਿਹੇ ਕੰਮ ਕਰਦਾ ਹਾਂ, ਤੁਸੀਂ ਤਾਂ ਐਵੇਂ ਹੋ ਨੰਗੇ ਭੁੱਖੇ, ਐਥੇ ਰੋਟੀਆਂ ਖਾਣ ਆਏ ਹੋਏ। ਉਹ ਇਹ ਗੱਲਾਂ ਕਰਦਾ ਹੀ ਰਿਹਾ। ਮਹਾਤਮਾ ਨੇ ਕਿਹਾ, ਇਹ ਕਦੇ ਨਾ ਕਦੇ ਮੇਰੇ ਨਾਲ ਝਗੜਾ ਪਾ ਕੇ ਹੀ ਰਹੇਗਾ। ਉਹਨੂੰ ਦਿਖਾ ਕੇ ਕਹਿਣ ਲੱਗੇ, "ਉਹ ਲੋਹੇ ਦਾ ਟੁਕੜਾ ਲੈ ਆ। ਉਹਨਾਂ ਕੋਲ ਪਾਰਸ ਸੀ, ਪਾਰਸ ਲੈ ਆ, ਕਹਿੰਦੇ ਸ਼ਹਿਰ ਵਿਚ ਦਿਖਾ ਕੇ ਆ, ਵਾਪਸ ਆ ਗਿਆ।

ਕਹਿੰਦਾ, "ਮਹਾਰਾਜ! ਇਹ ਤਾਂ 12 ਵੰਨੀ ਦਾ ਸੋਨਾ ਬਣ ਗਿਆ। ਕਹਿੰਦੇ ਐਂ ਕਰ ਇਸਨੂੰ ਵੀ ਵਿਚੇ ਰਖਦੇ, ਇਹ ਲੋਹੇ ਦੀ ਗਾਗਰ ਹੈ, ਇਸਨੂੰ ਵੀ ਵਿਚੇ ਰਖਦੇ ਤੇ ਇਹਦੇ ਵਿਚ ਅਸੀਂ ਇਹ ਪਾ ਦਿੰਦੇ ਹਾਂ। ਵਿਚ ਪਾ ਕੇ ਰਖਦੇ। ਜਦੋਂ ਆਪਾਂ ਨੂੰ ਲੋੜ ਹੋਏਗੀ, ਕੱਦੇ ਵੱਡਾ ਸਮਾਗਮ ਹੋਏਗਾ ਵੱਡਾ ਖਰਚਾ ਹੋਇਆ, ਇਹ ਗਾਗਰ ਸੋਨੇ ਦੀ ਹੋਏਗੀ ਇਸਨੂੰ ਆਪਾਂ ਵੇਚ ਕੇ ਲੰਗਰ ਦਾ ਖਰਚਾ ਚਲਾ ਲਵਾਂਗੇ। 12 ਸਾਲ ਲੰਘ ਗਏ। 12 ਸਾਲ ਬਾਅਦ ਇਕ ਦਿਨ ਮਹਾਂਪੁਰਸ਼ਾਂ ਨੂੰ ਕਹਿਣ ਲੱਗਿਆ, ਮੈਂ ਗੱਲ ਕਹਿਣੀ ਤਾਂ ਨਹੀਂ ਸੀ ਪਰ ਹੁਣ ਮੈਂ ਕਹੇ ਬਿਨਾ ਰਹਿ ਨਹੀਂ ਸਕਦਾ, ਮੇਰਾ ਤੁਸੀਂ ਸਮਾਂ ਬਰਬਾਦ ਕਰ ਦਿੱਤਾ, ਮੈਨੂੰ ਆਏ ਨੂੰ 12 ਸਾਲ ਹੋ ਗਏ ਤੁਹਾਡੇ ਕੋਲ। ਮੇਰੇ ਵਿਚ ਤਾਂ ਕੋਈ ਫਰਕ ਨਹੀਂ ਪਿਆ। ਜਿਹੜੇ ਤੁਸੀਂ ਸੰਗਤਾਂ ਨੂੰ ਵਿਚਾਰ ਦਿੰਦੇ ਹੋ ਕਿ ਬਿਰਤੀ ਐਸੀ ਐਸੀ ਹੋ ਜਾਂਦੀ ਹੈ, ਮੇਰੀ ਬਿਰਤੀ ਤਾਂ ਹੋਈ ਨਹੀਂ ਤੇ ਮੈਨੂੰ ਲਗਦਾ ਹੈ, ਤੁਸੀਂ ਕੱਚੇ ਹੀ ਸੰਤ ਹੋ, ਝੂਠੇ ਹੋ।"

ਕਹਿੰਦੇ, "ਐਂ ਕਰ ਗੁਰਮੁਖਾ ਆਹ ਫੜ ਚਾਬੀਆਂ, ਪੇਟੀ ਖੋਲ ਤੇ ਉਹਦੇ ਵਿਚੋਂ ਗਾਗਰ ਚੁਕ ਕੇ ਲੈ ਆ, ਹੁਣ ਸੋਨੇ ਦੀ ਹੋ ਗਈ ਹੋਣੀ ਹੈ। ਅੱਗੇ ਦੀ ਗੱਲ ਅਸੀਂ ਤੇਰੇ ਨਾਲ ਫੇਰ ਕਰਾਂਗੇ। ਔਖਾ ਹੋਇਆ ਹੋਇਆ ਹੈ, ਉਥੇ ਜਾਂਦਾ ਹੈ, ਉਥੇ ਜਾ ਕੇ ਤਾਲਾ ਖੋਲਿਆ ਗਾਗਰ ਕੱਢੀ, ਜਿਹਦੇ ਵਿਚ ਪਾਰਸ ਪਿਆ ਸੀ।

ਕਹਿਣ ਲੱਗੇ, "ਸੋਨੇ ਦੀ ਹੋ ਗਈ।"

ਕਹਿੰਦਾ, "ਹੋ ਗਈ ਸੋਨੇ ਦੀ, ਤੇਰਾ ਪਾਰਸ ਵੀ ਝੂਠਾ, ਤੂੰ ਵੀ ਝੂਠਾ, ਨਾ ਮੇਰੇ ਤੇ ਕੋਈ ਫਰਕ ਪਿਆ, ਤੇ ਨਾ ਗਾਗਰ ਤੇ ਕੋਈ ਫਰਕ ਪਿਆ।" ਕਹਿੰਦੇ, "ਕਾਹਨੂੰ ਐਵੇਂ ਗੱਲਾਂ ਕਰੀ ਜਾਂਦਾ ਹੈ, ਫੇਰ ਤੈਨੂੰ ਪਛਤਾਉਣਾ ਪਾਏਗਾ, ਜਦ ਸਚ ਦਾ ਪਤਾ ਲਗਿਆ, ਗਾਗਰ ਲੈ ਆ ਸਾਡੇ ਕੋਲ, ਕੱਢ ਤਾਂ ਪਾਰਸ, ਪਾਰਸ ਕੱਢ ਲਿਆ।"

ਕਹਿੰਦੇ, ਧਿਆਨ ਨਾਲ ਦੇਖ ਕੋਈ ਚੀਜ਼ ਤਾਂ ਨਹੀਂ ਇਸ ਦੇ ਉਤੇ ਚੜ੍ਹੀ ਹੋਈ।

ਧਿਆਨ ਨਾਲ ਦੇਖਿਆ ਤਾਂ ਜਿਵੇਂ ਪਲਾਸਟਿਕ ਦਾ ਕਾਗਜ਼ ਹੁੰਦਾ ਹੈ ਇਸ ਤਰ੍ਹਾਂ ਦੀ ਪਤਲੀ ਚੀਜ਼ ਹੈ, ਜਿਹੜੀ ਅੱਖਾਂ ਨਾਲ ਦੇਖਣ ਤੇ ਪਤਾ ਨਹੀਂ ਲਗਦਾ।

ਕਹਿੰਦੇ, "ਇਸਨੂੰ ਨੋਹਾਂ ਨਾਲ ਖੁਰਚ ਕੇ ਲਾਹ ਦੇ।"

ਹੋਲੀ ਹੋਲੀ ਨੌਂਹ ਨਾਲ ਖੁਰਚਿਆ, ਗਿੱਲਾ ਕਰਿਆ ਤੇ ਉਹਦੇ ਨਾਲ ਉਹ ਕਾਗਜ਼ ਲਾਹ ਦਿੱਤਾ।"

ਕਹਿੰਦੇ, "ਹੁਣ ਲਾ ਤੂੰ ਗਾਗਰ ਨੂੰ, ਉਹ ਲਾਇਆ, ਜਿਸ ਵਕਤ ਲਾਇਆ, ਉਹ ਸੋਨੇ ਦੀ ਹੋ ਗਈ ਕਿਉਂਕਿ ਇਸ ਪੱਥਰ ਵਿਚ ਤਾਸੀਰ ਹੈ, ਜਿਹੜੀ ਧਾਤ ਨਾਲ ਛੂੰਹਦੇ

ਹਾਂ ਉਸ ਦੇ ਪਰਮਾਣੂ ਬਦਲ ਜਾਂਦੇ ਹਨ। ਬੜਾ ਖੁਸ਼ ਹੋਇਆ।

ਕਹਿੰਦਾ, "ਇਹ ਤਾਂ ਸਚਾ ਹੀ ਹੈ। ਅੱਗੇ ਕਹਿੰਦਾ ਸੀ, ਤੂੰ ਤਾਂ ਝੂਠਾ ਹੀ ਹੈਂ, ਮੇਰੇ ਤੇ ਕੋਈ ਅਸਰ ਨਹੀਂ ਹੋਇਆ।"

ਕਹਿੰਦੇ, ਪ੍ਰੇਮੀਆ! ਜਿਵੇਂ ਇਸ ਪਾਰਸ ਉਤੇ ਬਾਰੀਕ ਕਾਗਜ ਚੜ੍ਹਿਆ ਹੋਇਆ ਸੀ, ਤੇਰੀ ਜਿਹੜੀ ਬੁਧੀ ਹੈ ਨਾ ਤੇਰੀ ਹੋਂਦ, ਉਹਦੇ ਉਤੇ ਅਹੰ ਬਿਰਤੀ ਦਾ ਪਰਦਾ ਪਿਆ ਹੋਇਆ ਹੈ। ਉਹ ਤੂੰ ਛੱਡਣ ਨੂੰ ਤਿਆਰ ਨਹੀਂ ਹੈ। ਮੈਂ ਚੋਧਰੀ ਹਾਂ, ਮੈਂ ਇਲਾਕੇ ਦਾ ਵੱਡਾ ਹਾਂ, ਮੇਰੇ ਕਰਕੇ ਐਥੇ ਲੋਕ ਆਉਂਦੇ ਹਨ, ਜੇ ਮੈਂ ਨਾ ਹੋਵਾਂ ਐਥੇ ਲੰਗਰ ਹੀ ਨਾ ਚਲੇ, ਮੈਂ ਨਾ ਹੋਵਾਂ ਐਂ ਗੱਲ ਹੋ ਜਾਂਦੀ। ਕਹਿੰਦੇ, ਆਹ ਜਿਹੜੀਆਂ ਤੇਰੀਆਂ ਗੱਲਾਂ ਨੇ, ਇਹ ਤੇਰੇ ਉਤੇ, ਤੇਰੀ ਹੋਂਦ ਦੇ ਉਤੇ ਪਰਦਾ ਪਿਆ ਹੋਇਆ ਹੈ, ਇਹ ਪਰਦਾ ਸੇਵਾ ਕਰਕੇ ਲਾਹ ਦੇ, ਤਾਂ ਤੇਰਾ ਕੁਛ ਬਣ ਜਾਏਗਾ। ਜਿੰਨੀ ਦੇਰ ਤੱਕ ਤੂੰ 'ਮੈ' ਵਿਚ ਹੈ, ਤੇਰਾ ਕੁਛ ਨਹੀਂ ਬਣ ਸਕਦਾ।

ਭਾਈ ਗੁਰਦਾਸ ਜੀ ਫੁਰਮਾਉਂਦੇ ਹਨ ਕਿ –

*ਪੈਰੀ ਪੈ ਪਾਖਾਕ ਹੋਇ ................॥*

***ਭਾਈ ਗੁਰਦਾਸ ਜੀ ਦੀ ਵਾਰ 27/19***

ਐਨਾ ਨੀਵਾਂ ਹੋ ਜਾਹ ਕਿ ਸਾਰਿਆਂ ਦੇ ਚਰਨਾਂ ਦੀ ਧੂੜੀ ਬਣ ਜਾਹ। ਪੈਰਾਂ ਦੀ ਖਾਕ ਬਣ ਜਾਹ।

............... *ਛਡਿ ਮਣੀ ਮਨੂਰੀ।*

***ਭਾਈ ਗੁਰਦਾਸ ਜੀ ਦੀ ਵਾਰ 27/19***

ਜਿਹੜੀ ਤੇਰੀ ਮਨ ਵਿਚ ਆਹ ਮਨੂਰੀ ਹੈ, ਮਣੋਤ ਬਣੀ ਹੋਈ ਹੈ ਕਿ ਮੈਂ ਇੰਨਾ ਪੜ੍ਹਿਆ ਹੋਇਆ ਹਾਂ, ਮੈਂ ਕੀਰਤਨ ਕਰਦਾ ਹਾਂ, ਮੈਂ ਵਖਿਆਨ ਕਰਦਾ ਹਾਂ, ਮੈਂ ਆਹ ਕੰਮ ਕਰਦਾ ਹਾਂ, ਮੈਂ ਉਹ ਕੰਮ ਕਰਦਾ ਹਾਂ।

ਕਹਿੰਦੇ, "ਇਸਨੂੰ ਛੱਡ ਦੇ, ਇਹ ਕਿਸੇ ਕੰਮ ਦੀ ਚੀਜ਼ ਨਹੀਂ, ਵਾਧੂ ਚੀਜ਼ ਹੈ, ਤੈਨੂੰ ਦੂਰ ਰੱਖ ਰਹੀ ਹੈ। ਅਸਲੀ ਚੀਜ਼ ਦੀ ਤੈਨੂੰ ਪ੍ਰਾਪਤੀ ਨਹੀਂ ਹੋਈ ਕਿਉਂਕਿ ਤੇਰੀ ਮਨ ਦੀ ਮੱਤ ਅਜੇ ਕਾਇਮ ਚਲ ਰਹੀ ਹੈ। ਤੇਰੀ ਹੋਂਦ ਕਾਇਮ ਚਲ ਰਹੀ ਹੈ। ਹੋਂਦ ਮਿਟਾਉਣੀ ਪੈਂਦੀ ਹੈ ਤਾਂ ਗੁਰੂ ਦੇ ਘਰ ਵਿਚ ਜਨਮ ਹੁੰਦਾ ਹੈ।

ਨਿਹਚਾ ਨਹੀਂ ਹੁੰਦਾ, ਚਾਹੇ ਕਿੰਨੀ ਦੇਰ ਤੱਕ ਸੇਵਾ ਕਰੀ ਜਾਓ, ਉਹੋ ਜਿਹਾ ਹੀ ਰਹਿੰਦਾ ਹੈ। ਸੋ ਇਹਦੇ ਨਾਲ –

*ਪਾਣੀ ਪਖਾ ਪੀਹਣਾ ਨਿਤ ਕਰੈ ਮਜੂਰੀ॥*

***ਭਾਈ ਗੁਰਦਾਸ ਜੀ ਦੀ ਵਾਰ 27/19***

ਸੇਵਾ ਜੋ ਹੈ, ਪੱਖੇ ਦੀ, ਪਾਣੀ ਦੀ, ਮਜ਼ੂਰੀ ਦੀ, ਜੋ ਵੀ ਕੰਮ ਕਹਿੰਦੇ ਹਨ ਉਹ ਕਰਨਾ, ਮਜ਼ੂਰੀ ਵਾਲਾ ਵੀ ਕਰਨਾ, ਕਾਮੇ ਵਾਲਾ ਵੀ ਕੰਮ ਕਰਨਾ ਪਰ ਜੇ ਉਸ ਤੋਂ ਟਲਦਾ ਹੈ ਕਿ ਇਹ ਮੈਂ ਨਾ ਕਰਾਂ, ਹੋਰ ਕਰੀ ਜਾਣ। ਮੈਂ ਖਾਸ ਬੰਦਾ ਹਾਂ, ਇਹ ਮੈਂ ਨਾ ਕਰਾ, ਮੇਰੇ ਵਿਚ ਆਹ ਗੁਣ ਹੈ। ਇਹ ਤਾਂ ਜਿਹੜੇ ਅਨਜਾਣ ਬੰਦੇ ਹਨ, ਉਹ ਕਰਦੇ ਹਨ।

*ਤੁਪੜ ਝਾੜਿ ਵਿਛਾਇਦਾ ਚੁਲਿ ਝੋਕਿ ਨ ਝੂਰੀ।*

***ਭਾਈ ਗੁਰਦਾਸ ਜੀ ਦੀ ਵਾਰ 27/19***

ਕਹਿੰਦਾ, ਮੈਂ ਤਪੜ ਝਾੜਨ ਲਗ ਗਿਆ, ਦਰੀਆਂ ਵਿਛਾਈਆਂ। ਮੇਰੇ ਚਿੱਟੇ ਕੱਪੜੇ ਤੇ ਗਰਦ ਪੈ ਜਾਏਗੀ। ਇਹ ਤਾਂ ਹੋਰ, ਬਾਹਰੋਂ ਹੀ ਆਉਣ, ਉਹੀ ਤਪੜ ਵਿਛਾਉਣ, ਉਹੀ ਸ਼ਾਮਿਆਨੇ ਲਾਉਣ, ਉਹ ਸਭ ਕੁਝ ਕਰਨ, ਮੈਂ ਨਾ ਕਰਾਂ, ਮੇਰੇ ਕੱਪੜੇ ਖਰਾਬ ਹੋ ਜਾਣਗੇ। ਮੈਂ ਚੰਗਾ ਨਹੀਂ ਲਗਣਾ, ਏਹੋ ਜਿਹੇ ਵਿਚਾਰ ਮਨ ਵਿਚ ਚਲਦੇ ਹਨ। ਕਹਿੰਦੇ ਫੇਰ ਨਹੀਂ ਭਾਈ –

*ਮੁਰਦੇ ਵਾਂਗਿ ਮੁਰੀਦੁ ਹੋਇ ਕਰਿ ਸਿਦਕ ਸਬੂਰੀ।*

***ਭਾਈ ਗੁਰਦਾਸ ਜੀ ਦੀ ਵਾਰ 27/19***

ਸਿਦਕ ਤੇ ਸਬਰ ਵਿਚ ਰਹਿ।

*ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।*

***ਭਾਈ ਗੁਰਦਾਸ ਜੀ ਦੀ ਵਾਰ 3/18***

ਇਕ ਵਾਰੀ ਈਰਾਨ ਦਾ ਬਾਦਸ਼ਾਹ ਦਰਬਾਰ ਲਗਿਆ ਹੋਇਆ, ਉਥੇ ਸਬਰ ਤੇ ਸ਼ੁਕਰ ਦੀ ਗੱਲ ਚਲ ਪਈ, ਬੜੇ ਅਰਥ ਕਰੇ। ਕਹਿੰਦਾ, ਐਂ ਨਹੀਂ। ਮੇਰੀ ਸਮਝ ਵਿਚ ਨਹੀਂ ਆਉਂਦੇ। ਮੇਰੀ ਤਸੱਲੀ ਨਹੀਂ ਹੁੰਦੀ ਕਿਉਂਕਿ ਦੋ ਤਰ੍ਹਾਂ ਦੇ ਅਰਥ ਨੇ, ਇਕ ਤਾਂ ਦਿਮਾਗੀ ਪੱਧਰ ਦੇ ਅਰਥ ਹੁੰਦੇ ਹਨ। ਜਿਹੜੇ ਇਹ ਦਸਦੇ ਹਨ ਕਿ ਇਹ ਸ਼ਬਦ ਦੀ ਧਾਤੂ ਕੀ ਹੈ, ਕਿਥੋਂ ਨਿਕਲਿਆ ਹੈ। ਉਹਦੇ ਵਿਚੋਂ ਕੀ ਕੀ ਅਰਥ ਲੈ ਕੇ ਐਥੇ ਆਇਆ ਹੈ, ਕਿਹੜੇ ਵੇਲੇ ਇਹ ਸ਼ਬਦ ਪ੍ਰਚਲਤ ਹੋਇਆ ਹੈ, ਹੁਣ ਇਹਦੇ ਕੀ ਅਰਥ ਹਨ, ਅੱਜ ਤੋਂ ਸੋ ਸਾਲ ਪਹਿਲਾਂ ਕੀ ਅਰਥ ਸੀ, ਅੱਗੇ ਕੀ ਅਰਥ ਹੋਣਗੇ।

ਇਕ ਉਹ ਹੈ ਅਨੁਭਵ ਦੇ ਗਹਿਰੇ ਸਾਗਰ ਦੇ ਵਿਚ ਬਿਰਤੀ ਲੈ ਜਾ ਕੇ, ਉਹਦਾ ਅਰਥ ਖੁੱਲ ਜਾਂਦਾ ਹੈ। ਉਹਨੂੰ ਅਨੁਭਵੀ ਅਰਥ ਕਹਿੰਦੇ ਹਨ।

ਦਰਬਾਰੀ ਉਪਰੋਂ ਉਪਰੋਂ ਅਰਥ ਦਸਦੇ ਸੀ। ਜਦ ਰਾਜੇ ਦੀ ਤਸੱਲੀ ਨਾ ਹੋਈ ਤਾਂ ਵਜ਼ੀਰ ਨੇ ਕਿਹਾ, ਮਹਾਰਾਜ ਔਰੰਗਜੇਬ ਦੀ ਕੈਦ ਵਿਚ ਇਕ ਪੂਰਨ ਬ੍ਰਹਮਗਿਆਨੀ ਆਰਫ ਮਹਾਂਪੁਰਸ਼ ਜਿਸਦਾ ਨਾਂ ਸਰਮੱਦ ਹੈ, ਉਹ ਕੈਦ ਵਿਚ ਹੈ, ਉਹ ਅਰਥ ਕਰ ਸਕਦਾ ਹੈ। ਵਿਸ਼ੇਸ਼ ਦੂਤ ਭੇਜਿਆ ਉਥੇ ਗਿਆ ਤਾਂ ਹੁਕਮ ਇਹ ਸੀ ਕਿ ਇਹਦੇ ਨਾਲ ਕੋਈ ਮੁਲਾਕਾਤ ਨਾ ਕਰੇ। ਇਹ ਦਰਵਾਜੇ ਦੇ ਅੱਗੇ ਗਿਆ, ਸਰਮੱਦ ਨੇ ਦੇਖ ਲਿਆ ਕਿ ਕੋਈ ਬੰਦਾ, ਮਿਲਣ ਆਉਂਦਾ ਹੈ, ਇਹਨਾਂ ਨੇ ਮਿਲਣ ਨਹੀਂ ਦੇਣਾ। ਸੱਤ ਤਾਲਿਆਂ ਦੇ ਅੰਦਰ ਕੈਦ ਸੀ। ਉਹ ਤੜਕ ਤੜਕ ਕਰਕੇ ਤਾਲੇ ਟੁੱਟ ਗਏ

ਤੇ ਦਰਵਾਜੇ ਸਾਰੇ ਖੁੱਲ ਗਏ, ਇਹ ਬੇ-ਰੋਕ ਟੋਕ ਅੰਦਰ ਚਲਾ ਗਿਆ। ਉਥੇ ਜਾ ਕੇ ਫਕੀਰ ਨੂੰ ਸਿਜਦਾ ਕੀਤਾ, ਬਰੇਹਣਾ ਹਾਲਤ ਵਿਚ ਸੀ, ਉਤੇ ਕੱਪੜਾ ਕੋਈ ਨਹੀਂ ਸੀ।

ਕਹਿਣ ਲੱਗੇ, " ਕੀ ਗੱਲ ਐਥੇ ਪਹੁੰਚ ਗਏ।"

ਉਹਨੇ ਸ਼ਕਤੀ ਦੇਖ ਲਈ ਕਿ ਇਹ ਤਾਂ ਪੂਰਨ ਸ਼ਕਤੀਆਂ ਵਾਲਾ ਹੈ। ਦਰਵਾਜੇ ਆਪੇ ਹੀ ਖੁਲ ਗਏ, ਤਾਲੇ ਖੁੱਲ ਖੁੱਲ ਕੇ ਧਰਤੀ ਤੇ ਗਿਰੀ ਜਾਂਦੇ ਹਨ। ਇਹਨਾਂ ਦਾ ਤਾਂ ਜੋ ਮਲਤਬ ਹੋਏਗਾ, ਉਹ ਬਹੁਤ ਗਹਿਰਾ ਹੋਏਗਾ। ਬਾਤਚੀਤ ਕਰੀ, ਕਹਿਣ ਲੱਗੇ, ਕਿਵੇਂ ਆਇਆ ਹੈਂ?

ਕਹਿੰਦਾ, "ਮਹਾਰਾਜ! ਤੁਸੀਂ ਜਾਣਦੇ ਹੀ ਹੋ।"

ਕਹਿੰਦੇ, "ਚੰਗਾ, ਜਿਹੜੇ ਤੂੰ ਅਰਥ ਪੁਛਣੇ ਨੇ, ਤੈਨੂੰ ਕੱਲ ਨੂੰ ਅਸੀਂ ਪ੍ਰਤੱਖ ਦਿਖਾਵਾਂਗੇ। ਇਕ ਮਸ਼ਕ ਪਾਣੀ ਦੀ ਲੈ ਕੇ ਆਈਂ, ਦੋ ਗੱਜ ਕੱਪੜਾ, ਤੇੜ ਪਹਿਨਣ ਨੂੰ ਲਿਆਈਂ, ਤੇਰੇ ਨਾਲ ਬੈਠ ਕੇ ਗੱਲ ਕਰਾਂਗੇ।

ਦੂਸਰੇ ਦਿਨ ਇਸੇ ਤਰ੍ਹਾਂ ਕੀਤਾ, ਇਸ਼ਨਾਨ ਕਰਿਆ ਦਰਵੇਸ਼ ਨੇ ਤੇ ਉਸ ਤੋਂ ਬਾਅਦ ਦੋ ਗੱਜ ਕੱਪੜਾ ਤੇੜ ਪਹਿਨਿਆ, ਚੌਂਕੜਾ ਮਾਰ ਕੇ ਬੈਠ ਗਿਆ। ਹੁਕਮ ਇਹ ਸੀ ਕਿ ਇਸਦੇ 101 ਕੋੜਾ ਰੋਜ ਲਾਵੋ। ਔਰੰਗਜੇਬ ਜਿਸ ਨੂੰ ਕਹਿੰਦੇ ਨੇ, ਝੂਠੇ ਦੇ ਘਰ ਥਾਂਈ ਜਾਂਦਾ ਸੀ। ਉਹ ਕਹਿੰਦਾ ਸੀ, ਜੇ ਇਹ ਸਰਾਪ ਦਏਗਾ, ਤਾਂ ਆਪਣੀ ਪਦਵੀ ਤੋਂ ਗਿਰੇਗਾ, ਤਾਂ ਇਹਦੇ ਵਾਸਤੇ ਸਾਰੀ ਸ੍ਰਿਸ਼ਟੀ ਬ੍ਰਹਮ ਨਹੀਂ ਹੈ। ਮਾੜੇ ਚੰਗੇ ਦੇਖਦਾ ਹੈ, ਭੁੱਲੇ ਤੇ ਜਾਣੇ ਹੋਏ ਦੇਖਦਾ ਹੈ। ਇਹਦੀ ਦ੍ਰਿਸ਼ਟੀ ਵਿਚ ਫਰਕ ਹੈ ਕਿਉਂਕਿ ਗੁਰੂ ਪੰਜਵੇਂ ਪਾਤਸ਼ਾਹ ਨੂੰ ਜਿਸ ਵਕਤ ਗੋਰਖਨਾਥ ਨੇ ਤੇ ਮੀਆਂ ਮੀਰ ਨੇ ਆ ਕੇ ਇਹ ਗੱਲ ਕਹੀ ਕਿ ਸੱਚੇ ਪਾਤਸ਼ਾਹ! ਤੁਹਾਡਾ ਤਵੀ ਤੇ ਬੈਠਣਾ, ਸਾਰੇ ਜੋ ਅਰਸ਼ ਨੇ, ਉਹਦੇ ਵਿਚ ਡਗ ਮਗ, ਡਗ ਮਗ ਹਿਲ ਜੁਲ ਪੈਦਾ ਹੋ ਗਈ। ਤਖਤ ਡੋਲ ਰਹੇ ਹਨ। ਇਹ ਸੰਸਾਰੀ ਅੰਨੇ ਲੋਕਾਂ ਨੂੰ ਇੰਨੀ ਵੱਡੀ ਪਰੀਖਿਆ ਤੁਸੀਂ ਦੇ ਰਹੇ ਹੋ। ਇਹ ਤੁਹਾਡੀ ਅਜ਼ਮਤ ਨੂੰ ਕੀ ਜਾਣਦੇ ਹਨ, ਤੁਹਾਡੀ ਬਣਤਰ ਨੂੰ ਇਹ ਕੀ ਜਾਣਦੇ ਹਨ। ਸਰਾਪ ਦੇਵੋ, ਜੇ ਤੁਸੀਂ ਨਹੀਂ ਦੇਣਾ, ਗੋਰਖ ਕਹਿਣ ਲੱਗਿਆ, ਮੈਂ ਦਿੰਦਾਂ ਹਾਂ, ਮੈਂ ਹੁਣੇ ਗਰਕ ਕਰ ਦਿੰਦਾ ਹਾਂ। ਹਾਂ, ਇਹ ਹਵੇਲੀ ਨੂੰ ਹੀ ਗਰਕ ਕਰ ਦਿੰਦਾ ਹਾਂ। ਪਤਾਲਾਂ ਵਿਚ ਪਹੁੰਚ ਜਾਏਗੀ ਤੇ ਦੁਨੀਆਂ ਦੇਖ ਲਏਗੀ। ਲਾਹੌਰ ਨੂੰ ਗਰਕ ਕਰਾਂ ਤਾਂ ਬੇਦੋਸ਼ੇ ਮਾਰੇ ਜਾਣਗੇ। ਹੁਕਮ ਕਰੋ ਤਾਂ ਮੈਂ ਪੁੱਠੀ ਕਰ ਦਿੰਦਾ ਹਾਂ।

ਮਹਾਰਾਜ ਕਹਿੰਦੇ, "ਗੋਰਖਨਾਥ, ਮੀਆਂ ਮੀਰ, ਕਿਸਨੂੰ ਸਰਾਪ ਦਈਏ। ਮੈਨੂੰ ਇਹ ਗੱਲ ਸਮਝਾ ਦਿਓ ਸਰਾਪ ਕਿਸਨੂੰ ਦੇਣਾ ਹੈ। ਕਿਉਂਕਿ ਜੋ ਗੁਰਬਾਣੀ ਦਾ ਨਿਹਚਾ ਹੈ ਉਹਦੇ ਬਾਰੇ ਇਸ ਤਰ੍ਹਾਂ ਫੁਰਮਾਨ ਕੀਤਾ ਹੈ।

***ਧਾਰਨਾ - ਆਪੇ ਇਕ ਤੋਂ ਅਨੇਕ ਰੂਪ ਧਾਰ ਕੇ***
***ਆਪੇ ਖੇਲੇ ਖੇਲ ਆਪਣੀ -2, 2.***
***ਮੇਰੇ ਪਿਆਰੇ, ਆਪੇ ਖੇਲੇ ਖੇਲ ਆਪਣੀ -2, 2.***
***ਆਪੇ ਇਕ ਤੋਂ ਅਨੇਕ ਰੂਪ ਧਾਰ ਕੇ,...... -2.***

ਕਹਿਣ ਲੱਗੇ, ਮੀਆ ਮੀਰ, ਐਥੇ ਹੋਰ ਕੋਈ ਹੈ, ਪਰਮੇਸ਼ਰ ਤੋਂ ਬਗੈਰ? ਤੂੰ ਵੀ ਆਰਫ ਲੋਕ ਹੈਂ, ਹਕ ਦੇ ਮੰਡਲ ਵਿਚ ਰਹਿੰਦਾ ਹੈਂ ਤੇ ਤੂੰ ਮੈਨੂੰ ਇਹ ਦੱਸ ਕਿ ਐਥੇ ਕੋਈ ਹੋਰ ਹੈ, ਕਿਸ ਨੂੰ ਸਰਾਪ ਦਈਏ। ਇਹ ਤਾਂ ਆਪ ਹੀ ਹੈ।

ਆਪ ਹੀ ਇਧਰ ਹੈ, ਆਪ ਹੀ ਉਧਰ ਹੈ। ਸੋ ਇਸ ਤਰ੍ਹਾਂ ਦੇ ਨਾਲ ਇਹ ਦ੍ਰਿਸ਼ਟੀ ਹੋਇਆ ਕਰਦੀ ਹੈ, ਆਰਫ ਲੋਕਾਂ ਦੀ। ਵਰਾਂ, ਸਰਾਪਾਂ ਤੋਂ ਉਪਰ ਹੋਇਆ ਕਰਦੇ ਹਨ। ਬੰਦਾ ਸੇਵਾ ਕਰਦਾ ਹੈ, ਵਰ ਲੈਂਦਾ ਹੈ, ਪ੍ਰਸੰਨ ਕਰਦਾ ਹੈ, ਪ੍ਰਸੰਨਤਾ ਦਾ ਨਤੀਜਾ ਵਰ ਵਿਚ ਹੋਇਆ ਕਰਦਾ ਹੈ। ਤੰਗ ਕਰਦਾ ਹੈ, ਨਿੰਦਿਆ ਕਰਦਾ ਹੈ, ਦੁਖੀ ਕਰਦਾ ਹੈ, ਉਹਦਾ ਫਲ ਸਰਾਪ ਵਿਚ ਹੋਇਆ ਕਰਦਾ ਹੈ। ਮਹਾਤਮਾ ਨਾ ਕਿਸੇ ਨੂੰ ਸਰਾਪ, ਨਾ ਵਰ, ਨਿਰਲੇਪ ਹੋਇਆ ਕਰਦੇ ਹਨ। ਉਹਦੀ ਦ੍ਰਿਸ਼ਟੀ ਵਿਚ ਪਰਮੇਸ਼ਰ ਤੋਂ ਬਗੈਰ ਹੋਰ ਹੋਇਆ ਨਹੀਂ ਕਰਦਾ।

***ਗੁਰਹਿ ਦਿਖਾਇਓ ਲੋਇਨਾ॥***
***ਈਤਹਿ ਊਤਹਿ ਘਟਿ ਘਟਿ ਘਟਿ ਘਟਿ ਤੂੰਹੀ ਤੂੰਹੀ ਮੋਹਿਨਾ॥***
***ਪੰਨਾ - 407***

ਸੋ ਈਰਾਨ ਦਾ ਦੂਤ ਸਰਮੱਦ ਕੋਲ ਆ ਗਿਆ, ਦਰਵਾਜੇ ਖੁੱਲ ਗਏ। ਇਸ਼ਨਾਨ ਕਰਿਆ, ਕਰਾਇਆ, ਕਪੜਾ ਤੇੜ ਪਾ ਲਿਆ ਤੇ ਉਸ ਤੋਂ ਬਾਅਦ ਕੋਰੜੇ ਮਾਰਣ ਵਾਲਾ ਆ ਗਿਆ, 101 ਕੋਰੜਾ ਲਗਦੈ। ਔਰੰਗਜੇਬ ਉਸਨੂੰ ਹੇਠਾਂ ਲਿਆਉਣਾ ਚਾਹੁੰਦਾ ਸੀ ਕਿ ਇਸਦੀ ਬਿਰਤੀ ਮੈਂ ਹੇਠਾਂ ਸਿਟ ਦਵਾਂ, ਮਾਰਣੇ ਉਹਨੇ ਸੀ ਕਿਉਂਕਿ ਪਹਿਲਾਂ ਕੋਸ਼ਿਸ਼ ਕੀਤੀ।

ਉਹ ਕਹਿੰਦੇ, ਦੇਖ ਜੇ ਤੈਂ ਮੈਨੂੰ ਮਾਰਿਆ ਨਾ, ਤੇਰਾ ਸਾਰਾ ਖਾਨਦਾਨ ਮਰ ਜਾਵੇਗਾ।

ਕਹਿੰਦੇ, "ਮੈਨੂੰ ਕਿਵੇਂ ਪਤਾ ਲੱਗੇ।"

ਕਹਿੰਦੇ, ਮੇਰੀ ਉਂਗਲੀ ਤੇ ਚੀਰਾ ਦੇ ਦੇ।"

ਉਹ ਜਦ ਚੀਰਾ ਦਿੱਤਾ। ਸਾਰੇ ਮੁਗਲੀਆ ਖਾਨਦਾਨ ਦੀਆਂ ਜਿੰਨੀਆਂ ਔਰਤਾਂ, ਜਿੰਨੇ ਬੱਚੇ, ਔਰੰਗਜੇਬ ਸਮੇਤ ਸਾਰਿਆਂ ਦੀਆਂ ਚੀਚੀਆਂ ਤੇ ਵਿਚੋਂ ਖੂਨ ਨਿਕਲਣ ਲਗ ਗਿਆ। ਮਹਿਲਾਂ ਵਿਚੋਂ ਬੇਗਮਾ ਦਾ ਸਨੇਹਾ ਆਇਆ, ਸਾਰੀਆਂ ਦੀਆਂ ਉਂਗਲਾਂ ਕੱਟ ਦਿੱਤੀਆਂ।

ਕਹਿੰਦੇ, "ਕਿਉਂ? ਗਰਦਨ ਕਟਣੀ ਹੈ ਮੇਰੀ, ਧਰਤੀ ਤੇ ਬੜਾ ਧੜ ਗਿਰੇਗਾ। ਔਰੰਗਜੇਬ ਕਹਿਣ ਲੱਗਿਆ,

ਸਰਮੱਦ ਅਜੇ ਤੇਰਾ ਦੇਹ ਅਧਿਆਸ ਨਹੀਂ ਟੁਟਿਆ। ਕਹਿੰਦਾ, ਨਹੀਂ ਮੈਂ ਤੈਨੂੰ ਚਮੜਾ ਦੇਣਾ ਹੈ, ਸਮਾਂ ਆ ਗਿਆ, ਤੇਰੇ ਮੱਥੇ ਵਿਚ ਮਾਰਨਾ ਹੈ। ਇਹ ਮੈਂ ਤੇਰੀ ਗੱਲ ਤੋਂ ਗੱਲ ਲਈ ਹੈ। ਇਹ ਅਸੀਂ ਆਪਣੀ ਮੌਜ ਨਾਲ ਕੁਛ ਕਰ ਲਈਏ, ਤੂੰ ਕੁਛ ਨਹੀਂ ਕਰ ਸਕਦਾ। ਸੋ ਉਹ ਆ ਕੇ 101 ਕੋਰੜਾ ਰੋਜ ਮਰਵਾਉਂਦਾ ਸੀ ਤੇ ਨਮਕ ਵਾਲਾ ਕਉੜਾ ਪਾਣੀ ਪੀਣ ਨੂੰ ਦਿੰਦਾ ਸੀ।

ਉਸ ਤੋਂ ਬਾਅਦ ਕੋਰੜੇ ਮਾਰਨੇ ਸ਼ੁਰੂ ਕਰ ਦਿੱਤੇ, ਸਰਮੱਦ ਨੇ ਇਕ ਉਂਗਲੀ ਐਂ ਉਠਾਈ। ਇਸ ਵਕੀਲ ਦੂਤ ਨੇ ਸਮਝਿਆ ਕਿ ਗਿਣਦਾ ਹੈ। ਜਦੋਂ 51 ਪੈ ਗਏ, ਜਲਾਦ ਨੇ ਪੂਰੇ ਜੋਰ ਨਾਲ ਮਾਰੇ, ਨਾ ਹਾਏ ਕਹਿੰਦਾ ਹੈ, ਨਾ ਕੁਛ ਕਹਿੰਦਾ ਹੈ, ਚੁੱਪ ਕਰਿਆ ਬੈਠਾ ਹੈ ਉਵੇਂ। ਉਹਨੇ ਕੋਰੜਾ ਰੱਖ ਦਿੱਤਾ ਤੇ ਦਮ ਲੈਣ ਲਗ ਗਿਆ।

ਕਹਿਣ ਲੱਗਿਆ, ਫਕੀਰ ਸਾਂਈ, ਮੇਰੇ ਤੇ ਦੋਸ਼ ਨਾ ਕਰੀਂ, ਮੈਂ ਤਾਂ ਹੁਕਮ ਦਾ ਬੰਨ੍ਹਿਆ ਹੋਇਆ ਮਾਰ ਰਿਹਾ ਹਾਂ, ਮਰਵਾਉਣ ਵਾਲਾ ਕੋਈ ਹੋਰ ਹੈ।"

ਕਹਿਣ ਲੱਗੇ, "ਤੈਨੂੰ ਅਰਥ ਸਮਝ ਵਿਚ ਆਇਆ।"

ਕਹਿੰਦਾ, "ਨਾ ਮਹਾਰਾਜ ਜੀ ਮੈਨੂੰ ਅਰਥ ਸਮਝ ਵਿਚ ਨਹੀਂ ਆਇਆ।"

ਕਹਿੰਦੇ, ਚੰਗਾ, ਹੁਣੇ 50 ਹੋਰ ਮਾਰਨੇ ਹਨ, ਜਦ ਆ ਜਾਂਈ।"

ਮੱਥੇ ਤੇ ਹੱਥ ਫੇਰ ਦਿੱਤਾ, ਨੇਤਰ ਖੋਲ ਦਿੱਤੇ, ਜਿਹੜੇ ਦਿਬਯ ਦੁਨੀਆਂ ਨੂੰ ਦੇਖ ਸਕਦੇ ਹਨ। ਉਹ ਦ੍ਰਿਸ਼ਟੀ ਦੇ ਦਿੱਤੀ, ਜਿਹੜੀ ਰਬਹਾਨੀ ਦੁਨੀਆਂ ਨੂੰ ਦੇਖ ਸਕਦੀ ਹੈ। ਉਸ ਵੇਲੇ ਜਦੋਂ ਮਾਰਣ ਲਗਿਆ ਤਾਂ ਸਾਰੇ ਫਰਿਸ਼ਤੇ ਬੇਨਤੀਆਂ ਕਰਦੇ ਹਨ ਕਿ ਮਹਾਂਪੁਰਸ਼ੋਂ ਇਹ ਇੰਨਾ ਕਰੜੀ ਪ੍ਰੀਖਿਆ ਤੁਸੀਂ ਨਾ ਦਿਓ, ਹੁਕਮ ਕਰੋ ਸਾਨੂੰ ਅਸੀਂ ਇਹਨਾਂ ਨੂੰ ਸਜਾ ਦਈਏ। ਉਹ ਉਂਗਲੀ ਐਂ ਐਂ ਕਰੀ ਜਾਂਦੇ ਹਨ। ਜਦ 101 ਮਾਰ ਲਿਆ।

ਕਹਿਣ ਲੱਗੇ, "ਸਮਝ ਵਿਚ ਆਇਆ।"

ਕਹਿੰਦਾ, "ਨਹੀਂ।"

ਕਹਿੰਦੇ, ਹੁਣ ਤਾਂ ਅਸੀਂ ਤੈਨੂੰ ਪ੍ਰਤੱਖ ਦਿਖਾ ਦਿੱਤਾ। ਕਹਿੰਦੇ ਦੇਖ ਇਕ ਬਚਨ ਕਰ ਦਈਏ, ਇਹ ਸਾਰੀ ਧਰਤੀ ਨੂੰ ਹੀ ਖਤਮ ਕਰ ਦਈਏ। ਇਕ ਵੀ ਬੰਦਾ ਇਸ ਉਤੇ ਨਾ ਰਹੇ। ਜਲ ਵਿਚ ਥਲ ਹੋ ਜਾਣ, ਥਲਾਂ ਵਿਚ ਜਲ ਹੋ ਜਾਣ। ਸਮੁੰਦਰ ਦੀ ਤਹਿ ਵਿਚ ਪਹਾੜ ਹੋ ਜਾਣ, ਪਹਾੜਾਂ ਦੇ ਸਿਰ ਤੇ ਸਮੁੰਦਰ ਹੋ ਜਾਣ। ਐਨੀ ਤਾਕਤ ਰਖਦਿਆਂ ਹੋਇਆਂ ਵੀ ਅਸੀਂ ਪਰਮੇਸ਼ਰ ਦੀ ਰਜਾ ਵਿਚ ਰਾਜੀ ਹਾਂ, ਅਸੀਂ ਉਹਦੇ ਹੁਕਮ ਵਿਚ ਰਾਜੀ ਹਾਂ, ਜੋ ਮੌਲ੍ਹਾ (ਰੱਬ) ਨੂੰ ਭਾਉਂਦਾ ਹੈ, ਉਹ ਹੋ ਰਿਹਾ ਹੈ। ਉਹ ਖੇਲ ਕਰ ਰਿਹਾ ਹੈ। ਅਸੀਂ ਖੇਲ ਦੇ ਵਿਚ ਪਾਤਰ ਬਣੇ ਹੋਏ ਹਾਂ।

ਕਹਿੰਦੇ, "ਇਸਨੂੰ ਸਾਬਰ ਕਹਿੰਦੇ ਹਨ, ਸਬਰ।"

ਉਸ ਤੋਂ ਬਾਅਦ ਕੌੜਾ ਪਾਣੀ ਆ ਗਿਆ, ਨਮਕ ਵਾਲਾ। ਕੀ ਦੇਖਦੇ ਹਨ ਕਿ ਮਿੰਨਤਾਂ ਕਰ ਰਹੇ ਹਨ, ਫਰਿਸ਼ਤੇ ਵੀ, ਮਹਾਂਪੁਰਸ਼ੋ! ਆਹ ਛੱਕੋ ਕਿ ਆਹ ਛੱਕੋ, ਸਾਰਿਆਂ ਨੂੰ ਜਵਾਬ ਦੇ ਕੇ ਕੋੜਾ ਪਾਣੀ ਪੀ ਕੇ ਕਹਿੰਦੇ, ਐ ਅਲਾਹ ਤਾਲਾ! ਤੇਰਾ ਸ਼ੁਕਰ ਹੈ, ਤੈਂ ਮੈਨੂੰ ਵੀ ਯਾਦ ਰੱਖਿਆ ਆਪਣੀਆਂ ਨੇਹਮਤਾਂ ਵਿਚੋਂ, ਮੇਰੇ ਵਾਸਤੇ ਵੀ ਤੂੰ ਪਾਣੀ ਭੇਜਿਆ।"

ਇਹ ਅਰਥ ਆ ਕੇ ਵਕੀਲ ਨੇ ਦੱਸੇ, ਬਾਦਸ਼ਾਹ ਕਹਿਣ ਲੱਗਿਆ, ਸਚਮੁਚ ਇਹੋ ਅਰਥ ਹਨ। ਸੋ ਭਾਈ ਗੁਰਦਾਸ ਜੀ ਕਹਿੰਦੇ ਹਨ।

***ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।***
***ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।***
***ਗੋਲਾ ਮੁਲ ਖਰੀਦੁ ਕਾਰੇ ਜੋਵਣਾ।***
***ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ।***
***ਪੀਹਣਿ ਹੋਇ ਜਦੀਦ ਪਾਣੀ ਢੋਵਣਾ।***
***ਪਖੇ ਦੀ ਤਾਗੀਦ ਪਗ ਮਲਿ ਧੋਵਣਾ।***
***ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ।***
***ਦਰ ਦਰਵੇਸ ਰਸੀਦ ਪਿਰਮ ਰਸ ਭੋਵਣਾ।***

***ਭਾਈ ਗੁਰਦਾਸ ਜੀ ਦੀ ਵਾਰ 3/18***

ਸੋ ਸੇਵਕ ਬਣਨ ਵਾਸਤੇ, ਸਿਖ ਬਣਨ ਵਾਸਤੇ, ਸ਼ਰਤ ਜਰੂਰੀ ਹੈ।

***ਮੁਰਦੇ ਵਾਂਗਿ ਮੁਰੀਦੁ ਹੋਇ ਕਰਿ ਸਿਦਕ ਸਬੂਰੀ।***

***ਭਾਈ ਗੁਰਦਾਸ ਜੀ ਦੀ ਵਾਰ 27/19***

ਸਿਦਕ ਦਾ ਪੱਕਾ ਤੇ ਸਬਰ ਦਾ ਹੋਵੇ। ਇਹ ਨਹੀਂ ਕਿ ਮਾੜੀ ਜਿਹੀ ਗੱਲ ਹੋਈ, ਸ਼ਕਤੀਆਂ ਦਿਖਾ ਕੇ ਉਲਟੇ ਫੁਲਟੇ ਕਰ ਦਿੱਤਾ। ਉਹ ਫੇਰ ਹੁੰਦਾ ਕੀ ਹੈ, ਕਹਿੰਦੇ –

***ਚੰਦਨੁ ਹੋਵੈ ਸਿੰਮਲਹੁ ਫਲੁ ਵਾਸੁ ਹਜੂਰੀ।***

***ਭਾਈ ਗੁਰਦਾਸ ਜੀ ਦੀ ਵਾਰ 27/19***

ਵਾਸਨਾਵਾਂ ਨਾਲ ਭਰ ਜਾਦਾ ਹੈ ਤੇ ਸਿੰਮਲ ਤੋਂ ਚੰਦਨ ਬਣ ਜਾਂਦਾ ਹੈ।

***ਪੀਰ ਮੁਰੀਦਾ ਪਿਰਹੜੀ ਗੁਰਮੁਖਿ ਮਤਿ ਪੂਰੀ॥***

***ਭਾਈ ਗੁਰਦਾਸ ਜੀ ਦੀ ਵਾਰ 27/19***

# ਚਉਥੈ ਪਹਰਿ ਸਬਾਹ ਕੈ

## ਸੁਰਤਿਆ ਉਪਜੈ ਚਾਉ

**(ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਸਮਾਪਤੀ ਉਪਰੰਤ ਕੀਤੇ ਬਚਨ)**

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ।***

## ਹੁਕਮਨਾਮਾ

**ਧਨਾਸਰੀ ਮਹਲਾ ੫॥**

*ਜਾ ਕਉ ਹਰਿ ਰੰਗੁ ਲਾਗੋ ਇਸੁ ਜਗੁ ਮਹਿ*
*ਸੋ ਕਹੀਅਤ ਹੈ ਸੂਰਾ॥*
*ਆਤਮ ਜਿਣੈ ਸਗਲ ਵਸਿ ਤਾ ਕੈ*
*ਜਾ ਕਾ ਸਤਿਗੁਰੁ ਪੂਰਾ॥*
*ਠਾਕੁਰੁ ਗਾਈਐ ਆਤਮ ਰੰਗਿ॥*
*ਸਰਣੀ ਪਾਵਨ ਨਾਮ ਧਿਆਵਨ ਸਹਜਿ ਸਮਾਵਨ ਸੰਗਿ॥*
*ਜਨ ਕੇ ਚਰਨ ਵਸਹਿ ਮੇਰੈ ਹੀਅਰੈ ਸੰਗਿ ਪੁਨੀਤਾ ਦੇਹੀ॥*
*ਜਨ ਕੀ ਧੂਰਿ ਦੇਹੁ ਕਿਰਪਾ ਨਿਧਿ ਨਾਨਕ ਕੈ ਸੁਖੁ ਏਹੀ॥*
*ਪੰਨਾ - 679*

ਸਾਧ ਸੰਗਤ ਜੀ!

*ਵਾਹਿਗੁਰੂ ਜੀ ਕਾ ਖਾਲਸਾ॥*
*ਵਾਹਿਗੁਰੂ ਜੀ ਕੀ ਫਤਹਿ॥*

ਗੁਰੂ ਮਹਾਰਾਜ ਜੀ ਦੀ ਬਖਸ਼ਿਸ਼ ਹੋਈ, ਏਸ ਕਲੀਕਾਲ ਦੇ ਸਮੇਂ ਦੇ ਅੰਦਰ ਅੰਮ੍ਰਿਤ ਵੇਲੇ ਦੀ ਜਾਗ ਤੇ ਹਰੀ ਦੇ ਜਸ ਸਰਵਣ ਕਰਨ ਵਾਸਤੇ ਆਪਣੀ ਕਿਰਪਾ ਕੀਤੀ। ਆਪ ਸਾਰਿਆਂ ਨੇ ਹਰੀ ਦਾ ਜਸ ਸਰਵਣ ਕੀਤਾ ਹੈ ਜਿਸ ਦੇ ਬਾਰੇ ਗੁਰੂ ਮਹਾਰਾਜ ਜੀ ਦਾ ਐਸਾ ਫੁਰਮਾਨ ਹੈ ਕਿ ਬੇਅੰਤ ਮੈਲਾਂ ਜੋ ਆਦਮੀ ਨੂੰ ਲੱਗੀਆਂ ਹੋਈਆਂ ਨੇ ਜਦੋਂ ਆਤਮ ਰੰਗ ਵਿਚ ਕੀਰਤਨ ਕਰਦਾ ਹੈ ਪਿਆਰ ਦੇ ਨਾਲ ਕੀਰਤਨ ਕਰਦਾ ਹੈ ਉਸ ਵੇਲੇ ਇਸ ਦੀਆਂ ਇਹ ਮੈਲਾਂ ਉਤਰਨੀਆਂ ਸ਼ੁਰੂ ਹੋ ਜਾਂਦੀਆਂ ਨੇ ਤੇ ਸਮਾਂ ਲੇਖੇ ਵਿਚ ਪੈਂਦਾ ਹੈ। ਜੇ ਇਸ ਦਾ ਮਨ ਮੰਨ ਜਾਵੇ ਤੇ ਬਾਣੀ ਨੂੰ ਮੰਨ ਕੇ ਆਪਣੇ ਜੀਵਨ ਨੂੰ ਓਸ ਦੇ ਪ੍ਰਕਾਸ ਵਿਚ ਤੋਰੇ ਤਾਂ ਮਹਾਰਾਜ ਕਹਿੰਦੇ ਹਨ ਫਲ ਬੇਅੰਤ ਹੋ ਜਾਇਆ ਕਰਦਾ ਹੈ –

*ਸੇਵਕ ਸਿਖ ਪੂਜਣ ਸਭਿ ਆਵਹਿ*
*ਸਭਿ ਗਾਵਹਿ ਹਰਿ ਹਰਿ ਊਤਮ ਬਾਨੀ॥*
*ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ*
*ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥*
*ਪੰਨਾ - 669*

ਆਗਿਆ ਸਤਿ ਕਰਕੇ ਮੰਨਣ ਦਾ ਸਵਾਲ ਹੈ ਫਲ ਕਿੰਨਾ ਕੁ ਹੁੰਦਾ ਹੈ –

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥*
*ਪੰਨਾ - 546*

ਜਿਸ ਥਾਂ ਤੇ ਨਿਰਬਾਣ ਕੀਰਤਨ ਹੋ ਰਿਹਾ ਹੈ ਉਥੇ ਕੇਵਲ ਚੱਲ ਕੇ ਆਉਣ ਦਾ ਹੀ ਇਕ ਕਦਮ ਦਾ ਫਲ ਇਕ ਜੱਗ ਦੇ ਬਰਾਬਰ ਹੋ ਜਾਇਆ ਕਰਦਾ ਹੈ ਤੇ ਉਥੇ ਜਦੋਂ ਮਨ ਚਿਤ ਇਕਾਗਰ ਕਰਕੇ, ਵਾਸ਼ਨਾਵਾਂ ਤੇ ਕਾਬੂ ਪਾ ਕੇ ਹਰੀ ਦੇ ਚਰਨਾਂ ਦੇ ਨਾਲ ਧਿਆਨ ਜੋੜ ਕੇ ਬਾਣੀ ਸਰਵਣ ਕਰਦਾ ਹੈ ਉਸ ਵੇਲੇ ਕਈ ਕ੍ਰੋੜਾਂ ਜੱਗਾਂ ਦਾ ਫਲ ਮਿਲ ਜਾਇਆ ਕਰਦਾ ਹੈ।

ਸੋ ਗੁਰੂ ਮਹਾਰਾਜ ਜੀ ਨੇ ਏਸ ਸ਼ਬਦ ਦੇ ਅੰਦਰ ਪਿਆਰ ਦਾ ਜ਼ਿਕਰ ਕੀਤਾ ਹੈ। 'ਰੰਗ' ਪਿਆਰ ਨੂੰ ਕਹਿੰਦੇ ਨੇ। ਆਦਮੀ ਦੇ ਮਨ ਵਿਚ ਪਿਆਰ ਦੀਆਂ ਬੇਅੰਤ ਸ਼ਕਲਾਂ ਨੇ। ਕਿਸੇ ਦਾ ਪਿਆਰ ਬੱਚਿਆਂ ਨਾਲ ਹੁੰਦਾ ਹੈ, ਕਿਸੇ ਦਾ ਜਾਇਦਾਦਾਂ ਨਾਲ ਹੈ, ਕਿਸੇ ਦਾ ਪੈਸੇ ਟਕੇ ਨਾਲ ਹੈ, ਆਪਣਾ ਨਾਮ ਵੱਡਾ ਕਰਨ ਨਾਲ ਹੈ, ਆਪਣੀ ਮਹਿਮਾ ਕਰਾਉਣ ਨਾਲ ਹੈ, ਕਿਸੇ ਦਾ ਭੋਗਾਂ ਦੇ ਨਾਲ ਪਿਆਰ ਹੈ, ਸ਼ਰਾਬਾਂ-ਕਬਾਬਾਂ ਦੇ ਨਾਲ ਪਿਆਰ ਹੈ, ਕਿਸੇ ਦਾ ਮਾਸ ਮੱਛੀਆਂ ਖਾਣ ਦੇ ਨਾਲ ਪਿਆਰ ਹੈ, ਬੇਅੰਤ ਤਰ੍ਹਾਂ ਦੇ ਪਿਆਰ ਨੇ। ਮਹਾਰਾਜ ਜੀ ਕਹਿੰਦੇ ਇਹ ਸਾਰਾ ਕੁਝ ਜਿਹੜਾ ਹੈ ਇਹ ਲੇਖੇ ਵਿਚ ਨਹੀਂ ਪੈਂਦਾ, ਕੇਵਲ ਜੋ ਵਾਹਿਗੁਰੂ ਜੀ ਨਾਲ ਪਿਆਰ ਹੈ, ਜਿਸ ਨੂੰ ਇਹ ਪਿਆਰ ਲੱਗ ਗਿਆ, ਕਹਿੰਦੇ ਉਹ ਸੂਰਮਾ ਹੈ, ਬਾਕੀ ਕੋਈ ਸੂਰਮਾ ਨਹੀਂ ਹੋਇਆ ਕਰਦਾ ਕਿਉਂਕਿ ਸਾਡੇ ਅੰਦਰ ਜੋ ਜਜ਼ਬੇ ਨੇ ਜਿਵੇਂ ਕਾਮ ਹੈ, ਕ੍ਰੋਧ ਹੈ, ਲੋਭ, ਮੋਹ, ਅਹੰਕਾਰ ਉਨ੍ਹਾਂ ਸਾਰਿਆਂ ਦੇ ਉਤੇ ਫਤਿਹ ਪਾਉਣੀ ਪੈਂਦੀ ਹੈ। ਕੋਈ ਵਿਰਲਾ ਪੁਰਸ਼ ਹੈ ਜੋ ਇਨ੍ਹਾਂ ਦੇ ਉਤੇ ਫਤਿਹ ਪਾ ਕੇ ਇਨ੍ਹਾਂ ਨੂੰ ਜਿੱਤ ਲਵੇ, ਨਹੀਂ ਤਾਂ ਸਾਰੇ ਦਾ ਸਾਰਾ ਸੰਸਾਰ ਇਨ੍ਹਾਂ ਦੇ ਅਸਰ ਵਿਚ ਘੁੰਮਦਾ ਫਿਰਦਾ ਹੈ, ਪ੍ਰਮੇਸ਼ਰ ਨੂੰ ਹਰ ਵਕਤ ਭੁਲਿਆ ਰਹਿੰਦਾ ਹੈ। ਮਹਾਰਾਜ ਜੀ ਕਹਿੰਦੇ ਓਹੀ ਸੂਰਮਾ ਹੈ –

*ਜਾ ਕਉ ਹਰਿ ਰੰਗੁ ਲਾਗੋ ਇਸੁ ਜਗੁ ਮਹਿ*
*ਸੋ ਕਹੀਅਤ ਹੈ ਸੂਰਾ॥ ਪੰਨਾ - 679*

ਜਿਸ ਨੇ ਪਿਆਰ ਦੇ ਨਾਲ ਮਨ ਨੂੰ ਜਿਤ ਲਿਆ, ਉਸ ਦਾ ਸਤਿਗੁਰੂ ਪੂਰਾ ਹੋਵੇ ਤੇ ਉਸ ਦੀ ਸੰਗਤ ਮਿਲੇ ਤਾਂ ਜਾ ਕੇ ਮਨ ਜਿਤ ਹੁੰਦਾ ਹੈ, ਨਹੀਂ ਤਾਂ ਮਨ ਨਹੀਂ ਜਿੱਤਿਆ ਜਾਂਦਾ। ਸਾਡਾ ਸਾਰਾ ਵਾਸਤਾ ਸੰਸਾਰ ਦੇ ਨਾਲ ਮਨ ਕਰਕੇ ਹੈ –

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ॥*
*ਮਨ ਹੀ ਮਨ ਸਿਉ ਕਹੈ ਕਬੀਰਾ ਮਨ ਸਾ ਮਿਲਿਆ ਨ ਕੋਇ॥*
*ਪੰਨਾ - 342*

ਮਨ ਕਰਕੇ ਹੀ ਸੰਸਾਰ ਨਜ਼ਰ ਆਉਂਦਾ ਹੈ, ਮਨ

ਕਰਕੇ ਹੀ ਆਪਣੇ ਨਜ਼ਰ ਆਉਂਦੇ ਨੇ, ਬੇਗਾਨੇ ਨਜ਼ਰ ਆਉਂਦੇ ਨੇ, ਦੁਸ਼ਮਨ ਨਜ਼ਰ ਆਉਂਦੇ ਨੇ, ਘਟੀਆ ਨਜ਼ਰ ਆਉਂਦੇ ਨੇ, ਬਹੁਤ ਵੱਡੇ ਨਜ਼ਰ ਆਉਂਦੇ ਨੇ। ਜੋ ਕੁਝ ਵੀ ਇਥੇ ਪਸਾਰਾ ਦਿਸਦਾ ਹੈ, ਜਿਸ ਵਿਚ ਅਸੀਂ ਵਰਤ ਰਹੇ ਹਾਂ ਇਹ ਸਾਰਾ ਮਨ ਦਾ ਖੇਲੁ ਹੈ। ਜੇ ਮਨ ਨੂੰ ਜਿਤ ਲਿਆ ਜਾਵੇ ਤਾਂ ਇਹ ਸੰਸਾਰ ਇਹ ਪ੍ਰਮੇਸ਼ਰ ਦਾ ਰੂਪ ਹੋ ਕੇ ਨਜ਼ਰ ਆਉਣ ਲੱਗ ਜਾਏਗਾ। ਲੇਕਿਨ ਮਨ ਜਿਤਣਾ ਬਹੁਤ ਔਖਾ ਹੈ। ਕੋਈ ਵਿਰਲਾ ਹੈ ਸੰਸਾਰ ਦੇ ਅੰਦਰ ਕਰੋੜਾਂ ਦੇ ਵਿਚ ਇਕ ਜਿਸ ਨੇ ਆਪਣੇ ਮਨ ਨੂੰ ਜਿਤ ਲਿਆ ਹੋਵੇ ਕਿਉਂਕਿ ਮਨ ਇਕ ਵੱਡੀ ਸ਼ਕਤੀ ਹੈ। ਇਕ ਪਾਸੇ ਪ੍ਰਮੇਸ਼ਰ ਹੈ ਤੇ ਇਕ ਪਾਸੇ ਦੁਨੀਆਂ ਹੈ। ਇਨ੍ਹਾਂ ਦੇ ਵਿਚਕਾਰਲੀ ਚੀਜ਼ ਜੋ ਦੋਹਾਂ ਨੂੰ ਜੋੜਦੀ ਹੈ ਉਹ ਮਨ ਹੈ। ਮਨ ਦੇ ਨਾਲ ਜਿੰਨਾ ਚੰਗਾ ਮੰਦਾ, ਪੁੰਨ ਪਾਪ ਇਹ ਸਭ ਮਨ ਦੇ ਹੀ ਖਿਆਲ ਨੇ। ਮਨ ਨੂੰ ਨਾ ਜਿਤਿਆ ਤਾਂ ਸੰਸਾਰ ਰਹਿੰਦਾ ਹੈ, ਮਨ ਨੂੰ ਜਿਤ ਲਿਆ ਤਾਂ ਇਹੀ ਪ੍ਰਮੇਸ਼ਰ ਹੁੰਦਾ ਹੈ। ਵੱਡੇ ਵੱਡਿਆਂ ਨੇ ਯਤਨ ਕਰਿਆ ਮਨ ਨੂੰ ਜਿੱਤਣ ਵਾਸਤੇ।

ਐਸੀ ਇਕ ਸਾਖੀ ਆਉਂਦੀ ਹੈ ਕਿ ਸਤਿਯੁਗ ਦੇ ਅੰਦਰ ਇਕ ਰਾਜਾ ਸੀ ਜਿਸ ਦਾ ਨਾਮ ਪਾਰਸ ਨਾਥ ਸੀ। ਗੁਰੂ ਦਸਮੇਸ਼ ਪਿਤਾ ਨੇ ਦਸਮ ਗ੍ਰੰਥ ਦੇ ਅੰਦਰ ਏਸ ਦਾ ਕਥਨ ਕੀਤਾ ਹੈ ਕਿ ਇਹ ਐਡਾ ਸੂਰਮਾ ਸੀ ਕਿ ਇਸ ਨੇ ਸਾਰੀ ਦੁਨੀਆਂ ਜਿੱਤ ਲਈ, ਜਿਥੇ ਤੱਕ ਵੀ ਆਬਾਦੀ ਸੀ ਉਥੇ ਤੱਕ ਕੋਈ ਨਾ ਰਹਿਣ ਦਿੱਤਾ। ਸਾਰੇ ਆਪਣੇ ਮੁਤਹਿਤ ਕਰ ਲਏ। ਉਸ ਤੋਂ ਬਾਅਦ ਏਸ ਨੇ ਆਪਣੇ ਵੱਡੇ ਵਜ਼ੀਰ ਨੂੰ ਇਕ ਗੱਲ ਕਹੀ।

ਕਹਿਣ ਲੱਗਿਆ, "ਦੇਖੋ ਵਜ਼ੀਰ ਸਾਹਿਬ! ਮੈਂ ਦੇਵਤਿਆਂ ਤੇ ਵੀ ਫਤਿਹ ਪਾ ਲਈ, ਦੈਤਾਂ ਤੇ ਵੀ ਫਤਿਹ ਪਾ ਲਈ, ਮਨੁੱਖਾਂ ਤੇ ਵੀ ਮੈਂ ਫਤਿਹ ਪਾ ਲਈ, ਹਰ ਚੀਜ਼ ਦੇ ਉਤੇ ਮੈਂ ਫਤਿਹ ਪਾ ਲਈ, ਜਿਹੜੀਆਂ ਗ਼ੈਬ ਦੀਆਂ ਸ਼ਕਤੀਆਂ ਨੇ, ਉਹ ਵੀ ਮੇਰੇ ਅਧੀਨ ਕੰਮ ਕਰਦੀਆਂ ਨੇ ਤੇ ਹੁਣ ਮੈਂ 'ਰਾਜਮੇਧ' ਯੱਗ ਕਰਨਾ ਚਾਹੁੰਦਾ ਹਾਂ ਤੇ ਉਸ ਦੀ ਪਹਿਲੀ ਸ਼ਪਤ ਇਹ ਹੁੰਦੀ ਹੈ ਕਿ ਇਕ ਲੱਖ ਰਾਜਾ ਅਧੀਨ ਹੋਵੇ ਤਾਂ ਉਹ ਕੀਤਾ ਜਾ ਸਕਦਾ ਹੈ ਤੇ ਮੇਰੀ ਕੈਦ ਦੇ ਅੰਦਰ ਇਕ ਲੱਖ ਰਾਜਾ ਹੈ। ਸੋ ਹੁਣ ਮੈਂ ਉਹ ਸ਼ਰਤ ਪੂਰੀ ਕਰ ਲਈ ਹੈ ਤੇ ਹੁਣ ਮੈਨੂੰ ਤੁਸੀਂ ਦੱਸੋ ਕਿ ਮੈਂ 'ਰਾਜਮੇਧ' ਯੱਗ ਕਰਾਂ।"

ਤਾਂ ਉਹ ਵਜ਼ੀਰ ਬੜਾ ਸਿਆਣਾ ਸੀ ਅਤੇ ਅਧਿਆਤਮਵਾਦੀ ਸੀ। ਕੁਝ ਸੋਚ ਵਿਚਾਰ ਕੇ ਕਹਿਣ ਲੱਗਾ, "ਮਹਾਰਾਜ! ਅਜੇ ਇਕ ਬਹੁਤ ਵੱਡਾ ਰਾਜਾ ਰਹਿੰਦਾ ਹੈ ਜਿਸ ਨੇ ਸਾਰਿਆਂ ਨੂੰ ਜਿੱਤਿਆ ਹੋਇਆ ਹੈ। ਉਸ ਦੇ ਨਾਲ ਤੁਹਾਡਾ ਵਾਹ ਨਹੀਂ ਪਿਆ ਤੇ ਅਜੇ ਤਾਂ ਓਸ ਨੂੰ ਕਾਬੂ ਨਹੀਂ ਕਰ ਸਕੇ, ਜਿਹੜਾ ਓਸ ਨੂੰ ਕਾਬੂ ਕਰ ਸਕੇ ਉਹ 'ਰਾਜਮੇਧ' ਯੱਗ ਕਰ ਸਕਦਾ ਹੈ।"

ਉਸ ਵੇਲੇ ਕਹਿਣ ਲੱਗਿਆ, "ਉਹ ਰਾਜਾ ਹੈ ਕਿਥੇ? ਕਿਸ ਲੋਕ ਵਿਚ ਰਹਿੰਦਾ ਹੈ, ਕਿਸ ਥਾਂ ਰਹਿੰਦਾ ਹੈ? ਉਸ ਦੀਆਂ ਫੌਜਾਂ ਕੈਸੀਆਂ ਨੇ ਤੇ ਉਸ ਦੇ ਕੋਲ ਕਿਹੜੇ ਸ਼ਸਤ੍ਰ ਨੇ? ਕਿਸ ਤਰ੍ਹਾਂ ਦੇ ਉਸ ਦੇ ਕੋਲ ਅਸਤ੍ਰ ਨੇ?"

ਵਜ਼ੀਰ ਕਹਿਣ ਲਗਿਆ, "ਰਾਜਨ! ਉਹ ਜੋ ਰਾਜਾ ਹੈ ਉਹ ਬਾਹਰ ਨਹੀਂ ਰਹਿੰਦਾ। ਉਹ ਰਾਜਾ ਤੇਰੇ ਅੰਦਰ ਰਹਿੰਦਾ ਹੈ। ਉਸ ਰਾਜੇ ਨੇ ਇਸ ਸੰਸਾਰ ਨੂੰ ਜੋ ਪ੍ਰਮੇਸ਼ਰ ਦਾ ਰੂਪ ਸੀ ਸੰਸਾਰ ਬਣਾ ਦਿੱਤਾ, ਬਦਲ ਦਿੱਤਾ ਪ੍ਰਮੇਸ਼ਰ ਨੂੰ ਅਨੇਕਤਾ ਵਿਚ। ਸੋ ਉਹ ਜੋ ਰਾਜਾ ਹੈ ਉਹ ਤੇਰੇ ਅੰਦਰ ਹੈ ਉਹ 'ਮਨ ਰਾਜਾ' ਹੈ।

ਜਿੰਨਾ ਚਿਰ ਤੁਸੀਂ ਉਸ ਰਾਜੇ ਨੂੰ ਨਹੀਂ ਜਿੱਤ ਸਕਦੇ ਉਨਾ ਚਿਰ ਸੰਸਾਰ ਜਿੱਤਿਆ ਨਾ ਜਿੱਤਿਆ ਕੋਈ ਮਾਅਨੇ ਨਹੀਂ ਰੱਖਦਾ। ਤੁਹਾਨੂੰ ਮਨ ਨਠਾਈ ਫਿਰਦਾ ਹੈ। ਜਿਹੜਾ ਵੀ ਦੁਨੀਆਂ ਦੇ ਅੰਦਰ ਬੰਦਾ ਹੈ, ਚੰਗਾ ਹੈ, ਮੰਦਾ ਹੈ, ਸਭ ਦੇ ਉਤੇ ਮਨ ਦਾ ਕੰਟਰੋਲ ਹੈ, ਮਨ ਦੇ ਹੱਥ ਵਿਚ ਨਕੇਲ ਹੈ।"

ਸਾਡੇ ਨਕੇਲ ਪਾਈ ਹੋਈ ਹੈ ਮਨ ਜਿਧਰ ਨੂੰ ਚਾਹੁੰਦਾ ਹੈ ਉਧਰ ਨੂੰ ਲੈ ਜਾਂਦਾ ਹੈ ਸਾਨੂੰ। ਸਾਡੇ ਜੀਵਨ ਦੀ ਜੋ ਨਠ ਭੇਜ ਹੈ, ਉਧੇੜ ਬੁਣ ਹੋ ਰਹੀ ਹੈ ਸਭ ਮਨ ਦੀ ਕਲਪਣਾ ਕਰਕੇ ਹੀ ਹੈ।

ਕਹਿਣ ਲੱਗਿਆ, "ਮਨ ਨੇ ਆਦਮੀ ਨੂੰ ਐਨਾ ਗੁਲਾਮ ਬਣਾ ਲਿਆ ਹੈ ਕਿ ਸਤਿ ਨੂੰ ਇਹ ਸਤਿ ਨਹੀਂ ਸਮਝ ਰਿਹਾ, ਨਕਲ ਨੂੰ ਇਹ ਅਸਲ ਕਹਿ ਰਿਹਾ ਹੈ, ਅਸਲ ਨੂੰ ਨਕਲ ਕਹਿ ਰਿਹਾ ਹੈ। ਸੋ ਏਸ ਨੂੰ ਜਦੋਂ ਤੱਕ ਤੁਸੀਂ ਨਹੀਂ ਜਿਤਦੇ ਓਨੀ ਦੇਰ ਤੱਕ ਤੁਸੀਂ ਇਹ ਸ਼ਰਤ ਪੂਰੀ ਨਹੀਂ ਕਰ ਸਕਦੇ।"

ਸੋ ਉਸ ਨੇ ਬੜਾ ਯਤਨ ਕੀਤਾ ਕਿ ਮੈਂ ਮਨ ਦੀਆਂ ਵਾਸ਼ਨਾਵਾਂ ਕਾਬੂ ਕਰ ਲਵਾਂ। ਦਿਨ ਰਾਤ ਸਾਡੇ ਅੰਦਰ ਵਾਸ਼ਨਾਵਾਂ ਦਾ ਹੜ੍ਹ ਚਲਦਾ ਹੈ ਕਿ ਮੈਂ ਇਨ੍ਹਾਂ ਨੂੰ ਸੀਮਤ ਕਰ ਦੇਵਾਂ, ਕਾਬੂ ਕਰ ਲਵਾਂ, ਫਤਹਿ ਪਾ ਲਵਾਂ ਮੈਂ ਵਾਸ਼ਨਾਵਾਂ ਤੇ ਜਦੋਂ ਵਾਸ਼ਨਾਵਾਂ ਖਤਮ ਹੋ ਜਾਂਦੀਆਂ ਨੇ ਮਨ ਟਿਕ ਜਾਇਆ ਕਰਦਾ ਹੈ। ਜਦੋਂ ਤੱਕ ਆਦਮੀ ਦੇ ਅੰਦਰ ਵਾਸ਼ਨਾ ਹੈ ਓਦੋਂ ਤੱਕ ਮਨ ਨਹੀਂ ਟਿਕਿਆ ਕਰਦਾ। ਮਨ ਦੌੜਦਾ ਭੱਜਦਾ ਰਹਿੰਦਾ ਹੈ, ਪਾਠ ਕਰੇਗਾ ਤਾਂ ਚਿਤ ਹੀ ਨਹੀਂ ਲਗਦਾ, ਕੀਰਤਨ ਸੁਣੇਗਾ ਤਾਂ ਕੋਈ ਪਤਾ ਨਹੀਂ, ਕੋਈ ਬਚਨ ਸੁਣੇਗਾ ਤਾਂ ਕੋਈ ਪਤਾ ਨਹੀਂ ਹੈ ਕਿਉਂਕਿ ਮਨ ਦਾ ਸੁਭਾਅ ਹੀ ਦੌੜਨਾ-ਭੇਜਣਾ ਹੈ। ਇਹ ਇਕ ਸਕਿੰਟ ਵਾਸਤੇ ਵੀ ਨਿਚਲਾ ਨਹੀਂ ਬਹਿੰਦਾ। ਜਿਵੇਂ ਆਹ ਬਿਜਲੀ ਦਾ ਬਲਬ ਹੁੰਦਾ ਹੈ, ਇਹ ਆਪੇ ਹੀ ਮਚ ਪੈਂਦਾ ਹੈ, ਆਪੇ ਹੀ ਬੁਝਦਾ ਹੈ, ਫੇਰ ਮਚਦਾ ਹੈ, ਫੇਰ ਬੁਝਦਾ ਹੈ। ਇਸੇ ਤਰ੍ਹਾਂ ਇਸ ਦੇ ਅੰਦਰ ਸੰਕਲਪ ਤੇ ਵਿਕਲਪ ਦੋ ਚੀਜ਼ਾਂ ਦੀਆਂ ਲਹਿਰਾਂ ਚਲਦੀਆਂ ਹੀ

ਰਹਿੰਦੀਆਂ ਨੇ, ਖਿਆਲ ਚਲਦੇ ਹੀ ਰਹਿੰਦੇ ਨੇ। ਇਕ ਸਕਿੰਟ ਵਾਸਤੇ ਵੀ ਇਹ ਨਹੀਂ ਟਿਕਦਾ। ਸੋ ਬੜਾ ਯਤਨ ਕੀਤਾ ਓਸ ਨੇ, ਪ੍ਰਾਣਾਯਾਮ ਸ਼ੁਰੂ ਕਰ ਲਿਆ, ਲੰਮੀ ਸਮਾਧੀ ਲਾ ਲਈ, ਸਮਾਧੀ ਤੋਂ ਬਾਅਦ ਜਦੋਂ ਫੇਰ ਸਰੀਰ ਵਿਚ ਆਉਂਦਾ ਹੈ, ਸੁਰਤ ਵਿਚ ਆਉਂਦਾ ਹੈ ਤਾਂ ਮਨ ਕਲਪਣਾ ਕਰਦਾ ਹੈ।

ਸੋ ਮਨ ਦੀ ਕਲਪਣਾ ਤੇ ਮਨ ਦੇ ਫੁਰਨਿਆ ਨੂੰ ਕਾਬੂ ਨਾ ਕਰਨ ਕਰਕੇ ਇਸ ਨੇ ਇਸ ਤਰ੍ਹਾਂ ਦਾ ਪ੍ਰਣ ਕਰ ਲਿਆ ਕਿ ਜੇ ਮੈਂ 6 ਮਹੀਨੇ ਦੇ ਅੰਦਰ ਅੰਦਰ ਮਨ ਨਾ ਜਿਤਿਆ ਤਾਂ ਮੈਂ ਜੀਉਂਦਾ ਸੜ ਜਾਵਾਂਗਾ ਕਿਉਂਕਿ ਮਨ ਜ਼ੋਰ ਨਾਲ ਨਹੀਂ ਜਿਤਿਆ ਜਾਂਦਾ।

ਗੁਰੂ ਨਾਨਕ ਪਾਤਸ਼ਾਹ ਜਿਸ ਵਕਤ ਵੇਈਂ ਨਦੀ ਵਿਚ ਚੁੱਭੀ ਮਾਰ ਕੇ ਬਾਹਰ ਆਏ ਤੇ ਦੌਲਤ ਖਾਂ ਨਾਲ ਨਮਾਜ਼ ਪੜ੍ਹਨ ਵਾਸਤੇ ਜਾਂਦੇ ਨੇ, ਗੁਰੂ ਨਾਨਕ ਪਾਤਸ਼ਾਹ ਨੂੰ ਨਾ ਕਿਸੇ ਨਮਾਜ਼ ਨਾਲ ਕੋਈ ਫਰਕ ਸੀ, ਨਾ ਕਿਸੇ ਮੰਦਰ ਵਿਚ ਕਿਸੇ ਗਾਇਤ੍ਰੀ ਨਾਲ ਕੋਈ ਫਰਕ ਸੀ, ਨਾ ਕਿਸੇ ਆਰਤੀ ਨਾਲ ਕੋਈ ਵਿਰੋਧ ਸੀ। ਇਹ ਤਾਂ ਅੱਖਰਾਂ ਦਾ ਹੇਰ ਫੇਰ ਹੋਇਆ ਕਰਦਾ ਹੈ। ਭਾਵਨਾ ਇਕੋ ਹੋਇਆ ਕਰਦੀ ਹੈ। ਸੋ ਉਸ ਵੇਲੇ ਆਪ ਇਕ ਚਿਤ ਹੋਕੇ ਪ੍ਰਮੇਸ਼ਰ ਦੇ ਨਾਲ ਹਰ ਵਕਤ ਲੀਨ ਰਹਿੰਦੇ ਹੀ ਸੀ ਪਰ ਨਵਾਬ ਨੂੰ ਭੁਲੇਖਾ ਪੈ ਗਿਆ ਕਿ ਗੁਰੂ ਨਾਨਕ ਇਕ ਪਾਸੇ ਹੋ ਕੇ ਬੈਠ ਗਏ, ਇਨ੍ਹਾਂ ਨੇ ਨਮਾਜ਼ ਨਹੀਂ ਪੜ੍ਹੀ। ਕਾਜੀ ਨੂੰ ਭੁਲੇਖਾ ਪੈ ਗਿਆ, ਇਮਾਮ ਨੂੰ ਭੁਲੇਖਾ ਪੈ ਗਿਆ। ਉਹ ਪੁਛ ਬੈਠੇ ਕਿ ਨਾਨਕ ਜੀ! ਤੁਸੀਂ ਤਾਂ ਨਮਾਜ਼ ਪੜ੍ਹਨ ਆਏ ਸੀ ਤੇ ਤੁਸੀਂ ਨਮਾਜ਼ ਕਿਉਂ ਨਹੀਂ ਪੜ੍ਹੀ ਸਾਡੇ ਨਾਲ?

ਮਹਾਰਾਜ ਕਹਿਣ ਲੱਗੇ, "ਨਮਾਜ਼ ਪੜ੍ਹਨ ਵਾਲਾ ਏਥੇ ਕੋਈ ਹੈ ਨਹੀਂ ਸੀ ਜਿਸ ਦੇ ਨਾਲ ਅਸੀਂ ਪੜ੍ਹਦੇ। ਅਸੀਂ ਪੜ੍ਹ ਲਈ ਹੈ ਲੇਕਿਨ ਇਥੇ ਕੋਈ ਨਹੀਂ ਸੀ, ਆਹ ਹਜ਼ਾਰਾਂ ਬੰਦੇ ਇਕੱਠੇ ਹੋਏ ਹੋਏ ਨੇ ਜੁਮੇ ਦੀ ਨਮਾਜ਼ ਪੜ੍ਹਨ ਤੇ ਇਕ ਵੀ ਬੰਦਾ ਨਹੀਂ ਸੀ ਜਿਸ ਦੇ ਨਾਲ ਅਸੀਂ ਨਮਾਜ਼ ਪੜ੍ਹੀਏ। ਸਾਡੇ ਧੰਨ ਭਾਗ ਹੁੰਦੇ ਜੇ ਇਕ ਅੱਧਾ ਨਿਕਲ ਆਉਂਦਾ ਸਾਰਿਆਂ ਵਿਚੋਂ।"

ਹੈਰਾਨ ਹੋ ਗਿਆ, ਕਹਿੰਦਾ, "ਨਾਨਕ ਜੀ! ਮੈਂ ਨਮਾਜ਼ ਪੜ੍ਹੀ ਹੈ।"

ਮਹਾਰਾਜ ਕਹਿੰਦੇ, "ਨਵਾਬ ਸਾਹਿਬ! ਨਮਾਜ਼ ਨਹੀਂ ਤੂੰ ਪੜ੍ਹੀ, ਤੂੰ ਤਾਂ ਉਸ ਸਮੇਂ ਦੇ ਅੰਦਰ ਘੋੜੇ ਖਰੀਦੇ ਨੇ। ਤੂੰ ਤਾਂ ਕੰਧਾਰ ਵਿਚ ਗਿਆ ਹੋਇਆ ਸੀ, ਸਰੀਰ ਤੇਰਾ ਇਥੇ ਸੀ। ਉਥੇ ਤਾਂ ਤੂੰ ਛੜੀ ਨਾਲ ਦੱਸ ਰਿਹਾ ਸੀ ਕਿ ਆਹ ਘੋੜਾ ਖਰੀਦ ਲਓ, ਆਹ ਤੋਪ ਖਾਨੇ ਵਾਸਤੇ, ਆਹ ਸਵਾਰੀਆਂ ਵਾਸਤੇ, ਆਹ ਫੌਜ ਵਾਸਤੇ, ਆਹ ਮੇਰੀ ਸਵਾਰੀ ਵਾਸਤੇ। ਉਥੇ ਤਾਂ ਤੂੰ ਰੰਗ ਦੱਸ ਰਿਹਾ ਸੀ ਮੁੱਲ ਪੁੱਛ ਰਿਹਾ ਸੀ, ਤੂੰ ਤਾਂ ਇਥੇ ਹੈ ਹੀ ਨਹੀਂ ਸੀ ਤੇ ਮੈਂ ਨਮਾਜ਼ ਕਿਸਦੇ ਨਾਲ ਪੜ੍ਹਦਾ?"

ਉਸ ਵੇਲੇ ਨਵਾਬ ਹੋਰ ਹੈਰਾਨ ਹੋ ਗਿਆ। ਕਹਿਣ ਲੱਗਿਆ, " ਵਲੀ ਅੱਲ੍ਹਾ! ਆਪ ਤਾਂ ਸਭ ਕੁਝ ਜਾਣਦੇ ਹੋ, ਬਿਲਕੁਲ ਠੀਕ ਹੈ।"

ਕਾਜ਼ੀ ਕਹਿਣ ਲੱਗਿਆ, "ਫੇਰ ਮੇਰੇ ਨਾਲ ਪੜ੍ਹ ਲੈਂਦੇ?"

ਮਹਾਰਾਜ ਕਹਿੰਦੇ, "ਤੇਰੇ ਘਰ ਦੇ ਅੰਦਰ ਨਵੀਂ ਘੋੜੀ ਸੂਈ ਸੀ, ਖੂਹੀ ਤੇ ਮੌਣ ਨਾ ਹੋਣ ਕਰਕੇ ਤੂੰ ਤਾਂ ਏਸ ਚਿੰਤਾ ਵਿਚ ਰਿਹਾ ਕਿ ਕਿਤੇ ਵਛੇਰੀ ਖੂਹੀ ਵਿਚ ਨਾ ਗਿਰ ਜਾਵੇ। ਤੂੰ ਮੌਣ ਤੇ ਖੜ੍ਹਾ ਵਛੇਰੀ ਮੋੜੀ ਗਿਆ ਤੇ ਨਮਾਜ਼ ਤਾਂ ਤੂੰ ਪੜ੍ਹੀ ਹੀ ਨਹੀਂ। ਹੋਰ ਬੋਲੋ ਜਿਸ ਨੇ ਨਮਾਜ਼ ਪੜ੍ਹੀ?"

ਸਾਰੇ ਨੀਵੀਆਂ ਪਾ ਗਏ ਕਿਉਂਕਿ ਸਭ ਨੂੰ ਪਤਾ ਸੀ ਕਿ ਨਮਾਜ਼ ਪੜ੍ਹਨ ਵੇਲੇ ਅਸੀਂ ਕਿਥੇ ਫਿਰਦੇ ਰਹੇ।

ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੇ ਦੱਸਿਆ ਕਿ ਨਵਾਬ ਸਾਹਿਬ! ਨਮਾਜ਼ ਪੜ੍ਹਨ ਵਾਲਾ ਮਨ ਹੁੰਦਾ ਹੈ, ਜੇ ਮਨ ਸਾਥ ਹੋਵੇ ਤਾਂ ਨਮਾਜ਼ ਪੜ੍ਹੀ ਹੈ ਜੇ ਮਨ ਸਾਥ ਨਾ ਦੇਵੇ ਤਾਂ ਤੂੰ ਇਕ ਕਿਰਿਆ ਤਾਂ ਜ਼ਰੂਰ ਕਰੀ ਹੈ ਲੇਕਿਨ ਕਿਸੇ ਲੇਖੇ ਵਿਚ ਨਹੀਂ ਪਈ। ਸਾਨੂੰ ਅੱਖਰਾਂ ਦਾ ਫਰਕ ਨਹੀਂ ਹੈ ਅਰਬੀ ਦੇ ਹੋਏ, ਫਾਰਸੀ ਦੇ ਹੋਏ, ਸੰਸਕ੍ਰਿਤ ਦੇ ਹੋਏ ਤਾਂ ਸਾਰੇ ਹਨ ਤਾਂ ਪ੍ਰਮੇਸ਼ਰ ਵੱਲ ਨੂੰ ਲੇਕਿਨ ਨਮਾਜ਼ ਪੜ੍ਹੀ ਨਹੀਂ ਜਾਂਦੀ, ਪੂਜਾ ਕਰੀ ਨਹੀਂ ਜਾਂਦੀ, ਗਾਇਤ੍ਰੀ ਪੜ੍ਹੀ ਨਹੀਂ ਜਾਦੀ। ਅਸੀਂ ਵੀ ਜਪੁਜੀ ਸਾਹਿਬ ਨਹੀਂ ਪੜ੍ਹਦੇ, ਮੂਲਮੰਤ੍ਰ ਦਾ ਪਾਠ ਕਰਦੇ ਹਾਂ, ਉਹ ਨਹੀਂ ਕਰ ਸਕਦੇ, ਵਾਹਿਗੁਰੂ ਮੰਤਰ ਦਾ ਜਾਪ ਕਰਦੇ ਹਾਂ ਉਹ ਨਹੀਂ ਕਰ ਸਕਦੇ ਕਿਉਂਕਿ ਮਨ ਨਹੀਂ ਮੰਨਿਆ, ਮਨ ਨੇ ਸਾਥ ਨਹੀਂ ਦਿੱਤਾ। ਮਹਾਰਾਜ ਜੀ ਕਹਿੰਦੇ ਜੇ ਮਨ ਮੰਨ ਜਾਵੇ ਤਾਂ ਉਸ ਦੀ ਅਵਸਥਾ ਐਸੀ ਹੈ ਕਿ -

***ਮੰਨੈ ਕੀ ਗਤਿ ਕਹੀ ਨ ਜਾਇ॥***
***ਜੇ ਕੋ ਕਹੈ ਪਿਛੈ ਪਛੁਤਾਇ॥*** *ਪੰਨਾ - 3*

ਵੱਡਿਆਂ ਵੱਡਿਆਂ ਨੇ ਯਤਨ ਕੀਤੇ। ਭਰਥਰੀ ਹਰੀ ਦੇ ਬਾਰੇ ਮਸ਼ਹੂਰ ਹੈ ਕਿ ਉਸ ਦੇ ਘਰ ਵਿਚ ਪਦਮਨੀਆਂ ਰਾਣੀਆਂ ਸਨ, ਸਰੀਰਾਂ ਵਿਚੋਂ ਸੁਗੰਧੀ ਆਉਂਦੀ ਸੀ, ਰੂਪ ਦਾ ਕੋਈ ਅੰਤ ਨਹੀਂ ਸੀ। ਲੇਕਿਨ ਓਸ ਨੇ ਸੱਟ ਖਾਧੀ ਤੇ ਆਪਣਾ ਜੀਵਨ ਇਕ ਦਮ ਬਦਲ ਲਿਆ, ਘਰ ਬਾਰ ਛੱਡ ਦਿੱਤਾ, ਜਾ ਕੇ ਭਜਨ ਬੰਦਗੀ ਕਰਨ ਲੱਗ ਗਿਆ। ਅਖੀਰ ਐਸਾ ਹੋਇਆ ਕਿ ਜੋ ਸਰੀਰਕ ਲੋੜਾਂ ਸੀ ਉਨ੍ਹਾਂ ਵਲੋਂ ਵੀ ਧਿਆਨ ਖਿੱਚ ਲਿਆ, ਬਸਤ੍ਰ ਵੀ ਪਹਿਨਣੇ ਬੰਦ ਕਰ ਦਿੱਤੇ। ਜੰਗਲ ਦੇ ਵਿਚ ਵਾਸ ਕਰ ਲਿਆ, ਜਿਥੇ ਕੋਈ ਵੀ ਬੰਦਾ ਦ੍ਰਿਸ਼ਟੀ ਨਹੀਂ ਸੀ ਆਉਂਦਾ ਕੇਵਲ ਪੰਛੀ, ਦਰਖਤ ਜਾਂ ਕੁਦਰਤ ਦਾ ਪ੍ਰਕਾਸ਼ ਸੀ, ਬੰਦਾ ਕੋਈ ਨਹੀਂ

ਸੀ, ਕਰਪਾਤੀ ਬਿਰਤੀ ਧਾਰਨ ਕਰ ਲਈ। ਅੱਤ ਦੀ ਭੁੱਖ ਲਗਦੀ ਹੈ ਤਾਂ ਕੰਦਮੂਲ ਕਿਤੋ ਲੈ ਕੇ ਖਾ ਲੈਂਦਾ ਹੈ, ਕੋਈ ਫਲ ਖਾ ਲੈਂਦਾ ਹੈ। ਬਸਤ੍ਰਾਂ ਤੋਂ ਵੀ ਦੂਰ ਹੋ ਗਿਆ, ਵਾਸ਼ਨਾ ਕੋਈ ਨਾ ਰਹਿਣ ਦਿੱਤੀ ਤੇ ਮਨ ਨੂੰ ਜਿੱਤਣ ਦਾ ਯਤਨ ਕਰਦਾ ਹੈ ਲੇਕਿਨ ਅੱਜ ਕੀ ਹੋਇਆ ਅੰਮ੍ਰਿਤ ਵੇਲਾ ਹੈ, ਰਾਤ ਟਿਕੀ ਹੋਈ ਹੈ ਤੇ ਚੰਦਰਮਾ ਪੂਰੇ ਸਾਨ ਦੇ ਨਾਲ ਚਮਕ ਰਿਹਾ ਹੈ। ਅਚਾਨਕ ਘਾਹ ਦੇ ਉਤੇ ਨਿਗ੍ਹਾ ਪੈ ਗਈ, ਉਸ ਉਤੇ ਕੀ ਦੇਖਦਾ ਹੈ ਕਿ ਇਕ ਲਾਲ ਰੰਗ ਦੀ ਬਹੁਤ ਹੀ ਚਮਕਦਾਰ ਕੋਈ ਚੀਜ਼ ਪਈ ਹੈ, ਰਾਜਾ ਸੀ ਇਕ ਦਮ ਖਿਆਲ ਆ ਗਿਆ ਕਿ ਇਹ ਤਾਂ ਲਾਲ ਹੈ ਜਿਸ ਦਾ ਮੁੱਲ ਕਰੋੜਾਂ ਰੁਪਏ ਹੁੰਦਾ ਹੈ। ਉਸ ਵੇਲੇ ਮਨ ਦੇ ਵੇਗ ਨੂੰ ਰੋਕ ਨਾ ਸਕਿਆ ਤੇ ਉਸ ਨੇ ਹੱਥ ਅੱਗੇ ਕਰਕੇ ਚੁੱਕਣ ਦਾ ਯਤਨ ਕੀਤਾ। ਉਸ ਰਾਜੇ ਨੇ ਜਿਸ ਨੇ ਖਜ਼ਾਨੇ ਭਰੇ ਹੋਏ ਛੱਡ ਦਿਤੇ ਸੀ, ਸਾਰੇ ਸੁੱਖ ਤੇ ਅਰਾਮ ਛੱਡ ਦਿੱਤੇ, ਬਸਤ੍ਰ ਤੱਕ ਪਹਿਨਣੇ ਛੱਡ ਦਿੱਤੇ ਸਨ ਲੇਕਿਨ ਉਸ ਨੇ ਉਸ ਲਾਲ ਨੂੰ ਚੁੱਕਣ ਦਾ ਯਤਨ ਕਰਿਆ ਪਰ ਉਥੇ ਲਾਲ ਦੀ ਥਾਂ ਤੇ ਕਿਸੇ ਨੇ ਪਾਨ ਖਾ ਕੇ ਥੁੱਕਿਆ ਹੋਇਆ ਸੀ ਤੇ ਥੁੱਕ ਨਾਲ ਹੱਥ ਲਿਬੜ ਗਿਆ। ਉਸ ਵੇਲੇ ਬੜੀਆਂ ਹੀ ਧਿਰਕਾਰਾਂ ਪਾਉਂਦਾ ਹੈ ਕਿ ਧਿਰਕਾਰ ਹੈ ਮੇਰੇ ਉਤੇ। ਮੈਂ ਰਾਣੀਆਂ ਛੱਡੀਆਂ, ਤਖਤ ਛੱਡਿਆ, ਹਕੂਮਤਾਂ ਛੱਡੀਆਂ, ਸਭ ਨਾਲ ਮਿਲਣਾ-ਜੁਲਣਾ ਛੱਡਿਆ, ਬਸਤ੍ਰ ਪਹਿਨਣੇ ਛੱਡ ਦਿੱਤੇ, ਭੁੰਜੇ ਮੈਂ ਪੈਂਦਾ ਹਾਂ, ਕੀੜੇ ਲੜਦੇ ਨੇ, ਸਿਰ੍ਹਾਣਾ ਕੋਈ ਨਹੀਂ ਹੈ, ਕੋਈ ਸੁਖ ਦਾ ਸਾਧਨ ਨਹੀਂ, ਹੱਥ ਨਾਲ ਮੈਂ ਪਾਣੀ ਪੀਂਦਾ ਹਾਂ। ਐਨਾ ਸਭ ਹੋਣ ਦੇ ਬਾਵਜੂਦ ਫੇਰ ਵੀ ਇਹ ਜਿਹੜਾ ਮੇਰਾ ਮਨ ਹੈ ਇਹ ਜੀਉਂਦਾ ਰਹਿ ਗਿਆ ਅਜੇ? ਇਸ ਨੇ ਮੈਨੂੰ ਲਾਲਚ ਵਿਚ ਲਿਆ ਕੇ ਫੇਰ ਘੁਮਾ ਦਿੱਤਾ। ਉਸ ਵੇਲੇ ਉਸ ਨੇ ਇਕ ਸਲੋਕ ਉਚਾਰਿਆ -

*ਮਨ ਰਿਪ ਜੀਤੇ ਸਭ ਰਿਪ ਜੀਤੇ॥*

ਮਹਾਰਾਜ ਜੀ ਕਹਿੰਦੇ ਨੇ -

............. *ਮਨਿ ਜੀਤੈ ਜਗੁ ਜੀਤੁ॥* *ਪੰਨਾ - 6*

ਜਿਸ ਨੇ ਮਨ ਨੂੰ ਜਿੱਤ ਲਿਆ ਉਸ ਨੇ ਸੰਸਾਰ ਨੂੰ ਜਿੱਤ ਲਿਆ। ਸੋ ਇਹ ਮਨ ਦਾ ਜਿੱਤਣਾ ਜੋ ਹੈ ਪੁਛਿਆ ਓਸ ਨਵਾਬ ਦੌਲਤ ਖਾ ਨੇ ਕਿ ਹੇ ਨਾਨਕ ਜੀ! ਅਸੀਂ ਬੜਾ ਯਤਨ ਕਰਦੇ ਹਾਂ ਲੇਕਿਨ ਮਨ ਤਾਂ ਜਿੱਤਿਆ ਨਾ ਗਿਆ, ਨਮਾਜ਼ਾਂ ਪੜ੍ਹਦਿਆਂ ਨੂੰ ਉਮਰਾਂ ਲੰਘ ਗਈਆਂ, ਤੇਰੀ ਦ੍ਰਿਸ਼ਟੀ ਵਿਚ ਤਾਂ ਅਸੀਂ ਇਕ ਵੀ ਨਮਾਜ਼ ਨਾ ਪੜ੍ਹੀ। ਪਾਠ ਕਰਦਿਆਂ ਨੂੰ ਉਮਰਾਂ ਲੰਘ ਗਈਆਂ ਲੇਕਿਨ ਇਕ ਵੀ ਪਾਠ ਨਹੀਂ ਕਰਿਆ। ਪਾਠ ਦੀ ਮਹਿਮਾ ਦਰਸਾਉਣ ਵਾਸਤੇ ਮਹਾਰਾਜ ਜੀ ਨੇ ਇਕ ਵਾਰੀ ਕਰਤਾਰ ਪੁਰ ਦੇ ਯੁਧ ਤੋਂ ਬਾਅਦ ਐਸਾ ਸੰਗਤ ਦੇ ਵਿਚ ਕਹਿ ਦਿੱਤਾ ਭਾਈ! ਕੋਈ ਇਕ ਚਿਤ ਹੋ ਕੇ ਸਾਨੂੰ ਜਪੁਜੀ ਸਾਹਿਬ ਦਾ ਪਾਠ ਸੁਣਾਓ ਕਿਉਂਕਿ ਯੁਧ ਦੇ ਅੰਦਰ ਬਹੁਤ ਬੰਦੇ ਮਾਰੇ ਗਏ ਨੇ ਤੇ ਬੜੀਆਂ ਅਵਿਅਕਤ ਰੂਹਾਂ ਇਥੇ ਘੁੰਮ ਰਹੀਆਂ ਹਨ, ਜਪੁਜੀ ਸਾਹਿਬ ਦਾ ਜੇ ਇਕ ਪਾਠ ਇਕ ਚਿਤ ਇਕ ਮਨ ਹੋ ਕੇ ਕਰ ਲਿਆ ਜਾਵੇ ਤਾਂ ਇਹ ਸਾਰੀਆਂ ਜਿੰਨੀਆਂ ਰੂਹਾਂ ਭਟਕ ਰਹੀਆਂ ਹਨ ਸਭ ਦਾ ਉਧਾਰ ਹੋ ਜਾਏਗਾ ਕਿਉਂਕਿ ਜਪੁਜੀ ਸਭ ਤੋਂ ਉਤਮ ਬਾਣੀ ਬਹੁਤ ਸ਼ਕਤੀਸ਼ਾਲੀ ਤੇ ਬੇਅੰਤ ਫਲ ਦੇਣ ਵਾਲੀ ਬਾਣੀ ਹੈ ਜਿਸ ਦਾ ਫਲ ਕੁਝ ਗਿਣਿਆ ਨਹੀਂ ਜਾਂਦਾ। ਉਸ ਵੇਲੇ ਹਾਫਜ਼ਾਬਾਦ ਦਾ ਇਕ ਭਾਈ ਗੁਪਾਲਾ ਨਾਮ ਦਾ ਗੁਰਸਿਖ ਜਿਸ ਨੇ ਮਨ ਜਿੱਤਿਆ ਹੋਇਆ ਸੀ ਉਸ ਨੇ ਆ ਕੇ ਨਮਸ਼ਕਾਰ ਕਰੀ।

ਕਹਿਣ ਲੱਗਿਆ, "ਪਾਤਸ਼ਾਹ! ਜੇ ਮੇਰੇ ਸੀਸ ਦੇ ਉਤੇ ਆਪ ਦਾ ਹੱਥ ਹੋਵੇ ਤਾਂ ਮੈਂ ਇਹ ਸੇਵਾ ਕਰਦਾ ਹਾਂ।" ਕਿਉਂਕਿ ਗੁਰਸਿਖ ਚਾਹੇ ਕਿੱਡਾ ਹੀ ਉਚਾ ਹੋਵੇ ਗੁਰੂ ਦੀ ਟੇਕ ਨਹੀਂ ਛੱਡਿਆ ਕਰਦਾ।

ਗੁਰੂ ਮਹਾਰਾਜ ਕਹਿਣ ਲੱਗੇ, "ਭਾਈ! ਇਕ ਸਿੰਘਾਸਣ ਲਿਆਓ, ਸਾਥੋਂ ਚਾਰ ਉਂਗਲ ਉੱਚਾ ਇਸ ਦਾ ਆਸਣ ਲਾਓ।"

ਸਾਰੀ ਸੰਗਤ ਹੈਰਾਨ ਹੈ ਕਿ ਸੱਚੇ ਪਾਤਸ਼ਾਹ! ਸਿੱਖ ਤੁਹਾਥੋਂ ਵੀ ਉੱਚਾ ਹੋ ਕੇ ਬੈਠੇਗਾ। ਮਹਾਰਾਜ ਕਹਿੰਦੇ, "ਹਾਂ! ਕਿਉਂਕਿ ਏਸ ਨੇ ਬਾਣੀ ਸੁਣਾਉਣੀ ਹੈ ਸਾਨੂੰ। ਬਾਣੀ ਦਾ ਅਦਬ ਐਨਾ ਵੱਡਾ ਹੈ ਕਿ ਸਿੱਖ ਗੁਰੂ ਤੋਂ ਉੱਚਾ ਕਰਕੇ ਚਾਰ ਉਂਗਲ ਬਿਠਾ ਦਿੱਤਾ, ਆਸਣ ਖਾਸ ਦੇ ਦਿੱਤਾ ਉਸ ਦੇ ਥੱਲੇ। ਬਾਣੀ ਪੜ੍ਹਨ ਲੱਗ ਗਿਆ ਗੁਰਸਿਖ ਤੇ ਮਹਾਰਾਜ ਜੀ ਸੁਣਦੇ ਨੇ। ਕਈ ਵਾਰ ਸ਼ਾਬਾਸ਼! ਬਲਿਹਾਰ ਦਾ ਅਵਾਜਾ ਆਇਆ। ਪੜ੍ਹਦਾ-ਪੜ੍ਹਦਾ ਜਿਸ ਵਕਤ ਆਖਰੀ ਸਲੋਕ ਦੇ ਵਿਚ ਜਾਂਦਾ ਹੈ, ਆਖਰੀ ਦੋ ਤੁਕਾਂ ਰਹਿ ਗਈਆਂ ਤਾਂ ਮਹਾਰਾਜ ਜੀ ਨੇ ਮਨ ਦੇ ਵਿਚ ਫੈਸਲਾ ਕਰਿਆ ਕਿ ਏਸ ਨੂੰ ਸਭ ਤੋਂ ਉਤਮ ਚੀਜ਼ ਦੇਣੀ ਚਾਹੀਦੀ ਹੈ ਕਿਉਂਕਿ ਇਸ ਨੇ ਮਨ ਐਨੀ ਦੇਰ ਤੱਕ ਕਿਸੇ ਪਾਸੇ ਨਹੀਂ ਜਾਣ ਦਿੱਤਾ, ਬਾਣੀ ਵਿਚ ਲੀਨ ਕਰਿਆ ਹੋਇਆ ਹੈ ਮਨ। ਉਸ ਵੇਲੇ ਆਪ ਤਖਤ ਤੋਂ ਉਤਰਨ ਲੱਗੇ ਤੇ ਇਕ ਚਰਨ ਹੇਠਾਂ ਲਗਾ ਲਿਆ, ਦੂਸਰਾ ਜਿਸ ਵਕਤ ਚੁੱਕਣ ਲੱਗੇ ਉਸੇ ਵੇਲੇ ਗੁਰਸਿਖ ਦੇ ਮਨ ਵਿਚ ਫੁਰਨਾ ਆ ਗਿਆ ਕਿ ਮੈਨੂੰ ਮਹਾਰਾਜ ਜੀ ਜੇ ਸਵਾ ਲੱਖ ਦਾ ਜਿਹੜਾ ਘੋੜਾ ਹੈ ਦੇ ਦੇਣ ਤਾਂ ਬਹੁਤ ਵਧੀਆਂ ਹੋਵੇ ਕੇਵਲ -

*ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥*

*ਪੰਨਾ - 8*

ਅਧੀ ਤੁਕ ਰਹਿ ਗਈ ਸੀ ਜ਼ਿਆਦਾ ਨਹੀਂ ਸੀ ਰਹੀ 'ਕੇਤੀ ਛੁਟੀ ਨਾਲਿ॥' ਜੇ ਉਹ ਕਹਿ ਦਿੰਦਾ ਤਾਂ ਬੜਾ ਭਾਰਾ ਉਸ ਨੂੰ ਫਲ ਪ੍ਰਾਪਤ ਹੁੰਦਾ। ਗੁਰੂ ਮਹਾਰਾਜ ਮੁੜ ਫੇਰ ਗੱਦੀ ਤੇ ਬੈਠ ਗਏ।

ਕਹਿਣ ਲੱਗੇ, "ਬਲਿਹਾਰ! ਸਿੱਖਾ ਬਲਿਹਾਰ!! ਅਸੀਂ ਤੇਰੇ ਇਕ ਮਨ ਇਕ ਚਿਤ ਹੋ ਕੇ ਜੋ ਤੂੰ ਪਾਠ ਕਰਿਆ ਹੈ ਉਸ ਦੇ ਬਦਲੇ ਤੈਨੂੰ ਸਭ ਤੋਂ ਉਤਮ ਚੀਜ਼ ਗੁਰੂ ਨਾਨਕ ਪਾਤਸ਼ਾਹ ਦੀ ਗੁਰਿਆਈ ਦੇਣ ਲਗੇ ਸੀ। ਹੁਣੇ ਹੀ ਅਸੀਂ ਹੁਕਮ ਕਰਨ ਲੱਗੇ ਸੀ ਕਿ ਨਾਰੀਅਲ ਲੈ ਆਓ, ਪੰਜ ਪੈਸੇ ਲਿਆਓ, ਪੰਜ ਪ੍ਰਕਰਮਾ ਕਰਕੇ ਤੇਰੇ ਅੱਗੇ ਅਸੀਂ ਨਮਸ਼ਕਾਰ ਕਰਕੇ ਤੈਨੂੰ ਗੁਰੂ ਨਾਨਕ ਪਾਤਸ਼ਾਹ ਦਾ ਵਾਰਸ ਬਣਾ ਕੇ ਸੰਗਤ ਵਿਚ ਹੇਠਾਂ ਜਾ ਕੇ ਬਹਿ ਜਾਣਾ ਸੀ ਪਰ ਤੂੰ ਅੱਧੀ ਤੁਕ ਵਿਚ ਫੁਰਨਾ ਕਰ ਲਿਆ।

ਜਾਓ! ਜੋ ਸਵਾ ਲੱਖ ਵਾਲਾ ਘੋੜਾ ਹੈ ਉਸ ਦੇ ਉਤੇ ਸੋਨੇ ਦੀ ਕਾਠੀ, ਸੋਨੇ ਦੇ ਝੁੱਲ, ਹਮੇਲਾਂ ਸੋਨੇ ਨਾਲ ਮੜੀਆਂ ਹੋਈਆਂ, ਕਲਗੀ ਤੇ ਹਾਰ ਸੋਨੇ ਦੇ ਉਹ ਸਭ ਲੈ ਕੇ ਆਓ।"

ਗੁਰਸਿਖ ਨੂੰ ਸਭ ਕੁਝ ਦੇ ਦਿੱਤਾ। ਕਿੱਡੀ ਵੱਡੀ ਪ੍ਰਾਪਤੀ ਹੈ ਜੇ ਮਨ ਇਕਾਗਰ ਹੋ ਜਾਵੇ।

ਉਸ ਵੇਲੇ ਨਵਾਬ ਦੌਲਤ ਖਾਨ ਕਹਿਣ ਲੱਗਿਆ, "ਹੇ ਨਾਨਕ ਜੀ! ਮਨ ਕਿਵੇਂ ਕਾਬੂ ਹੋ ਸਕਦਾ ਹੈ?"

ਮਹਾਰਾਜ ਕਹਿਣ ਲੱਗੇ, "ਨਵਾਬ ਸਾਹਿਬ! ਮਨ ਤੋਂ ਉਪਰ ਜਿਹੜੀ ਸ਼ਕਤੀਸ਼ਾਲੀ ਚੀਜ਼ ਹੈ ਜੇ ਉਸ ਦੇ ਨਾਲ ਮਨ ਲੱਗ ਜਾਵੇ ਤਾਂ ਇਹ ਕਾਬੂ ਹੁੰਦਾ ਹੈ ਕਿਉਂਕਿ ਜਿੰਨੀ ਦੇਰ ਤੱਕ ਆਦਮੀ ਦੇ ਅੰਦਰ ਵਾਸ਼ਨਾਵਾਂ ਕਾਇਮ ਨੇ, ਪੁਤਰਾਂ ਦੀ ਵਾਸ਼ਨਾ ਹੈ, ਦੇਹ ਅਧਿਆਸ ਦੀ ਵਾਸ਼ਨਾ ਹੈ, ਦੇਹ ਨੂੰ ਸ਼ਿੰਗਾਰਨ ਦੀ ਵਾਸ਼ਨਾ ਹੈ, ਲੋਕ ਵਾਸ਼ਨਾ ਹੈ ਕਿ ਲੋਕ ਮੈਨੂੰ ਚੰਗਾ ਕਹਿਣ, ਮੇਰੀ ਵੱਡੀ ਕੋਠੀ ਹੋਵੇ, ਨੌਕਰ-ਚਾਕਰ ਹੋਣ ਫੇਰ ਲੋਕ ਮੈਨੂੰ ਕਹਿਣ ਕਿ ਇਸ ਦੀ ਬਹੁਤ ਵੱਡੀ ਕੋਠੀ ਹੈ, ਬਹੁਤ ਧਨੀ ਹੈ। ਸੋ ਇਹ ਲੋਕ ਵਾਸ਼ਨਾ ਕਹਾਉਂਦੀ ਹੈ। ਇਸ ਤੋਂ ਬਿਨਾਂ ਮਹਾਰਾਜ ਜੀ ਕਹਿੰਦੇ ਅਨੁਸ਼ਠਾਨ ਵਾਸ਼ਨਾ, ਸ਼ਾਸਤ੍ਰ ਵਾਸ਼ਨਾ ਕਿਤਾਬਾਂ ਪੜ੍ਹਨ ਦੀ ਤੇ ਵਾਸ਼ਨਾ ਹੀ ਵਾਸ਼ਨਾ ਹੈ, ਦਿਨ ਰਾਤ ਅਸੀਂ ਵਾਸ਼ਨਾਵਾਂ ਵਿਚ ਪਏ ਹੋਏ ਹਾਂ। ਜਦੋਂ ਤੱਕ ਵਾਸ਼ਨਾ ਤੇ ਕਾਬੂ ਨਹੀਂ ਪਾਇਆ ਜਾਂਦਾ, ਮਨ ਨਹੀਂ ਟਿਕਿਆ ਕਰਦਾ। ਸੋ ਮਨ ਨੂੰ ਟਿਕਾਉਣ ਵਾਸਤੇ ਜਿਸ ਤਰ੍ਹਾਂ ਘੋੜੇ ਦੇ ਮੂੰਹ ਵਿਚ ਕੰਡਿਆਲਾ ਪਾ ਦਿੰਦੇ ਨੇ ਫੇਰ ਉਹ ਘੋੜਾ ਮਨ ਦੀ ਮਤ ਨਹੀਂ ਕਰ ਸਕਦਾ, ਜਿਧਰ ਨੂੰ ਸਵਾਰ ਲਿਜਾਉਣਾ ਚਾਹੁੰਦਾ ਹੈ ਉਧਰ ਨੂੰ ਉਸ ਨੂੰ ਮੁੜਨਾ ਹੀ ਪੈਂਦਾ ਹੈ। ਇਸੇ ਤਰ੍ਹਾਂ ਜੋ ਮਨ ਹੈ ਜਦੋਂ ਤੱਕ ਸ਼ਬਦ ਦੇ ਨਾਲ ਇਹ ਲੀਨਤਾ ਵਿਚ ਨਹੀਂ ਆਉਂਦਾ, ਉਨੀ ਦੇਰ ਤੱਕ ਇਹ ਮਨ ਜਿੱਤਿਆ ਨਹੀਂ ਜਾ ਸਕਦਾ, ਟਿਕਿਆ ਨਹੀਂ ਕਰਦਾ। ਜੇ ਮਨ ਟਿਕ ਜਾਵੇ ਤਾਂ ਉਸ ਦਾ ਫਲ ਕਿੰਨਾ ਹੁੰਦਾ ਹੈ -

*ਏਕ ਚਿਤ ਜਿਹ ਇਕ ਛਿਨ ਧਿਆਇਓ............॥*

ਇਕ ਚਿਤ ਹੋ ਕੇ ਜੇ ਇਕ ਚੁਟਕੀ ਜਿੰਨਾ ਚਿਰ ਅੱਖ ਦੇ ਝਮਕਣ ਜਿੰਨਾ ਸਮਾਂ, ਐਨਾ ਚਿਰ ਵੀ ਜੇ ਪ੍ਰਮੇਸ਼ਰ ਦੇ ਵੱਲ ਮਨ ਲੱਗ ਜਾਵੇ ਤਾਂ -

*............ ਕਾਲ ਫਾਸ ਕੇ ਬੀਚ ਨ ਆਇਓ॥*

ਗੱਲ ਵਿਚ ਪਈ ਹੋਈ ਕਾਲ ਦੀ ਫਾਸੀ ਉਸੇ ਵੇਲੇ ਕਟ ਜਾਂਦੀ ਹੈ -

*ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ ਕਰਿ ਨਾਰਾਇਣ ਬੋਲਾਰੇ॥*
*ਪੰਨਾ - 981*

ਕਹਿੰਦੇ, ਪੁੱਤਰ ਨੂੰ ਪਿਆਰ ਕਰਦਾ ਸੀ, ਨਾਉਂ ਉਸ ਦਾ ਨਾਰਾਇਣ ਰੱਖਿਆ ਹੋਇਆ ਸੀ, ਨਾਰਾਇਣ ਨਾਰਾਇਣ ਕਰਕੇ ਬੁਲਾਈ ਜਾਂਦਾ ਸੀ। ਜਦੋਂ ਅੰਤ ਦਾ ਸਮਾਂ ਆਇਆ ਉਸ ਵੇਲੇ ਪੁੱਤਰ ਨੂੰ ਆਵਾਜ਼ ਮਾਰ ਦਿੱਤੀ। ਸਾਹ ਅੰਦਰ ਨੂੰ ਤਾਂ ਜਾ ਚੁਕਿਆ ਸੀ ਹੁਣ ਬਾਹਰ ਜਾ ਕੇ ਅੰਦਰ ਨੂੰ ਨਹੀਂ ਸੀ ਜਾਣਾ, ਅੱਧਾ ਹੀ ਸਾਹ ਰਹਿ ਗਿਆ ਸੀ। ਇਸ ਦੇ ਵਿਚ ਧਿਆਨ ਆ ਗਿਆ ਪ੍ਰਮੇਸ਼ਰ ਵੱਲ ਪੂਰੀ ਤਰ੍ਹਾਂ ਦੇ ਨਾਲ ਮਨ ਟਿਕ ਗਿਆ, ਟਿਕਦੇ ਸਾਰ ਮਹਾਰਾਜ ਜੀ ਕਹਿੰਦੇ -

*ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ ਜਮਕੰਕਰ ਮਾਰਿ ਬਿਦਾਰੇ॥*
*ਪੰਨਾ - 981*

ਐਨਾ ਹੀ ਮਨ ਟਿਕਣ ਦੇ ਨਾਲ ਵਾਹਿਗੁਰੂ ਜੀ ਨੇ ਉਸੇ ਵੇਲੇ ਜਮਗਣਾਂ ਨੂੰ ਹਰਿ ਜਨ ਭੇਜ ਕੇ ਕੱਢ ਦਿੱਤਾ, ਉਸ ਨੂੰ ਛੁਡਾ ਲਿਆ ਉਨ੍ਹਾਂ ਕੋਲੋਂ। ਸੋ ਮਹਾਰਾਜ ਜੀ ਕਹਿੰਦੇ ਜਿਸ ਨੇ ਮਨ ਜਿੱਤ ਲਿਆ ਉਹ ਸੂਰਮਾ ਹੈ ਦੂਸਰਾ ਕੋਈ ਸੂਰਮਾ ਨਹੀਂ ਹੈ। ਦੇਸ਼ ਜਿੱਤ ਲੈਣਾ ਕੋਈ ਵੱਡੀ ਬਾਤ ਨਹੀਂ ਹੈ, ਦੁਨੀਆਂ ਨੂੰ ਜਿੱਤ ਲੈਣਾ ਕੋਈ ਵੱਡੀ ਬਾਤ ਨਹੀਂ ਹੈ, ਜਿਸ ਨੇ ਮਨ ਜਿੱਤ ਲਿਆ -

*ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ*
*ਸੋ ਕਹੀਅਤ ਹੈ ਸੂਰਾ॥ ਪੰਨਾ - 679*

ਜਿਸ ਨੂੰ ਪਿਆਰ ਲੱਗ ਗਿਆ ਪ੍ਰਮੇਸ਼ਰ ਦੇ ਨਾਲ ਉਹ ਸੂਰਮਾ ਹੈ ਬਾਕੀ ਨਹੀਂ ਹੈ ਕੋਈ ਵੀ ਸੂਰਮਾ ਸੰਸਾਰ ਵਿਚ-

*ਆਤਮ ਜਿਣੈ ਸਗਲ ਵਸਿ ਤਾ ਕੈ*
*ਜਾ ਕਾ ਸਤਿਗੁਰੁ ਪੂਰਾ॥ ਪੰਨਾ - 679*

ਪੂਰੇ ਸਤਿਗੁਰੂ ਦਾ ਮਿਲਾਪ ਹੋਵ ਜਾਵੇ, ਸਤਿਗੁਰੂ ਦੇ ਮਿਲਾਪ ਦੇ ਵਿਚੋਂ ਉਸ ਨੂੰ ਪਿਆਰ ਆ ਜਾਵੇ, ਪਿਆਰ ਦੀ ਪ੍ਰਾਪਤੀ ਹੋ ਜਾਵੇ ਤੇ ਮਨ ਨੂੰ ਗੁਰੂ ਦੇ ਹਵਾਲੇ ਕਰ ਦੇਵੇ -

*ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ*
*ਹੁਕਮਿ ਮੰਨਿਐ ਪਾਈਐ॥ ਪੰਨਾ - 918*

ਇਮਾਨਦਾਰੀ ਨਾਲ ਮਨ ਗੁਰੂ ਦੇ ਹਵਾਲੇ ਕੀਤਾ ਹੋਇਆ ਜਿੱਤਿਆ ਜਾਂਦਾ ਹੈ ਕਿਉਂਕਿ ਆਪਣਾ ਨਾ ਰਿਹਾ, ਗੁਰੂ ਦਾ ਮਨ ਹੋ ਗਿਆ। ਸੋ ਇਸ ਤਰ੍ਹਾਂ ਇਸ ਦੀ ਸਹਾਇਤਾ ਕਰਦੇ ਨੇ। ਅਖੀਰ ਵਿਚ ਮਹਾਰਾਜ ਜੀ ਲਿਖਦੇ

(ਬਾਕੀ ਪੰਨਾ 46 ਤੇ)

# ਯਾਦ ਸੱਜਨ ਦੀ ਰਹੀਏ ਵੋ।

***ਪ੍ਰਭਜੋਤ ਕੌਰ***

'ਆਤਮ ਮਾਰਗ' ਦੇ ਪਾਠਕਾਂ ਲਈ ਅਕਤੂਬਰ ਦਾ ਮਹੀਨਾ ਨਾ ਭੁਲਣਯੋਗ ਹੈ। 31 ਅਕਤੂਬਰ ਸਭ ਪ੍ਰੇਮੀਆਂ ਲਈ ਇਕ ਅਸਹਿ ਸਦਮਾ ਬਣ ਕੇ ਬਹੁੜਿਐ ਤੇ ਹਮੇਸ਼ਾ ਲਈ ਉਨ੍ਹਾਂ ਦਾ ਸਾਥੀ ਬਣ ਕੇ ਰਹਿ ਗਿਐ। ਇਉਂ ਲਗਦਾ ਹੈ ਜਿਵੇਂ ਇਹ ਸਦਮਾ ਸ਼ਾਇਦ ਇਸ ਸੰਸਾਰਕ ਯਾਤਰਾ ਦੇ ਅੰਤ ਤਕ ਨਾਲ ਹੀ ਨਿਭੇਗਾ। ਰੋਜ਼ ਮਰਾ ਦੀ ਜ਼ਿੰਦਗੀ ਆਪਣੀ ਤੋਰੇ ਤੁਰੀ ਜਾ ਰਹੀ ਸੀ। ਸੰਨ 2001 ਚੜ੍ਹਿਆ, ਕਿਸੇ ਨੂੰ ਅੰਦਾਜ਼ਾ ਨਹੀਂ ਸੀ ਕਿ ਇਸ ਵਰ੍ਹੇ ਦਾ ਹਰ ਚੜ੍ਹਨ ਵਾਲਾ ਸੂਰਜ ਸਾਨੂੰ ਸਤਿਪੁਰਖਾਂ ਦੇ ਸਰੀਰ ਤੋਂ ਦੂਰ ਕਰੀ ਜਾ ਰਿਹਾ ਹੈ। ਸਭ ਬੇਖ਼ਬਰ ਸਨ ਕਿ ਇਹ ਵਰ੍ਹਾ ਸਾਡੇ ਲਈ ਕਿਹੋ ਜਿਹਾ ਸਦਮਾ ਲੈ ਕੇ ਆ ਰਿਹਾ ਹੈ। ਪਿਛਲੇ ਕਰੀਬ ਦੋ ਦਹਾਕਿਆਂ ਤੋਂ ਹਜ਼ਾਰਾਂ ਹੀ ਪ੍ਰਾਣੀ ਸੰਤ-ਪਿਤਾ ਜੀ ਦੀ ਨਿਰੰਤਰ ਸੰਗਤ ਕਰਦੇ ਆ ਰਹੇ ਸਨ, ਸਭਨਾਂ ਨੂੰ ਇਹ ਅਨੁਭਵ ਚੰਗੀ ਤਰ੍ਹਾਂ ਹੈ ਕਿ ਸਾਧੂ ਦੀ ਸੰਗਤ ਤੇ ਸਾਧੂ ਦੀ ਸ਼ਰਣ ਵਿਚ ਜੀਵਣਾ ਕੀ ਹੁੰਦਾ ਹੈ। ਅਰ ਸਰੀਰ ਤਿਆਗਣ ਦੇ ਬਾਅਦ ਉਹੀ ਜੀਵਣਾ ਕੀ ਬਣ ਕੇ ਰਹਿ ਜਾਂਦਾ ਹੈ। ਇਸ ਗੱਲ ਦੀ 31 ਅਕਤੂਬਰ ਤੋਂ ਪਹਿਲਾਂ ਮੈਨੂੰ ਕਦੇ ਸਮਝ ਨਹੀਂ ਸੀ ਪਈ। ਗੁਰਬਾਣੀ ਦੇ ਵਾਕ, ਸਤਿਪੁਰਖਾਂ ਦੇ ਬਚਨ ਸਭ ਕੁਝ ਸੁਣ ਕੇ ਵੀ ਕੋਈ ਖਾਸ ਅਹਿਸਾਸ ਨਹੀਂ ਸੀ ਹੁੰਦਾ। ਹੁਣ ਇਹ ਬੜੀ ਚੰਗੀ ਤਰ੍ਹਾਂ ਹੋ ਰਿਹਾ ਹੈ। ਇਸ ਸਾਲ ਫਿਰ ਆਪ ਜੀ ਦੀ ਪਵਿੱਤਰ ਯਾਦ ਅਕਤੂਬਰ ਦੇ ਅੰਤ ਵਿਚ ਰਤਵਾੜਾ ਸਾਹਿਬ ਵਿਖੇ ਮਨਾਈ ਜਾ ਰਹੀ ਹੈ। ਉਸੇ ਬਾਬਤ ਆਪਾਂ ਸਾਰਿਆਂ ਨੇ ਆਪਣੇ ਪਿਆਰੇ ਦੇ ਧਿਆਨ ਵਿਚ ਕੁਝ ਚਿਰ ਲਈ ਜੁੜਨ ਦਾ ਯਤਨ ਕਰਨਾ ਹੈ।

ਗੁਰੂ ਘਰ ਬਰਕਤਾਂ ਦਾ ਦਰ ਹੈ, ਪਰਮੇਸ਼ਰ ਬਰਕਤਾਂ ਦੀ ਪੂੰਜੀ ਹੈ ਤੇ ਸਾਧੂ ਉਸ ਪੂੰਜੀ ਦੇ ਮਾਲਕ ਹੁੰਦੇ ਹਨ। ਕੋਈ ਪੂਰਬਲੇ ਜਨਮਾਂ ਦੇ ਕਰਮਾਂ ਦੇ ਸ਼ੁਭ ਫਲ ਸਦਕਾ ਸਾਨੂੰ ਘੋਰ ਕਲਜੁਗ ਵਿਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨੇ ਆਪਣੇ ਦਰ ਤੇ ਖਿੱਚ ਲਿਆ ਤੇ ਸਾਡਾ ਮਿਲਾਪ ਐਸੇ ਮਹਾਂਪੁਰਖਾਂ ਨਾਲ ਕਰਾ ਦਿਤਾ ਜਿਨ੍ਹਾਂ ਦੇ ਬਾਰੇ ਕੁਝ ਕਹਿਣਾ। ਮੇਰੇ ਵਸ ਤੋਂ ਬਾਹਰ ਦੀ ਗੱਲ ਹੈ। ਆਪ ਜੀ ਦੀ ਕੋਠੀ ਵਿਖੇ ਹਰ ਐਤਵਾਰ, ਪੂਰਨਮਾਸ਼ੀ ਅਤੇ ਸੰਗਰਾਂਦ ਤੇ ਜਾ ਕੇ ਸਤਿਸੰਗ ਸੁਣਨਾ ਮਾਨੋਂ ਸੁਭਾਅ ਦਾ ਇਕ ਹਿੱਸਾ ਬਣ ਕੇ ਰਹਿ ਗਿਆ ਸੀ। ਹਰ ਇਕ ਦੀ ਆਪਣੀ ਆਪਣੀ ਬਿਰਤੀ ਹੁੰਦੀ ਹੈ। ਅਲੱਗ ਅਲੱਗ ਵਿਚਾਰ ਹੁੰਦੇ ਹਨ। ਓਦੋਂ ਮੇਰੀ ਆਯੂ ਕਰੀਬ 15 ਕੁ ਸਾਲ ਦੀ ਹੋਣੀ ਹੈ। ਸ਼ਾਮ ਨੂੰ ਮੈਂ ਆਪ ਜੀ ਦੇ ਦਰਸ਼ਨ ਕਰਨ ਲਈ ਕੋਠੀ ਚਲੀ ਗਈ। ਮੇਰੇ ਅੰਦਰ ਕੋਈ ਐਸੀ ਵਿਚਾਰ ਪਹਿਲਾਂ ਤੋਂ ਹੀ ਚਲ ਰਹੀ ਸੀ। ਖਿਆਲਾਂ ਦਾ ਵੇਗ ਸੀਮਤ ਹੋਣ ਕਰਕੇ ਕੋਈ ਨਿਰਣਾ ਨਹੀਂ ਸੀ ਲੈ ਸਕੀ। ਅਕਸਰ ਹੀ ਬੁੱਧੀ ਗਿਆਨ ਦੀ ਕੈਦ 'ਚ ਫਸ ਕੇ ਰਹਿ ਜਾਂਦੀ ਹੈ ਪਰ ਕੋਈ ਪੂਰਾ ਹੋਵੇ, ਉਹ ਕੱਢ ਲੈਂਦਾ ਹੈ। ਕੋਠੀ ਪਹੁੰਚੇ ਤਾਂ ਆਪ ਜੀ, ਪੂਰੇ ਅਨੰਦ ਵਿਚ ਕੁਰਸੀ ਪਰ ਸੁਭਾਇਮਾਨ ਸਨ। ਮੈਂ ਨਮਸਕਾਰ ਕੀਤੀ, ਬੈਠ ਗਈ। ਥੋੜ੍ਹਾ ਚਿਰ ਚੁੱਪ ਬੈਠੇ ਰਹੇ ਫਿਰ ਕਹਿਣ ਲੱਗੇ, ਬੇਟਾ ਐਧਰ ਦੇਖ ਮੇਰੇ ਵਲ, ਫਿਰ ਕਹਿਣ ਲੱਗੇ (ਸਵਾਲੀਆ ਲਹਿਜੇ ਵਿਚ) ਉਹ ਕਿਵੇਂ ਐ, 'ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥ ਨਾਨਕ ਅਵਰੁ ਨ ਜੀਵਿਆ ਕੋਇ।" ਫਿਰ ਕਹਿੰਦੇ ਬਸ ਇੰਨੀ ਗੱਲ ਹੈ। ਮੈਂ ਇਕ ਦਮ ਸ਼ਾਂਤ ਹੋ ਗਈ। ਉਹ ਖਿਆਲਾਂ ਦੀ ਜੋ ਜਵਾਲਾ ਅੰਦਰ ਭੜਕੀ ਹੋਈ ਸੀ, ਸਭ ਸ਼ਾਂਤ ਹੋ ਗਈ। ਉਹ ਛੋਟੀ ਜਿਹੀ ਹੱਡਬੀਤੀ ਅੱਜ ਜਦੋਂ ਚੇਤੇ ਕਰਦੀ ਹਾਂ ਤਾਂ ਲਗਦਾ ਹੈ ਕਿ ਆਪ ਜੀ ਇਕ ਤੁੱਕ ਵਿਚ ਹੀ ਮੈਨੂੰ ਸਾਰਾ ਕੁਝ ਸਮਝਾ ਗਏ। ਪਰ ਦੂਜੇ ਪਲ ਅਹਿਸਾਸ ਹੁੰਦਾ ਹੈ ਕਿ ਇਸ ਗਿਆਨ ਦੇ ਸਮੁੰਦਰ ਵਿਚ ਲੀਨ ਤਾਂ ਹੋਇਆ ਜਾ ਸਕਦਾ, ਪਰ ਥਾਹ-ਤਲਾ ਲੱਭਣਾ ਮੁਸ਼ਕਲ ਨਹੀਂ, ਨਾ ਮੁਮਕਿਨ ਹੈ।

ਇਹੋ ਜਿਹੀਆਂ ਅਨੇਕਾਂ ਘਟਨਾਵਾਂ, ਸਾਰੀ ਸੰਗਤ ਨਾਲ, ਪ੍ਰੇਮੀਆਂ ਨਾਲ ਘਟਦੀਆਂ ਰਹੀਆਂ। ਬਸ ਫਰਕ ਇੰਨਾਂ ਹੈ। ਕੋਈ ਸਟੇਜ ਤੇ ਉਠ ਕੇ ਕਹਿ ਛਡਦਾ ਸੀ ਤੇ ਕੋਈ ਆਪਣੇ ਅੰਦਰ ਉਹ ਪਿਆਰ ਘਟਨਾਵਾਂ ਨੂੰ ਸਮਾਅ ਕੇ ਹਮੇਸ਼ਾਂ ਲਈ ਆਪਣਾ ਸਾਥੀ ਬਣਾ ਲੈਂਦਾ ਸੀ। ਆਪ ਜੀ ਦੇ ਸਰੀਰਕ ਕੌਤਕਾਂ ਦਾ ਹੀ ਕੋਈ ਲੇਖਾ ਜੋਖਾ ਨਹੀਂ ਹੈ ਤਾਂ ਰੂਹਾਨੀਅਤ ਬਾਰੇ ਤਾਂ ਕਹਿਣਾ ਸੁਣਨਾ ਅਸੰਭਵ ਹੈ। ਆਪ ਜੀ ਦਾ ਸਰੂਪ ਹੀ ਪਿਆਰ ਹੈ। ਇਹ ਪਿਆਰ ਦਾ ਕਲਾਵਾ ਬਹੁਤ ਵਿਸ਼ਾਲ ਹੈ, ਜੇ ਆਪ ਜੀ ਨੂੰ ਕਿਸੇ ਨੇ ਪਿਆਰ ਕੀਤਾ, ਉਹਨੂੰ ਤਾਂ ਆਪ ਜੀ ਨੇ ਪਿਆਰ ਕਰਨਾ ਹੀ ਸੀ ਪਰ ਜੇ ਕਿਸੇ ਨੇ ਦੁਰਵਿਹਾਰ ਵੀ ਕੀਤਾ, ਉਹਨੂੰ ਵੀ ਪਿਆਰ ਕਰਦੇ ਰਹੇ। ਅਕਸਰ ਹੀ ਸੰਗਤ ਵਿਚ ਕਹਿ ਛਡਦੇ, ਮੈਨੂੰ ਤਾਂ ਦੂਜਾ ਦਿਸਦਾ ਹੀ ਨਹੀਂ, ਸਾਰੇ ਹੀ ਆਪ ਦੇ ਹੀ ਲਗਦੇ ਨੇ। ਸਾਰਿਆਂ ਵਿਚ ਹੀ ਵਾਹਿਗੁਰੂ ਜੀ ਗੁਰੂ ਨਾਨਕ ਸਾਹਿਬ ਨਜ਼ਰ ਆਉਂਦੇ ਨੇ। ਉਸ ਆਤਮਾ ਬਾਰੇ ਤਾਂ ਕੀ ਕਹਿਣਾ, ਉਹ ਸਰੀਰ ਵੀ ਧੰਨ ਹੈ। ਉਹ ਆਪ ਜੀ ਦਾ ਹੀ ਹੋ ਕੇ ਰਹਿ ਗਿਆ। ਜਿਸ ਤੇ ਦ੍ਰਿਸ਼ਟੀ ਪਾਈ, ਸਦਾ ਹੀ ਉਸ ਤੇ ਨਦਰ ਬਣਾ ਕੇ ਰੱਖੀ ਹੈ। ਆਪ ਦੇ ਧੁਰ ਅੰਦਰੋਂ ਪ੍ਰਭੂ ਪਿਆਰ, ਗੁਰੂ ਪਿਆਰ ਅਤੇ ਮਾਨਵ-ਪਿਆਰ ਦੀ ਤਰੰਗ ਐਸੇ ਵੇਗ ਨਾਲ ਉਠੀ ਕਿ ਸਾਰੇ ਹੱਦ ਬੰਨੇ ਟੱਪਦੀ ਗਈ, ਜਿਥੇ ਕਿਤੇ ਵੀ ਕੋਈ ਪਿਆਰ ਵਾਲਾ ਬੈਠਾ ਸੀ, ਉਸਨੂੰ ਛੋਹ ਲਾਉਂਦੀ ਗਈ, ਟੁੰਭਦੀ ਗਈ, ਜਗਾਉਂਦੀ ਗਈ, ਗੁਰੂ ਨਾਲ ਜੋੜਦੀ ਗਈ, ਅਮੋੜ ਮਨ ਤੇ ਬਿਰਤੀਆਂ ਨੂੰ ਕਾਬੂ ਕਰਦੀ ਚਲੀ ਗਈ ਤੇ ਐਸਾ ਜਕੜ ਦਿਤਾ ਪਿਆਰ ਵਿਚ ਕਿ ਅੱਜ ਵੀ ਦਿਨ ਤਾਂ ਓਹੀ ਨੇ, ਪਰ ਹਰ ਪਿਆਰਾ ਇਹ ਪੁਕਾਰ ਰਿਹਾ ਹੈ 'ਬਾਬਾ ਬੋਲਤੇ ਤੇ ਕਹਾਂ ਗਏ,........। ਜਵਾਬ ਹੀ ਕੋਈ ਨਹੀਂ ਤੇ ਜ਼ਰਾ ਗਹੁ ਨਾਲ ਤੱਕੋ ਕਿ ਨਾਤਾ ਕਿਹੋ ਜਿਹਾ ਜੋੜਿਆ! ਪਿਆਰ ਤੋਂ ਉਪਜੀ ਬੇਬਸੀ ਹੰਝੂ ਬਣ ਬਣ ਕੇ ਆਪਣੇ ਪਿਆਰੇ ਦੀ ਯਾਦ ਨੂੰ ਹੋਰ ਗੂੜ੍ਹਾ ਕਰਦੀ ਜਾ ਰਹੀ ਹੈ। ਉਸ ਦੇ ਚਰਨਾਂ ਕਮਲਾਂ ਵਿਚ ਸ਼ਰਧਾਂਜਲੀ ਅਰਪਣ ਕਰ ਰਹੀ ਹੈ। ਵਾਹ! ਵਾਹ!! ਕੈਸਾ ਜੋੜ ਹੈ, ਨਾ ਦਿਸਣ ਵਾਲਾ ਆਪਣੀ ਦਿਸਣ ਵਾਲੀ ਹਸਤੀ ਨਾਲੋਂ ਵੀ ਵੱਧ ਆਪਣੇ ਬੱਚਿਆਂ ਪਾਸੋਂ ਪਿਆਰ ਸਵੀਕਾਰ ਕਰ ਰਿਹਾ ਹੈ ਤੇ ਦੂਣਾ ਪਿਆਰ ਦੇ ਰਿਹਾ ਹੈ। ਗੁਰੂ ਨਾਨਕ ਦੀ ਹਟ ਤੇ ਪਿਆਰ ਦਾ ਵਣਜ

ਵਪਾਰ ਅੱਜ ਵੀ ਜਾਰੀ ਹੈ। ਪਿਆਰੇ ਨਾਲ ਕਿਤੇ ਦੋ ਘੜੀ ਜੁੜ ਕੇ ਵੇਖਣਾ, ਸੱਚ ਜਾਣਨਾ ਇਸ ਤਰ੍ਹਾਂ ਲਗਦਾ ਹੈ ਕਿ ਸਾਰੀਆਂ ਬਰਕਤਾਂ ਉਵੇਂ ਹੀ ਵਰਤ ਰਹੀਆਂ ਹਨ, ਮਾਨੋਂ ਸਾਡੀਆਂ ਨਜ਼ਰਾਂ ਹੀ ਉਖੜ ਗਈਆਂ ਸਨ ਪਰ ਇਹ ਅਹਿਸਾਸ ਮੁੜ ਪਰਤ ਆਇਆ ਹੈ।

ਪਿਆਰ, ਸ਼ਰਧਾ, ਭਾਵਨਾ ਦੀ ਜਗਿਆਸਾ ਰੱਖਣ ਵਾਲੇ ਜਗਿਆਸੂ ਲੁੱਟ ਕੇ ਲੈ ਗਏ ਖਜ਼ਾਨੇ। ਉਨ੍ਹਾਂ ਨੂੰ ਨਾਮ ਵੀ ਮਿਲ ਰਿਹਾ ਹੈ, ਬਾਣੀ ਵੀ ਮਿਲ ਰਹੀ ਹੈ, ਪਿਆਰ ਵੀ ਮਿਲ ਰਿਹਾ ਹੈ, ਜੋ ਨਹੀਂ ਸੀ ਮੰਗਿਆ, ਉਹ ਵੀ ਮਿਲ ਰਿਹਾ ਹੈ। ਪਰ ਜੇ ਹਿਰਦੇ ਅੰਦਰ ਪਿਆਰ ਦੀ ਥਾਂ ਕੋਈ ਹੋਰ ਖਿਆਲ ਆ ਵੜਿਆ ਤਾਂ ਫਿਰ ਓਨਾ ਘਾਟਾ ਆਪਣਾ ਹੀ ਹੈ। ਫਿਰ ਗੁਰੂ ਹੀ ਸਾਰੀਆਂ ਬਰਕਤਾਂ ਵਾਪਸ ਖਿੱਚ ਲੈਂਦਾ। ਜਾਣਦਾ ਤਾਂ ਉਹ ਦੇਣਾ ਹੀ ਹੈ ਵਾਪਸ ਨਹੀਂ ਲੈਂਦਾ ਪਰ ਕਦੀ ਕਦੀ ਸਾਡਾ ਅਵੇਸਲਾਪਨ ਸਾਡਾ ਨੁਕਸਾਨ ਆਪ ਕਰਾ ਦਿੰਦਾ। ਗੁਰੂ ਨਾਨਕ ਦਾ ਦਰ ਸਾਡੇ ਵਰਗਿਆਂ ਲਈ ਖੁਲ੍ਹਾ ਹੈ। ਜਦ ਕੋਈ ਪਿਆਰ ਦਾ ਪੱਲਾ ਅੱਡ ਕੇ ਜਾਂਦਾ ਹੈ ਯਕੀਨ ਕਰਨਾ, ਫਿਰ ਪੱਲਾ ਛੋਟਾ ਰਹਿ ਜਾਂਦਾ ਹੈ ਤੇ ਬਰਕਤਾਂ ਸਾਂਭ ਹੀ ਨਹੀਂ ਹੁੰਦੀਆਂ, ਪਦਾਰਥਾਂ ਦੀ ਤਾਂ ਗੱਲ ਹੀ ਕੀ ਹੈ। ਸ੍ਰੀ ਗੁਰੂ ਜੀ ਤਾਂ ਲਹਿਣਾ ਜੀ ਤੋਂ ਅੰਗਦ ਜੀ ਬਣਾ ਦਿੰਦੇ ਨੇ।

ਅੱਜ ਅਸੀਂ ਆਪਣੇ ਪਿਆਰੇ ਦੀ ਯਾਦ ਮਨਾ ਰਹੇ ਹਾਂ। ਉਨ੍ਹਾਂ ਨੂੰ ਅਸੀਂ ਕੀ ਯਾਦ ਕਰਨਾ, ਸਾਡੇ ਵਸ ਹੈ ਵੀ ਕੀ, ਇਹ ਤਾਂ ਉਨ੍ਹਾਂ ਦੀ ਮਿਹਰਬਾਨੀ ਹੈ, ਕ੍ਰਿਪਾਲਤਾ ਹੈ ਉਹ ਸਾਨੂੰ ਸਦਾ ਯਾਦ ਰਖਦੇ ਹਨ, ਹਰ ਔਕੜ, ਹਰ ਬਿਖੜੇ ਦਾਓ ਤੋਂ ਬਚਾ ਰਹੇ ਹਨ। ਹਰ ਸਾਹ ਨਾਲ ਸਾਨੂੰ ਸੰਭਾਲ ਰਹੇ ਹਨ। ਉਨ੍ਹਾਂ ਤੋਂ ਸਾਡੀ ਕੋਈ ਚੀਜ਼ ਛਿਪੀ ਨਹੀਂ। ਆਪ ਜੀ ਦੇ ਬਚਨ ਅੱਜ ਵੀ ਓਵੇਂ ਗੁੰਜਾਰਾਂ ਪਾ ਰਹੇ ਹਨ। ਸੁਣਨ ਵਾਲਿਆਂ ਵਿਚ ਕਮੀ ਹੋ ਸਕਦੀ ਹੈ। ਉਹ ਮਾਲਕ ਅੱਜ ਵੀ ਓਵੇਂ ਜਿਵੇਂ ਸਲਾਮਤ ਹੈ। ਉਨ੍ਹਾਂ ਸਦਾ ਹੀ ਸਲਾਮਤ ਰਹਿਣਾ ਹੈ। ਉਸ ਜੋਤ ਨੂੰ ਮੇਰੀ ਤਾਂ ਬਾਰੰਬਾਰ ਨਮਸ਼ਕਾਰ ਹੈ। ਆਤਮ ਮਾਰਗ ਦੇ ਪਾਂਧੀ, ਆਤਮ ਮਾਰਗ ਦੇ ਪਾਠਕ ਸਾਰੇ ਹੀ ਧੰਨ ਹਨ। ਮੁਬਾਰਕ ਹੈ ਐਸੀਆਂ ਰੂਹਾਂ ਦਾ ਸੰਸਾਰ ਤੇ ਵਿਚਰਣਾ ਜੋ ਸਤਿਗੁਰਾਂ ਦੇ, ਸਤਿਪੁਰਸ਼ਾਂ ਦੇ ਉਪਦੇਸ਼ਾਂ ਨੂੰ ਕਮਾਉਣ ਲਈ ਯਤਨਸ਼ੀਲ ਹਨ। ਪਿਆਰੇ ਬੀਜੀ ਦੀ ਸਰੀਰਕ ਅਵਸਥਾ ਭਾਵੇਂ ਜੈਸੀ ਵੀ ਹੋਵੇ, ਹਮੇਸ਼ਾ ਹੀ ਪਿਤਾ ਜੀ ਵਾਂਗ ਦਰਸ਼ਨਾਂ ਨਾਲ ਤੇ ਬਚਨਾਂ ਨਾਲ ਸੰਗਤ ਨੂੰ ਨਿਹਾਲ ਕਰਦੇ ਹਨ। ਆਪ ਜੀ ਦੀ ਪਵਿੱਤਰ ਛਤਰ ਛਾਇਆ ਹੇਠ ਇਸ ਸਾਲ ਫਿਰ ਪਿਤਾ ਜੀ ਦੀ ਯਾਦ 30 ਅਕਤੂਬਰ ਤੋਂ 2 ਨਵੰਬਰ ਤਕ ਮਨਾਈ ਜਾ ਰਹੀ ਹੈ।

ਸਾਡੇ ਵਰਗੇ ਕਲਜੁਗੀ ਜੀਵਾਂ ਲਈ ਤਾਂ ਆਪ ਜੀ ਦਾ ਸਰੀਰਕ ਵਿਛੋੜਾ ਵੀ ਸਭ ਤੋਂ ਵੱਡਾ ਦੁਖ ਹੋ ਕੇ ਨਿਬੜਿਆ ਹੈ ਕਿਉਂਕਿ ਅਸੀਂ ਉਸ ਮਹਾਨ ਆਤਮਾ ਨੂੰ ਇਕ ਸਰੀਰ ਵਿਚੋਂ ਹੀ ਦੇਖਣਾ ਆਰੰਭ ਕੀਤਾ ਤੇ ਉਸੇ ਸਰੀਰ ਤੋਂ ਸਦਾ ਪਿਆਰ ਤੇ ਅਸੀਸਾਂ ਲਈਆਂ ਅਤੇ ਉਹ ਬੋਲਦੇ ਚਲਦੇ ਬਾਬਾ ਹਮੇਸ਼ਾ ਲਈ ਸਾਨੂੰ ਆਪਣੇ ਚਰਨਾਂ ਨਾਲ ਜੋੜ ਗਏ। ਬਾਦਸ਼ਾਹ ਦਰਵੇਸ ਦੇ ਚਰਨਾਂ ਵਿਚ ਆਤਮ ਮਾਰਗ ਅਦਾਰੇ ਦੀ ਚੜ੍ਹਦੀ ਕਲਾ ਲਈ ਕਾਮਨਾ ਕਰਦੀ ਹੋਈ।

(ਪੰਨਾ 40 ਦੀ ਬਾਕੀ)

ਨੇ ਕਿ ਹੇ ਪ੍ਰਭੂ! ਜੇ ਤੂੰ ਮੇਰੇ ਤੇ ਕਿਰਪਾਲ ਹੋਇਆ ਹੈ ਤਾਂ ਕਿਰਪਾ ਇਹ ਕਰ ਕਿ ਮੈਨੂੰ ਉਨ੍ਹਾਂ ਮਹਾਂਪੁਰਸ਼ਾਂ ਦੇ ਚਰਨਾਂ ਦੀ ਧੂੜ ਦੇਹ ਜਿਹੜੇ ਤੇਰੇ ਨਾਲ ਹਰ ਵਕਤ ਜੁੜੇ ਹੋਏ 'ਜਨ' ਕਹਾਉਂਦੇ ਨੇ –

*ਬ੍ਰਹਮ ਮਹਿ ਜਨੁ ਜਨ ਮਹਿ ਪਾਰਬ੍ਰਹਮੁ॥ ਪੰਨਾ - 287*

ਜਿਨ੍ਹਾਂ ਦੇ ਅੰਦਰ ਵਾਹਿਗੁਰੂ ਤੇ ਜਿਹੜੇ ਵਾਹਿਗੁਰੂ ਵਿਚ ਨੇ, ਅਭੇਦ ਅਵਸਥਾ ਦੇ ਉਨ੍ਹਾਂ ਦੀ ਚਰਨ ਧੂੜੀ ਦੇਹ। ਉਨ੍ਹਾਂ ਦੀ ਚਰਨ ਧੂੜੀ ਜਿਹੜੀ ਹੈ ਉਹ ਅਕਸੀਰ ਹੈ, ਕਰੋੜਾਂ ਪਾਪਾਂ ਦਾ ਨਾਸ਼ ਕਰਦੀ ਹੈ ਤੇ ਉਸ ਧੂੜੀ ਨੂੰ –

*ਗੰਗਾ ਜਮੁਨਾ ਗੋਦਾਵਰੀ ਸਰਸੁਤੀ*
*ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ॥*
*ਪੰਨਾ - 1263*

ਸਾਧੂ ਦੀ ਧੂੜੀ ਵਾਸਤੇ ਉਦਮ ਕਰਦੇ ਨੇ –

*ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ*
*ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥ ਪੰਨਾ - 1263*

ਸੋ ਮਹਾਰਾਜ ਕਹਿੰਦੇ ਉਹ ਜਨ ਜਿਹੜੇ ਤੇਰੇ ਨਾਲ ਜੁੜੇ ਹੋਏ ਨੇ, ਹੇ ਪ੍ਰਭੂ! ਮੈਂ ਦਾਨ ਮੰਗਦਾ ਹਾਂ ਮੈਨੂੰ ਉਨ੍ਹਾਂ ਦੇ ਚਰਨਾਂ ਦੀ ਧੂੜੀ ਦੇ ਦੇਹ। ਸੋ ਸੰਗਤ ਵਿਚ ਆ ਕੇ ਸਾਨੂੰ ਸੋਝੀ ਪੈਂਦੀ ਹੈ। ਗੁਰੂ ਮਹਾਰਾਜ ਪਥ-ਪ੍ਰਦਸ਼ਨ ਕਰਦੇ ਨੇ। ਉਮਰ ਸਾਡੀ ਲੰਘਦੀ ਤੁਰੀ ਜਾਂਦੀ ਹੈ, ਦਿਨ ਲੰਘ ਜਾਂਦਾ ਹੈ, ਰਾਤ ਪੈ ਜਾਂਦੀ ਹੈ, ਇਕ ਜਨਮ ਨਹੀਂ ਕਰੋੜਾਂ ਜਨਮ ਸਾਡੇ ਬੀਤ ਚੁਕੇ ਨੇ –

*ਬੈਰ ਬਿਰੋਧ ਕਾਮ ਕ੍ਰੋਧ ਮੋਹ॥*
*ਝੂਠ ਬਿਕਾਰ ਮਹਾ ਲੋਭ ਧ੍ਰੋਹ॥*
*ਇਆਹੂ ਜੁਗਤਿ ਬਿਹਾਨੇ ਕਈ ਜਨਮ॥ ਪੰਨਾ - 267*

ਇਕੋ ਹੀ ਸਾਧਨ ਹੈ ਕਲਜੁਗ ਦੇ ਅੰਦਰ –

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ॥*
*ਪੰਨਾ - 642*

ਜੇ ਕੋਈ ਪੁੰਨ ਕਰਮ ਜਾਗ ਪਵੇ ਤਾਂ ਸਤਿਸੰਗ ਵਿਚ ਜਾਂਦਾ ਹੈ ਬੰਦਾ। ਪੁੰਨ ਕਰਮ ਬਹੁਤ ਵੱਡਾ ਹੋਵੇ ਤਾਂ ਹਰੀ ਦਾ ਜਸ ਸੁਣ ਕੇ ਹਿਰਦੇ ਵਿਚ ਵਸਾਉਂਦਾ ਹੈ। ਸੋ ਇਸ ਤਰ੍ਹਾਂ ਮਹਾਰਾਜ ਕਿਰਪਾ ਕਰਨ ਸਾਨੂੰ ਹਰੀ ਦਾ ਜਸ ਬਖਸ਼ਣ ਸਾਡਾ ਵੀ ਭਲਾ ਹੋਵੇ।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

# ਅਨੰਦਮਈ ਜੀਵਨ ਜਾਚ
# The Art of Joyful Living

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

*(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ-62)*

ਭਾਵਨਾਵਾਂ ਜੀਵਨ ਵਿਚ ਬਹੁਤ ਹੀ ਮਹੱਤਵਪੂਰਨ ਭੂਮਿਕਾ ਰਖਦੀਆਂ ਹਨ। ਤੁਸੀਂ ਦੁਖੀ ਹੁੰਦੇ ਹੋ ਕਿ ਜਦੋਂ ਤੁਸੀਂ ਗੁੱਸੇ ਵਿਚ ਹੁੰਦੇ ਹੋ, ਆਪੇ ਤੋਂ ਬਾਹਰ ਹੁੰਦੇ ਹੋ, ਤੁਹਾਡੀਆਂ ਭਾਵਨਾਵਾਂ ਖਿੰਡੀਆਂ ਹੁੰਦੀਆਂ ਹਨ ਤੁਸੀਂ ਉਹ ਕੁਝ ਕਹਿ ਦਿੰਦੇ ਹੋ ਜਿਹੜਾ ਤੁਸੀਂ ਨਾ ਤਾਂ ਕਹਿਣਾ ਹੀ ਚਾਹੁੰਦੇ ਹੋ, ਨਾ ਹੀ ਉਹ ਤੁਹਾਡਾ ਮੰਤਵ ਹੁੰਦਾ ਹੈ। ਬਾਅਦ ਵਿਚ ਜਦੋਂ ਤੁਸੀਂ ਸਾਧਾਰਣ ਹਾਲਤ ਵਿਚ ਹੁੰਦੇ ਹੋ, ਤੁਸੀਂ ਆਪਣੇ ਕੀਤੇ ਉਤੇ ਪਛਤਾਉਂਦੇ ਹੋ। ਜਦੋਂ ਤੁਸੀਂ ਸਾਧਾਰਣ ਹਾਲਤ ਵਿਚ ਹੁੰਦੇ ਹੋ ਤੁਸੀਂ ਆਪਣੇ ਕੀਤੇ ਉਤੇ ਪਛਤਾਉਂਦੇ ਹੋ, ਤੁਸੀਂ ਬੁਰਾ ਮਹਿਸੂਸ ਕਰਦੇ ਹੋ ਪਰ ਤੁਸੀਂ ਉਹ ਸਭ ਕੁਝ ਕੀਤਾ ਕਿਉਂ ਕੀ ਕਾਰਣ ਸੀ? ਕਿਉਂ ਤੁਸੀਂ ਉਹ ਨਕਾਰਾਤਮਕ ਕਰਮ ਕੀਤਾ? ਤੁਹਾਨੂੰ ਇਹ ਸਮਝਣ ਦੀ ਲੋੜ ਹੈ ਤੁਸੀਂ ਇਸ ਤਰ੍ਹਾਂ ਜੰਗਲੀਪਣਾ ਕੀਤਾ ਕਿਉਂ? ਤੁਸੀਂ ਏਸ ਤਰ੍ਹਾਂ ਬਿਨਾਂ ਕਿਸੇ ਕਾਬੂ ਦੇ ਕਿਉਂ ਆਪੇ ਤੋਂ ਬਾਹਰ ਹੋ ਗਏ? ਤੁਸੀਂ ਕਿਸੇ ਨੂੰ ਤੰਗ ਨਹੀਂ ਕਰਨਾ ਚਾਹੁੰਦੇ, ਕਿਸੇ ਨੂੰ ਦੁਖ ਨਹੀਂ ਦੇਣਾ ਚਾਹੁੰਦੇ, ਫੇਰ ਤੁਸੀਂ ਉਨ੍ਹਾਂ ਤੋਂ ਮਾਫੀਆਂ ਮੰਗਦੇ ਹੋ ਜਿਨ੍ਹਾਂ ਨੂੰ ਤੁਸੀਂ ਐਸਾ ਕਰਦੇ ਹੋ, ਤੁਸੀਂ ਕਹਿੰਦੇ ਹੋ, ਮੇਰਾ ਇਹ ਮਤਲਬ ਨਹੀਂ ਸੀ, ਮੇਰੇ ਕੋਲੋਂ ਗੁੱਸੇ ਵਿਚ ਕਿਹਾ ਗਿਆ ਪਰ ਫੇਰ ਦੋ ਚਾਰ ਦਿਨ ਬਾਅਦ ਤੁਸੀਂ ਫੇਰ ਉਸੇ ਤਰ੍ਹਾਂ ਕਰਦੇ ਹੋ। ਇਹ ਕਿਉਂ? ਇਸ ਤਰ੍ਹਾਂ ਹੁੰਦਾ ਹੈ ਕਿਉਂਕਿ ਤੁਸੀਂ ਆਪਣੀਆਂ ਭਾਵਨਾਵਾਂ ਨੂੰ ਆਪ ਹੀ ਨਹੀਂ ਸਮਝਦੇ, ਤੁਸੀਂ ਇਹ ਹੀ ਨਹੀਂ ਜਾਣਦੇ ਕਿ ਤੁਹਾਡਾ ਵਿਹਾਰ ਕਿਉਂ ਇਸ ਤਰ੍ਹਾਂ ਦਾ ਹੈ।

ਇਸ ਤੋਂ ਇਹ ਭਾਵ ਨਹੀਂ ਕਿ ਤੁਸੀਂ ਮਾੜੇ ਹੋ ਜਾਂ ਤੁਸੀਂ ਦਿਲ ਦੇ ਖੋਟੇ ਹੋ। ਇਸ ਤੋਂ ਕੇਵਲ ਇਹ ਹੀ ਭਾਵ ਹੈ ਕਿ ਤੁਸੀਂ ਆਪਣੀਆਂ ਭਾਵਨਾਵਾਂ ਨੂੰ ਸੰਗਠਨ ਕਰਕੇ ਠੀਕ ਦਿਸ਼ਾ ਨਹੀਂ ਦੇ ਰਹੇ। ਭਾਵਨਾਵਾਂ ਬਹੁਤ ਵੱਡੀ ਸ਼ਕਤੀ ਹਨ, ਉਸ ਸ਼ਕਤੀ ਨੂੰ ਦਿਸ਼ਾ ਦੇਣ ਦੀ ਲੋੜ ਹੈ। ਬਹੁਤ ਵਾਰੀ ਤੁਹਾਨੂੰ ਇਹ ਪਤਾ ਨਹੀਂ ਹੁੰਦਾ ਕਿ ਜਿਹੜੇ ਬਹੁਤ ਹੀ ਥੋੜ੍ਹੇ ਸਮੇਂ ਵਿਚ ਆਪਣੀਆਂ ਭਾਵਨਾਵਾਂ ਦੀ ਸ਼ਕਤੀ ਨੂੰ ਦਿਸ਼ਾ ਦੇ ਸਕਦੇ ਹਨ ਉਹ ਉਸ ਤਰ੍ਹਾਂ ਅਨੰਦ ਮਾਣ ਸਕਦੇ ਹੋ ਜਿਹੜਾ ਕੋਈ ਯੋਗੀ ਮਾਣਦਾ ਹੈ ਜਿਹੜਾ ਉਸਨੂੰ ਸਮਾਧੀ ਰਾਹੀਂ ਪ੍ਰਾਪਤ ਹੁੰਦਾ ਹੈ। ਦੋਨੋਂ ਤਰੀਕੇ ਇਕੋ ਜਿਹੇ ਹਨ ਪਰ ਤੁਹਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਭਾਵਨਾਵਾਂ ਨੂੰ ਕਿਵੇਂ ਚੰਗੇ ਪਾਸੇ ਲਗਾਉਣਾ ਹੈ ਤੇ ਕਿਵੇਂ ਆਪਣੇ ਮਨ ਦੇ ਦ੍ਵੰਦ ਵਿਚੋਂ ਨਿਕਲਣਾ ਹੈ। ਇਹ ਓਦੋਂ ਹੀ ਹੋ ਸਕਦਾ ਹੈ ਜਦੋਂ ਤੁਸੀਂ ਆਪਣੀਆਂ ਭਾਵਨਾ ਦੀ ਜੜ੍ਹ ਨੂੰ ਸਮਝ ਜਾਂਦੇ ਹੋ, ਜਾਣ ਜਾਂਦੇ ਹੋ।

ਦੋਨੋਂ ਤਰ੍ਹਾਂ ਦੇ ਸੰਵੇਗ ਸ਼ਕਤੀਸ਼ਾਲ ਹੰਦੇ ਹਨ, ਸਕਾਰਤਮਕ ਵੀ ਤੇ ਨਕਾਤਮਕ ਵੀ। ਮਿਸਾਲ ਵਜੋਂ ਤੁਸੀਂ ਆਪਣੀ ਕਾਰ ਚਲਾ ਕੇ ਜਾ ਰਹੇ ਹੋ ਤੇ ਤੁਸੀਂ ਸੁਣਦੇ ਹੋ ਕਿ ਇਕ ਕਤੂਰਾ ਝਾੜੀਆਂ ਵਿਚ ਰੋ ਰਿਹਾ ਹੈ। ਉਹ ਕਤੂਰਾ ਤੁਹਾਡਾ ਨਹੀਂ ਹੈ ਪਰ ਜੇ ਤੁਸੀਂ ਆਪਣੀ ਸਕਾਰਾਤਮਕ ਤੇ ਸਿਰਜਨਾਤਮਕ ਭਾਵਾਂ ਦੇ ਪ੍ਰਭਾਵ ਥੱਲੇ ਹੋ, ਤੁਸੀਂ ਗੱਡੀ ਖੜ੍ਹੀ ਕਰਕੇ ਕਤੂਰੇ ਦੀ ਸਹਾਇਤਾ ਕਰੋਗੇ, ਇਸ ਤਰ੍ਹਾਂ ਦੀਆਂ ਭਾਵਨਾਵਾਂ ਤੁਹਾਨੂੰ ਸਿਰਜਨਾਤਮਕ ਤੇ ਸਕਾਰਤਮਕ ਕਰਮ ਵਲ ਲੈ ਜਾਂਦੀਆਂ ਹਨ ਪਰ ਨਕਾਰਾਤਮਕ ਭਾਵਨਾਵਾਂ ਵੀ ਹਨ ਜਿਹੜੀਆਂ ਤੁਹਾਨੂੰ ਪੂਰੀ ਤਰ੍ਹਾਂ ਬਰਬਾਦ ਕਰ ਦਿੰਦੀਆਂ ਹਨ।

ਇਹ ਬਹੁਤ ਜ਼ਰੂਰੀ ਹੈ ਕਿ ਤੁਸੀਂ ਆਪਣੇ ਨਕਾਰਤਮਕ ਸੰਵੇਗਾਂ ਨੂੰ ਸਮਝੋ ਤੇ ਉਨ੍ਹਾਂ ਦੇ ਸਰੋਤ ਨੂੰ ਜਾਣੋ ਤੇ ਸਮਝੋ। ਪੁਰਾਣੇ ਗ੍ਰੰਥਾਂ ਨੇ ਸਾਧਨਾ ਦਾ ਮਾਰਗ ਦੱਸਿਆ ਹੈ, ਉਸ ਦਾ ਵਿਸ਼ਲੇਸ਼ਨ ਵੀ ਕੀਤਾ ਹੈ ਤੇ ਉਨ੍ਹਾਂ ਦੀਆਂ ਵੱਖ ਵੱਖ ਕਿਸਮਾਂ ਵੀ ਦੱਸੀਆਂ ਹਨ ਭਾਵ ਉਨ੍ਹਾਂ ਦਾ ਵਰਗੀਕਰਨ ਵੀ ਕੀਤਾ ਹੈ। ਸਭ ਤੋਂ ਪਹਿਲਾ ਵੱਡਾ ਸੰਵੇਗ ਹੈ ਕਾਮ ਜੋ ਸਭ ਤੋਂ ਪ੍ਰਬਲ ਹੈ। ਇਹ ਸਾਰੇ ਨਕਾਰਤਮਕ ਭਾਵਨਾਵਾਂ ਦੀ ਜੜ੍ਹ ਹੈ। ਇਹ ਇਛਾਵਾਂ ਨੂੰ ਤ੍ਰਿਪਤ ਕਰਨ ਦੀ ਉਤੇਜਨਾ ਦਿੰਦਾ ਹੈ। ਕਾਮ ਬਾਕੀ ਦੇ ਸਾਰੇ ਸੰਵੇਗਾਂ ਦਾ, ਭਾਵਨਾਵਾਂ ਦੀ ਜੜ੍ਹ ਹੈ ਇਸ ਤੋਂ ਹੀ ਬਾਕੀਆਂ ਦੀਆਂ ਇਛਾਵਾਂ ਪੈਦਾ ਹੁੰਦੀਆਂ ਹਨ।

ਜਦੋਂ ਕਾਮ ਦੀ ਤ੍ਰਿਪਤੀ ਨਹੀਂ ਹੁੰਦੀ, ਤੁਸੀਂ ਦੁਖੀ ਹੁੰਦੇ ਹੋ ਤੇ ਕ੍ਰੋਧ ਵਿਚ ਆਉਂਦੇ ਹੋ। ਜਦੋਂ ਤੁਸੀਂ ਕ੍ਰੋਧ ਵਿਚ ਹੁੰਦੇ ਹੋ ਉਸ ਤੋਂ ਭਾਵ ਇਹ ਹੁੰਦਾ ਹੈ ਕਿ ਤੁਹਾਡੀ ਇੱਛਾ ਪੂਰਤੀ ਨਹੀਂ ਹੋਈ। ਗੁੱਸੇ ਦੀ ਪਰਿਭਾਸ਼ਾ ਇਹ ਹੈ ਕਿ ਜਦੋਂ ਵੀ ਤੁਹਾਡੀਆਂ ਇਛਾਵਾਂ ਦੀ ਪੂਰਤੀ ਨਹੀਂ ਹੁੰਦੀ ਜਾਂ ਇਸ ਤਰ੍ਹਾਂ ਕਹਿ ਲਓ ਕਿ ਤੁਸੀਂ ਜੋ ਕਰਨਾ ਚਾਹੁੰਦੇ ਹੋ ਉਹ ਨਹੀਂ ਕਰ ਸਕਦੇ ਉਦੋਂ ਕ੍ਰੋਧ ਦੀ ਉਤਪਤੀ ਹੁੰਦੀ ਹੈ। ਤੁਸੀਂ ਉਸ ਇੱਛਾ ਨੂੰ ਜਿਹੜੀ ਪੂਰੀ ਨਹੀਂ ਹੋ ਸਕੀ ਤੁਸੀਂ ਉਸ ਨੂੰ ਸਮਝ ਨਹੀਂ ਸਕੇ, ਜੇ ਸਮਝੇ ਹੋ ਤਾਂ ਉਸ ਨੂੰ ਸਾਂਭ ਨਹੀਂ ਸਕੇ ਜਾਂ ਉਸਨੂੰ ਕਿਸੇ ਤਰ੍ਹਾਂ ਵੀ ਸ਼ਾਂਤ ਨਹੀਂ ਕਰ ਸਕੇ। ਗੁੱਸੇ ਤੋਂ ਭਾਵ ਇਹ ਹੀ ਹੁੰਦਾ ਹੈ ਕਿ ਤੁਸੀਂ ਇਸਨੂੰ ਇਸ ਤਰ੍ਹਾਂ ਸਮਝੋ ਕਿ ਕਿਤੇ ਕੋਈ ਤੁਹਾਡੀ ਇੱਛਾ ਪੂਰਤੀ ਨਹੀਂ।

ਹੋਈ ਜੋ ਤੁਸੀਂ ਚਾਹੁੰਦੇ ਹੋ ਉਹ ਨਹੀਂ ਮਿਲਿਆ, ਉਸਨੂੰ ਸਮਝੋ ਤੇ ਉਸ ਦਾ ਸਮਾਧਾਨ ਕਰੋ।

ਜੇ ਤੁਸੀਂ ਕਿਸੇ ਤਰ੍ਹਾਂ ਕਾਮ ਦੀ ਤ੍ਰਿਪਤੀ ਕਰ ਲਈ ਹੈ ਫੇਰ ਤੁਹਾਡੇ ਅੰਦਰ ਅਹੰਕਾਰ ਆ ਜਾਂਦਾ ਹੈ। ਜੇ ਇੱਛਾ ਪੂਰਨ ਹੋ ਜਾਂਦੀ ਹੈ ਤਾਂ ਤੁਸੀਂ ਅਹੰਕਾਰ ਵਿਚ ਆ ਜਾਂਦੇ ਹੋ ਜੇ ਨਹੀਂ ਹੁੰਦੀ ਤੁਸੀਂ ਗੁੱਸੇ ਵਿਚ ਆ ਜਾਂਦੇ ਹੋ। ਇਸ ਕਰਕੇ ਤੁਹਾਨੂੰ ਆਪਣੇ ਆਪ ਤੇ ਚੰਗੀ ਨਿਗਰਾਨੀ ਰੱਖਣੀ ਚਾਹੀਦੀ ਹੈ। ਤੁਹਾਨੂੰ ਦੇਖਣਾ ਚਾਹੀਦਾ ਹੈ। ਜਦੋਂ ਤੁਹਾਡੀ ਇੱਛਾ ਪੂਰਤੀ ਹੁੰਦੀ ਹੈ ਕਿਤੇ ਤੁਹਾਡੇ ਅੰਦਰ ਅਹੰਕਾਰ ਤਾਂ ਨਹੀਂ ਆ ਗਿਆ। ਜਦੋਂ ਇੱਛਾ ਪੂਰਨ ਨਹੀਂ ਹੁੰਦੀ, ਗੁੱਸਾ ਤਾਂ ਨਹੀਂ ਆ ਗਿਆ। ਤੁਹਾਨੂੰ ਆਪਣੇ ਆਪ ਨੂੰ ਇਨ੍ਹਾਂ ਦੋਨਾਂ ਸੰਵੇਗਾਂ ਵਾਸਤੇ ਚੰਗੀ ਤਰ੍ਹਾਂ ਦੇਖਣਾ ਪਵੇਗਾ, ਆਪਣੇ ਆਪ ਨੂੰ ਜਾਂਚਣਾ ਪਵੇਗਾ ਇਨ੍ਹਾਂ ਦੋਨੋਂ ਪ੍ਰਤੀਕਰਮਾਂ ਲਈ ਆਪਣੇ ਆਪ ਨੂੰ ਰੋਕਣਾ ਪਵੇਗਾ। ਜਦੋਂ ਤੁਸੀਂ ਆਪਣੇ ਆਪ ਨੂੰ ਸੋਧਣ ਦਾ ਕੰਮ ਸ਼ੁਰੂ ਕਰਦੇ ਹੋ, ਤੁਹਾਨੂੰ ਆਪਣੇ ਅੰਦਰ ਪ੍ਰਯੋਗ ਕਰਨੇ ਪੈਣਗੇ। ਆਪਣੀਆਂ ਭਾਵਨਾਵਾਂ ਨੂੰ ਕਾਬੂ ਕਰਨਾ ਪਵੇਗਾ, ਐਸਾ ਤੁਹਾਨੂੰ ਸਿਖਣਾ ਪਵੇਗਾ। ਵਾਸਤਵ ਵਿਚ ਭਾਵਨਾਵਾਂ ਨੂੰ ਵਿਕਸਿਤ ਕਰਨਾ, ਉਨ੍ਹਾਂ ਨੂੰ ਕਾਬੂ ਰਖਣਾ ਐਸਾ ਕਦੀ ਵੀ ਜੀਵਨ ਵਿਚ ਸਿਖਾਇਆ ਹੀ ਨਹੀਂ ਜਾਂਦਾ, ਕਦੀ ਵੀ ਕਿਤੇ ਵੀ ਕਿਸੇ ਤਰ੍ਹਾਂ ਦੱਸਿਆ ਹੀ ਨਹੀਂ ਜਾਂਦਾ।

ਵਾਸਤਵ ਵਿਚ ਇਕ ਗੰਭੀਰ ਵਿਦਿਆਰਥੀ ਤੇ ਜਗਿਆਸੂ ਲਈ ਇਕੋ ਇਕ ਮਹੱਤਵਪੂਰਨ ਪੁਸਤਕ ਹੈ ਜਿਹੜੀ ਉਸਨੂੰ ਪੜ੍ਹਨੀ ਚਾਹੀਦੀ ਹੈ, ਜਿਸ ਦਾ ਅਧਿਐਨ ਕਰਨਾ ਚਾਹੀਦਾ ਹੈ ਉਹ ਹੈ ਆਪਣਾ ਆਪ। ਆਪੇ ਤੋਂ ਵੱਡੀ ਕੋਈ ਪੁਸਤਕ ਨਹੀਂ, ਆਪਾ ਚੀਨਣ ਤੋਂ ਉਤੇ ਕੋਈ ਸਾਧਨਾ ਨਹੀਂ, ਇਸ ਪੁਸਤਕ ਦੇ ਰਚੇਤਾ ਤੁਸੀਂ ਆਪ ਹੋ, ਤੁਸੀਂ ਆਪ ਹੀ ਇਹ ਪੁਸਤਕ ਲਿਖੀ ਹੈ, ਇਸ ਨੂੰ ਚੰਗੀ ਤਰ੍ਹਾਂ ਜਾਨਣਾ ਤੁਹਾਡਾ ਕੰਮ ਹੈ ਤੇ ਤੁਹਾਨੂੰ ਇਸ ਨੂੰ ਚੰਗੀ ਤਰ੍ਹਾਂ ਜਾਨਣਾ ਚਾਹੀਦਾ ਹੈ।

ਹੁਣ ਉਸ ਤੋਂ ਅਗਲਾ ਕਦਮ ਹੈ ਵਿਸ਼ਲੇਸ਼ਨ। ਜਦੋਂ ਤੁਹਾਡੀ ਇੱਛਾ ਪੂਰਤੀ ਹੋ ਜਾਂਦੀ ਹੈ, ਤੁਹਾਨੂੰ ਮਿਲ ਜਾਂਦਾ ਹੈ ਜੋ ਤੁਸੀਂ ਚਾਹੁੰਦੇ ਹੋ, ਫੇਰ ਤੁਹਾਡਾ ਉਸ ਨਾਲ ਮੋਹ ਪੈ ਜਾਂਦਾ ਹੈ। ਤੁਸੀਂ ਉਸ ਨੂੰ ਆਪਣੀ ਕਹਿਣ ਲਗ ਪੈਂਦੇ ਹੋ, ਤੁਸੀਂ ਉਸ ਨੂੰ ਆਪਣੀ ਬਣਾ ਕੇ ਰਖਣਾ ਚਾਹੁੰਦੇ ਹੋ, ਤੁਸੀਂ ਬਾਰ ਬਾਰ ਉਸ ਇੱਛਾ ਦੀ ਪੂਰਤੀ ਕਰਦੇ ਹੋ ਤਾਂ ਜੋ ਉਹ ਤੁਹਾਡੇ ਕੋਲੋਂ ਖੋਹੀ ਨਾ ਜਾਵੇ, ਤੁਹਾਨੂੰ ਡਰ ਪੈ ਜਾਂਦਾ ਹੈ ਕਿ ਤੁਸੀਂ ਉਸ ਨੂੰ ਹੱਥੋਂ ਗੁਆ ਨਾ ਬੈਠੋ।

ਜੀਵਨ ਦੀ ਇਕ ਬੜੀ ਭਾਰੀ ਵਿਡੰਬਨਾ ਹੈ। ਵਾਸਤਵ ਵਿਚ ਜਦੋਂ ਤੁਸੀਂ ਕਿਸੇ ਚੀਜ਼ ਨੂੰ ਆਪਣਾ ਕਹਿੰਦੇ ਹੋ ਉਹ ਦਰਅਸਲ ਆਪਣੀ ਹੁੰਦੀ ਨਹੀਂ। ਦੂਸਰੇ ਪਾਸੇ ਜਦੋਂ ਤੁਸੀਂ ਕਹਿੰਦੇ ਹੋ ਇਹ ਮੇਰਾ ਨਹੀਂ ਤਾਂ ਉਹ ਤੁਹਾਡਾ ਹੁੰਦਾ ਹੈ। ਤੁਸੀਂ ਦੇਖੋਗੇ ਕਿ ਜੀਵਨ ਵਿਚ ਤੁਸੀਂ ਕੁਝ ਚੀਜ਼ਾਂ ਨੂੰ ਆਪਣਾ ਕਹਿੰਦੇ ਹੋ ਤੇ ਕੁਝ ਨੂੰ ਤੁਸੀਂ ਆਪਣਾ ਨਹੀਂ ਕਹਿੰਦੇ। ਕਿੰਨੀ ਅਕਹਿ ਗੱਲ ਹੈ ਕਿ ਇਹ ਸਰੀਰ ਤੁਹਾਡਾ ਹੈ ਪਰ ਤੁਹਾਡਾ ਕੋਈ ਇਸ ਉਤੇ ਕਾਬੂ ਹੀ ਨਹੀਂ ਹੈ। ਸਾਰਾ ਜੀਵਨ ਤੁਸੀਂ ਝੂਠੇ ਹੱਕ ਜਮਾਉਂਦੇ ਰਹਿੰਦੇ ਹੋ, ਕਦੀ ਤੁਸੀਂ ਇਸ ਨੂੰ ਦੇਖ ਕੇ ਹਸਦੇ ਹੋ, ਕਦੀ ਤੁਸੀਂ ਇਹ ਸਭ ਕੁਝ ਦੇਖ ਕੇ ਰੋਂਦੇ ਹੋ, ਕਦੀ ਤੁਸੀਂ ਆਪਣੇ ਆਪ ਨੂੰ ਬਹੁਤ ਉਚੇ ਸਮਝਦੇ ਹੋ, ਮੈਂ ਇਹ ਕੀਤਾ ਹੈ, ਮੈਂ ਉਹ ਕੀਤਾ ਹੈ ਕਈ ਵਾਰੀ ਤੁਸੀਂ ਭਾਵੁਕ ਹੋ ਕੇ ਦੁਖੀ ਹੁੰਦੇ ਹੋ ਕਿਉਂਕਿ ਤੁਹਾਡੀਆਂ ਸੰਸਾਰਕ ਇਛਾਵਾਂ ਪੂਰੀਆਂ ਨਹੀਂ ਹੁੰਦੀਆਂ।

ਅੱਗੇ ਚੱਲ ਕੇ ਲੋਭ ਹੈ। ਜਦੋਂ ਤੁਸੀਂ ਕਿਸੇ ਚੀਜ਼ ਨਾਲ ਜੁੜ ਜਾਂਦੇ ਹੋ ਤਾਂ ਤੁਸੀਂ ਉਸ ਲਈ ਲੋਭੀ ਹੋ ਜਾਂਦੇ ਹੋ, ਫੇਰ ਇਹ ਲੋਭ ਕਦੀ ਵੀ ਭਰਦਾ ਨਹੀਂ, ਪੂਰਾ ਨਹੀਂ ਹੁੰਦਾ, ਭਾਵੇਂ ਤੁਸੀਂ ਕੁਝ ਵੀ ਕਰੋ, ਲੋਭ ਵਧਦਾ ਹੀ ਜਾਂਦਾ ਹੈ। ਜਦੋਂ ਤੁਸੀਂ ਕਿਸੇ ਚੀਜ਼ ਨਾਲ ਜੁੜ ਜਾਂਦੇ ਹੋ ਫੇਰ ਤੁਹਾਡਾ ਮਨ ਉਸ ਨਾਲ ਕਦੇ ਵੀ ਨਹੀਂ ਭਰਦਾ, ਲੋਭ ਦੀ ਅੱਗ ਬਹੁਤ ਹੀ ਭਿਆਨਕ ਹੈ, ਲੋਭ ਦੀ ਅੱਗ ਐਨੀ ਭੜਕਵੀਂ ਹੁੰਦੀ ਹੈ ਕਿ ਤੁਹਾਨੂੰ ਪਤਾ ਹੀ ਨਹੀਂ ਲਗਦਾ ਕਿ ਉਹ ਕਿੰਨਾ ਨੁਕਸਾਨ ਕਰ ਜਾਂਦੀ ਹੈ, ਇਹ ਅੱਗ ਤੁਹਾਨੂੰ ਬਿਮਾਰ ਵੀ ਕਰ ਸਕਦੀ ਹੈ। ਇਹੋ ਜਿਹੀਆਂ ਬਿਮਾਰੀਆਂ ਵੀ ਹਨ ਜਿਹੜੀਆਂ ਲੋਭ ਤੇ ਮੋਹ ਤੋਂ ਪੈਦਾ ਹੁੰਦੀਆਂ ਹਨ, ਇਹੋ ਜਿਹੀਆਂ ਭਾਵਨਾਵਾਂ ਤੁਹਾਨੂੰ ਪਾਗਲ ਬਣਾ ਦਿੰਦੀਆਂ ਹਨ। ਜਦੋਂ ਤੁਸੀਂ ਲੋਭੀ ਹੁੰਦੇ ਹੋ, ਤੁਸੀਂ ਈਰਖਾ ਨਾਲ ਭਰ ਜਾਂਦੇ ਹੋ ਤੇ ਹਰ ਵੇਲੇ ਆਪਣੇ ਆਪ ਨੂੰ ਦੂਸਰਿਆਂ ਨਾਲ ਤੁਲਨਾ ਕਰਕੇ ਦੇਖਦੇ ਹੋ, ਤੁਸੀਂ ਆਪਣੇ ਆਪ ਨੂੰ ਸੁਰਖਿਅਤ ਮਹਿਸੂਸ ਨਹੀਂ ਕਰਦੇ।

ਇਕ ਵਾਰੀ ਮੈਂ ਯੂਨਾਨ ਦੇ ਪੁਰਾਤਨ ਚਰਚ ਵਿਚ ਗਿਆ, ਮੈਂ ਆਪਣੇ ਇਕ ਸ਼ਿਸ਼ ਨਾਲ ਗਿਆ ਸੀ, ਉਹ ਡਾਕਟਰ ਹੈ। ਸਾਡੇ ਨਾਲ ਇਕ ਬੀਬੀ ਬੈਠੀ ਸੀ ਜਿਹੜੀ ਹੀਰਿਆਂ ਨਾਲ ਲੱਦੀ ਪਈ ਸੀ ਤੇ ਉਸ ਨੇ ਬੜੇ ਮਹਿੰਗੇ ਕਪੜੇ ਪਾਏ ਹੋਏ ਸੀ। ਉਹ ਸਾਰਾ ਵਕਤ ਗੁੱਸੇ ਹੋ ਰਹੀ ਸੀ, ਉਚੀ ਉਚੀ ਬੋਲ ਰਹੀ ਸੀ, ਸਾਰਿਆਂ ਨੂੰ ਉਹ ਤੰਗ ਕਰ ਰਹੀ ਸੀ। ਜਦੋਂ ਚਰਚ ਵਿਚ ਪਾਦਰੀ ਬੋਲ ਰਿਹਾ ਸੀ, ਉਹ ਉਦੋਂ ਵੀ ਬੋਲ ਰਹੀ ਸੀ ਕਿ ਉਹ ਕਹੀ ਜਾ ਰਹੀ ਸੀ ਕਿ ਉਹ ਕੀ ਸੋਚਦੀ ਹੈ ਆਪਣੇ ਬਾਰੇ, ਮੇਰੇ ਕੋਲ ਉਸ ਨਾਲੋਂ ਚੰਗੇ ਹੀਰੇ ਹਨ, ਮੇਰੇ ਕੋਲੋਂ ਉਸ ਦੇ ਕਪੜਿਆਂ ਨਾਲੋਂ ਸੋਹਣੇ ਕਪੜੇ ਹਨ, ਉਹ ਬੀਬੀ ਬੜੀ ਅਮੀਰ ਸੀ। ਪਰ ਉਸ ਦੇ ਅੰਦਰ ਐਨੀ ਈਰਖਾ ਸੀ ਹੱਦ ਤੋਂ ਵੱਧ, ਜੋ ਕੁਝ ਵੀ ਉਹ ਕਰਦੀ ਉਹ ਕੇਵਲ ਦੂਸਰਿਆਂ ਨੂੰ ਦਿਖਾਉਣ ਲਈ ਹੀ ਕਰਦੀ ਸੀ, ਇਹ ਉਸ ਦੀ ਇਕ ਸੰਵੇਗਕ ਬੀਮਾਰੀ ਬਣ ਗਈ ਸੀ।

ਜੋ ਕੁਝ ਵੀ ਤੁਸੀਂ ਕਰਦੇ ਹੋ ਭਾਵੇਂ ਕਪੜੇ ਪਾਉਂਦੇ ਹੋ, ਕਿਵੇਂ ਤੁਰਦੇ ਹੋ, ਕਿਵੇਂ ਬੋਲਦੇ ਹੋ, ਕੁਝ ਵੀ ਦੂਸਰਿਆਂ ਲਈ ਨਾ ਕਰੋ। ਜੇ ਤੁਹਾਡੇ ਗੁਆਂਢੀ ਕੁਝ ਕੁ ਕਰਦੇ ਹਨ ਫੇਰ ਤੁਸੀਂ ਵੀ ਉਹ ਹੀ ਕਰਦੇ ਹੋ, ਉਹ ਇਕ ਪ੍ਰਤੀਕਰਮ ਬਣ ਜਾਂਦਾ ਹੈ। ਉਸ ਨਾਲ ਤੁਸੀਂ ਤਬਾਹੀ ਵਲ ਚੱਲ ਪੈਂਦੇ ਹੋ। ਤੁਸੀਂ ਆਪਣੇ ਆਪ ਤੋਂ ਵੱਖ ਹੋ ਜਾਂਦੇ ਹੋ, ਤੁਸੀਂ ਕੇਵਲ ਇਕ ਪ੍ਰਤਿਗਾਮੀ ਹੀ ਬਣ ਕੇ ਰਹਿ ਜਾਂਦੇ ਹੋ, ਤੁਸੀਂ ਉਹ ਨਹੀਂ ਕਰਦੇ ਜੋ ਕਰਨਾ ਹੁੰਦਾ ਹੈ ਜਾਂ ਜੋ ਠੀਕ ਹੈ ਜਿਸ ਦੀ ਲੋਕ ਕਦਰ ਕਰਦੇ ਹਨ। ਜਦੋਂ ਇਸ ਤਰ੍ਹਾਂ ਹੋਣ ਲਗ ਪੈਂਦਾ ਹੈ, ਤੁਸੀਂ ਆਪਣੇ ਲਈ ਨਹੀਂ ਜੀਉਂਦੇ ਤੁਸੀਂ ਆਪਣੇ ਲਈ ਜੀਉਣਾ ਛੱਡ ਦਿੰਦੇ ਹੋ। ਤੁਸੀਂ ਦੂਸਰਿਆਂ ਲਈ ਬਹੁਤ ਹੀ ਨਕਾਰਤਮਕ ਤਰੀਕੇ ਨਾਲ ਜੀਉਣ ਲਗ ਪੈਂਦੇ ਹੋ। ਤੁਸੀਂ ਆਪਣੇ ਗੁਆਢੀਆਂ ਲਈ ਨਕਾਰਤਮਕ ਹੋ ਜਾਂਦੇ ਹੋ। ਤੁਹਾਡੇ ਗੁਆਂਢੀ ਤੁਹਾਨੂੰ ਪਸੰਦ ਨਹੀਂ ਕਰਦੇ ਤੁਸੀਂ ਉਨ੍ਹਾਂ ਨੂੰ ਚੰਗਾ ਨਹੀਂ ਸਮਝਦੇ, ਇਸ ਤਰ੍ਹਾਂ ਹੀ ਤੁਸੀਂ ਆਪਣਾ ਸਾਰਾ ਜੀਵਨ ਗੁਜ਼ਾਰ ਦਿੰਦੇ ਹੋ। ਈਰਖਾ, ਸੰਪਰਦਾ ਤੁਹਾਡੇ ਜੀਵਨ ਦਾ ਆਧਾਰ ਬਣ ਜਾਂਦਾ ਹੈ।

ਤੁਸੀਂ ਹਰ ਸਮੇਂ ਆਪਣੇ ਆਪ ਨੂੰ ਦੂਸਰਿਆਂ ਨਾਲ ਤੁਲਨਾਅ ਕੇ ਦੇਖਦੇ ਰਹਿੰਦੇ ਹੋ। ਉਹ ਕਿਹੜਾ ਸਹੁਪਣ ਹੈ ਜਿਹੜਾ ਤੁਸੀਂ ਲੱਭਦੇ ਰਹਿੰਦੇ ਹੋ, ਜਿਸ ਕਰਕੇ ਤੁਸੀਂ ਐਨੇ ਬੇਚੈਨ ਰਹਿੰਦੇ ਹੋ। ਤੁਸੀਂ ਆਪਣੇ ਵਰਗੇ ਇਕ ਕੇਵਲ ਆਪ ਹੀ ਹੋ, ਤੁਹਾਡੇ ਜਿਹਾ ਪ੍ਰਮਾਤਮਾ ਨੇ ਕੋਈ ਹੋਰ ਬਣਾਇਆ ਹੀ ਨਹੀਂ। ਇਸ ਤਰ੍ਹਾਂ ਦੀ ਦੂਸਰੀ ਕੋਈ ਹਸਤੀ ਹੈ ਹੀ ਨਹੀਂ, ਇਹ ਕਹੋ ਕਿ ਕਿਸੇ ਵਰਗਾ ਵੀ ਦੂਸਰਾ ਕੋਈ ਪ੍ਰਮਾਤਮਾ ਨੇ ਬਣਾਇਆ ਹੀ ਨਹੀਂ। ਫੇਰ ਤਾਂ ਕਿਸੇ ਦੇ ਵੀ ਸੋਹਣੇ ਹੋਣ ਤੇ ਕੋਹਝੇ ਹੋਣ ਦੀ ਕੋਈ ਗੱਲ ਹੀ ਨਹੀਂ। ਕੌਣ ਕੋਹਝਾ ਹੈ? ਕੌਣ ਸੋਹਣਾ ਹੈ? ਪ੍ਰਮਾਤਮਾ ਦੀ ਬਣਾਈ ਹੋਈ ਹਰ ਇਕ ਚੀਜ਼ ਬੜੀ ਸੋਹਣੀ ਹੈ, ਕਿਸੇ ਵੀ ਚੀਜ਼ ਨੂੰ ਸੋਹਣੀ ਕਹਿਣਾ ਕੋਹਝੀ ਕਹਿਣਾ ਇਹ ਤਾਂ ਤੁਹਾਡੀ ਆਪਣੀ ਸੋਚ ਹੈ। ਤੁਸੀਂ ਕਹਿੰਦੇ ਹੋ ਇਹ ਸੋਹਣਾ ਹੈ ਇਹ ਕੋਹਝਾ ਹੈ। ਇਹ ਤਾਂ ਤੁਹਾਡੇ ਹੀ ਮਨ ਦੀ ਸੋਚ ਹੈ ਤੁਹਾਡੀ ਹੀ ਆਪਣੀ ਫਿਲੋਸਫੀ ਹੈ।

ਜਦੋਂ ਮੈਂ ਪਹਿਲੀ ਵਾਰੀ ਅਮਰੀਕਾ ਗਿਆ, ਅਜੇ ਮੇਰਾ ਤੀਸਰਾ ਜਾਂ ਚੌਥਾ ਦਿਨ ਹੀ ਸੀ ਤੇ ਮੈਂ ਕਿਸੇ ਬੀਬੀ ਨੂੰ ਕਿਹਾ ਤੁਸੀਂ ਬੜੇ ਸੋਹਣੇ ਹੋ। ਉਹ ਕਹਿਣ ਲੱਗੀ, "ਤੁਸੀਂ ਤੇ ਅੱਜ ਮੇਰਾ ਦਿਨ ਹੀ ਬਣਾ ਦਿਤਾ, ਬੜਾ ਹੀ ਸੋਹਣਾ ਦਿਨ ਚੜ੍ਹਿਆ ਹੈ।" ਆਮ ਤੌਰ ਤੇ ਜਦੋਂ ਕੋਈ ਤੁਹਾਡੀ ਪ੍ਰਸੰਸਾ ਕਰਦਾ ਹੈ ਤੁਸੀਂ ਇਸੇ ਤਰ੍ਹਾਂ ਹੀ ਜਵਾਬ ਦਿੰਦੇ ਹੋ। ਇਸ ਤਰ੍ਹਾਂ ਦੇ ਜਵਾਬ ਤੋਂ ਭਾਵ ਹੈ ਕਿ ਤੁਸੀਂ ਸਦਾ ਹੀ ਇਸ ਤਾਕ ਵਿਚ ਰਹਿੰਦੇ ਹੋ ਕਿ ਕੋਈ ਤੁਹਾਡੀ ਪ੍ਰਸੰਸਾ ਕਰੇ। ਮਿਸਾਲ ਵਜੋਂ ਪਤਨੀ ਪਤੀ ਕੋਲੋਂ ਪ੍ਰਸੰਸਾ ਚਾਹੁੰਦੀ ਹੈ। ਜਦੋਂ ਪਤੀ ਕੋਈ ਪ੍ਰਸੰਸਾ ਕਰ ਦਿੰਦਾ ਹੈ, ਉਹ ਖੁਸ਼ ਹੋ ਜਾਂਦੀ ਹੈ ਪਰ ਇਸ ਤਰ੍ਹਾਂ ਦੀ ਪ੍ਰਸੰਸਾ ਕੋਈ ਸਤਿ ਨਹੀਂ ਹੈ ਇਹ ਤਾਂ ਕੇਵਲ ਦੂਸਰਿਆਂ ਤੇ ਨਿਰਭਰ ਹੋਣ ਵਾਲੀ ਗੱਲ ਹੈ, ਤੁਸੀਂ ਬਹੁਤ ਹੋਰ ਤਰ੍ਹਾਂ ਸੋਚਣ ਲਗ ਪੈਂਦੇ ਹੋ, ਹਰ ਸਮੇਂ ਦੂਸਰਿਆਂ ਕੋਲੋਂ ਪ੍ਰਸੰਸਾ ਹੀ ਚਾਹੁੰਦੇ ਹੋ।

ਜੀਵਨ ਜੀਣ ਦਾ ਇਹ ਕੀ ਤਰੀਕਾ ਹੈ, ਅਸੀਂ ਕਿਸ ਪੱਧਰ ਤੇ ਜੀਉਂਦੇ ਹਾਂ। ਅਸੀਂ ਆਪਣੇ ਲਈ ਕਈ ਕਦਰਾਂ ਕੀਮਤਾਂ ਬਣਾਈਆਂ ਹਨ ਉਨ੍ਹਾਂ ਨੂੰ ਲੈ ਕੇ ਅਸੀਂ ਜੀਉਂਦੇ ਹਾਂ, ਅਸੀਂ ਸੋਚਦੇ ਹਾਂ ਇਹ ਹੀ ਸਤਿ ਹੈ। ਹੈ ਵੀ ਕਿਉਂਕਿ ਸੱਚ ਇਹ ਤੁਹਾਡਾ ਆਪਣਾ ਬਣਾਇਆ ਹੋਇਆ ਹੈ ਪਰ ਚੇਤਨ ਅਵਸਥਾ ਦਾ ਸੁਪਨੇ ਨਾਲੋਂ ਸਦਾ ਹੀ ਫਰਕ ਹੁੰਦੀ ਹੈ। ਸੁਪਨੇ ਦੀ ਅਵਸਥਾ ਨੀਂਦ ਦੀ ਅਵਸਥਾ ਨਾਲੋਂ ਫਰਕ ਹੈ, ਨੀਂਦ ਦਾ ਸੱਚ ਹੋਰ ਹੈ ਪਰ ਸਤਿ ਤਾਂ ਇਨ੍ਹਾਂ ਸਾਰੀਆਂ ਚੀਜ਼ਾਂ ਤੋਂ ਇਨ੍ਹਾਂ ਸਾਰੀਆਂ ਅਵਸਥਾਵਾਂ ਤੋਂ ਅੱਗੇ ਦੀ ਗੱਲ ਹੈ। ਜਿਹੜਾ ਕੇਵਲ ਇਸ ਸੰਸਾਰ ਨੂੰ ਹੀ ਸਤਿ ਮੰਨ ਕੇ ਚਲਦਾ ਹੈ ਹਰ ਸਮੇਂ ਸੰਸਾਰ ਵਿਚ ਆਪਣੇ ਆਪ ਨੂੰ ਠੀਕ ਰੱਖਣ ਦੀ ਵਿਉਂਤ ਵਿਚ ਲੱਗਾ ਰਹਿੰਦਾ ਹੈ, ਹਰ ਕਿਸੇ ਦੇ ਕਹਿਣ ਦੀ ਪ੍ਰਤੀਕ੍ਰਿਆ ਵਿਚ ਲੱਗਾ ਰਹਿੰਦਾ ਹੈ ਉਹ ਸਭ ਤੋਂ ਵੱਡਾ ਬੇਵਕੂਫ ਹੈ।

ਸ਼ਾਇਦ ਤੁਸੀਂ ਬਹੁਤ ਸਾਰੀਆਂ ਸਮੱਸਿਆਵਾਂ ਨੂੰ ਨਹੀਂ ਠੀਕ ਕਰ ਸਕਦੇ, ਨਹੀਂ ਸੁਲਝਾ ਸਕਦੇ, ਬਹੁਤ ਸਾਰੇ ਦੁੰਦ ਹਨ ਜੀਵਨ ਦੇ, ਘਰ ਵਿਚ ਬਾਹਰ, ਤੁਸੀਂ ਸੋਚਦੇ ਹੋ ਮੇਰੇ ਵਸ ਤੋਂ ਬਾਹਰ ਹਨ। ਤੁਸੀਂ ਕਿਸੇ ਸਵਾਮੀ ਕੋਲ ਜਾਂਦੇ ਹੋ, ਕਿਸੇ ਯੋਗੀ ਕੋਲ ਜਾਂਦੇ ਹੋ ਜਾਂ ਤੁਸੀਂ ਕੇਵਲ ਜਪ ਕਰਨ ਲਗ ਪੈਂਦੇ ਹੋ। ਆਪਣੀਆਂ ਭਾਵਨਾਵਾਂ ਨੂੰ ਪਿਛੇ ਰੱਖਣਾ ਉਨ੍ਹਾਂ ਨੂੰ ਸਾਮ੍ਹਣੇ ਨਾ ਆਉਣ ਦੇਣਾ ਇਸ ਤਰ੍ਹਾਂ ਨਾਲ ਤੁਸੀਂ ਠੀਕ ਨਹੀਂ ਕਰ ਰਹੇ। ਬਹੁਤ ਵਾਰੀ ਦੁੰਦ ਨੂੰ ਸੁਲਝਾਉਣ ਲਈ ਤੁਸੀਂ ਬਾਹਰੋਂ ਜਵਾਬ ਢੂੰਡਦੇ ਹੋ, ਬਾਹਰ ਤਾਂ ਕਿਸੇ ਗੱਲ ਦਾ ਕਿਸੇ ਵੀ ਸਮੱਸਿਆ ਦਾ ਸਮਾਧਾਨ ਹੈ ਨਹੀਂ, ਇਸ ਕਰਕੇ ਉਸ ਵਿਚ ਤੁਹਾਨੂੰ ਸਫਲਤਾ ਮਿਲਦੀ ਨਹੀਂ। ਇਹ ਸਭ ਕੁਝ ਕਰਨ ਦੀ ਥਾਂ ਆਪਣੀਆਂ ਭਾਵਨਾਵਾਂ ਨੂੰ ਅੰਦਰ ਦੇਖ ਕੇ ਘੋਖ ਕੇ ਜਾਂਚੋ, ਸਮਝਣ ਦੀ ਕੋਸ਼ਿਸ ਕਰੋ, ਇਹ ਭਾਵ ਕਿਥੋਂ ਪੈਦਾ ਹੁੰਦੇ ਹਨ ਇਨ੍ਹਾਂ ਦਾ ਸਰੋਤ ਕੀ ਹੈ?

ਛੇਵਾਂ ਵੱਡਾ ਸੰਵੇਗ ਭਾਵਨਾ ਹੈ ਹੰਕਾਰ ਦਾ। ਇਹ ਭਾਵ ਕਿ 'ਮੈਂ ਹਾਂ'। ਇਹ 'ਮੈਂ' ਜਿਹੜੀ ਤੁਸੀਂ ਰੋਜ਼ ਆਪਣੇ ਲਈ ਵਰਤਦੇ ਹੋ, ਇਹ ਤੁਹਾਡੇ ਜੀਵਨ ਦਾ ਧਉਰਾ ਬਣ ਜਾਂਦੀ ਹੈ, ਇਹ 'ਮੈਂ' ਤੁਹਾਡੇ ਜੀਵਨ ਦੀ ਚੇਤਨਾ ਦਾ ਆਧਾਰ ਬਣ ਜਾਂਦੀ ਹੈ। ਤੁਸੀਂ ਕਹਿੰਦੇ ਹੋ, ਮੈਂ ਇਹ ਕਰ ਰਿਹਾ ਹਾਂ, ਮੈਂ ਉਹ ਕਰ ਰਿਹਾ ਹਾਂ, ਮੈਂ ਇਹ ਨਹੀਂ ਕਰਨਾ ਚਾਹੁੰਦਾ, ਇਹ ਸਭ ਹੰਕਾਰ ਦੀ ਹੀ ਬੋਲੀ ਹੈ। ਤੁਸੀਂ ਆਪਣੀ ਮੈਂ ਦੀ ਦੀਵਾਰ ਆਪਣੇ ਚਾਰੋਂ ਪਾਸੇ ਬਣਾ ਲਈ ਹੈ, ਹੁਣ ਤੁਹਾਨੂੰ ਆਪ ਹੀ ਨਹੀਂ

ਪਤਾ ਇਸ ਚਾਰ ਦੀਵਾਰੀ ਵਿਚੋਂ ਕਿਵੇਂ ਬਾਹਰ ਨਿਕਲਿਆ ਜਾਵੇ ਤੇ ਸਤਿ ਨੂੰ ਕਿਵੇਂ ਜਾਨਿਆ ਜਾਵੇ, ਤੁਸੀਂ ਸਭ ਕੁਝ ਕਰਦੇ ਹੋ, ਤੁਸੀਂ ਸਾਰੇ ਹਥਿਆਰ ਆਪਣੇ ਆਪ ਨੂੰ ਬਚਾਉਣ ਲਈ ਵਰਤਦੇ ਹੋ, ਆਪਣੇ ਹੰਕਾਰ ਨੂੰ ਬਚਾਉਣ ਲਈ ਵਰਤਦੇ ਹੋ।

ਤੁਹਾਨੂੰ ਇਹ ਸਮਝਣ ਦੀ ਲੋੜ ਹੈ ਕਿ ਹੰਕਾਰ ਤੁਹਾਥੋਂ ਕੀ ਕਰਵਾਉਂਦਾ ਹੈ, ਇਹ ਭਾਵਨਾ 'ਮੈਂ ਹਾਂ' ਇਹ ਤੁਹਾਨੂੰ ਜੀਣ ਲਈ ਪ੍ਰੇਰਨਾ ਦਿੰਦੀ ਹੈ ਤੇ ਤੁਹਾਨੂੰ ਦਰਸਾਉਂਦੀ ਹੈ ਕਿ ਇਹ ਹੰਕਾਰ ਹੀ ਹੈ ਜਿਹੜਾ ਤੁਹਾਨੂੰ ਪ੍ਰਮਾਤਮਾ ਤੋਂ ਅਤੇ ਵਿਸ਼ਵ ਤੋਂ ਵਖਰਾ ਕਰਦਾ ਹੈ। ਤੁਹਾਡੇ ਅੰਦਰ ਹੰਕਾਰ ਹੈ ਤਾਂ ਹੀ ਤੁਹਾਡੀ ਵਖਰੀ ਹੋਂਦ ਹੈ। ਹੰਕਾਰ ਦੇ ਹੁੰਦਿਆਂ ਤੁਸੀਂ ਕਦੀ ਵੀ ਅਨੰਦ ਨਹੀਂ ਮਾਣ ਸਕਦੇ, ਹੰਕਾਰ ਕਦੀ ਵੀ ਤੁਹਾਨੂੰ ਆਪਾ ਨਹੀਂ ਸਮਰਪਣ ਕਰਨ ਦੇਵੇਗਾ। ਜਦੋਂ ਪਿਆਰ ਵਿਚ ਤੁਸੀਂ ਆਪਾ ਸਮਰਪਣ ਕਰਦੇ ਹੋ ਉਦੋਂ ਹੀ ਤੁਸੀਂ ਅਨੰਦ ਲੈ ਸਕਦੇ ਹੋ। ਹੰਕਾਰ ਤਾਂ ਤੁਹਾਡੀ ਸਖਸ਼ੀਅਤ ਨੂੰ ਬੰਦ ਕਰਕੇ ਰਖੇਗਾ, ਹੰਕਾਰ ਤੁਹਾਡੀ ਹੋਂਦ ਬਰਕਰਾਰ ਰੱਖ ਸਕਦਾ ਹੈ ਪਰ ਤੁਹਾਨੂੰ ਖੁਸ਼ੀ ਅਨੰਦ ਨਹੀਂ ਦੇ ਸਕਦਾ।

ਅਨੰਦ ਦੀ ਪ੍ਰਾਪਤੀ ਓਦੋਂ ਹੀ ਹੁੰਦੀ ਹੈ ਜਦੋਂ ਤੁਸੀਂ ਹੰਕਾਰ ਨੂੰ ਪੂਰੀ ਤਰ੍ਹਾਂ ਨਾਲ ਭੁੱਲ ਜਾਂਦੇ ਹੋ, ਜਦੋਂ ਹੰਕਾਰ ਦਾ ਅੰਸ਼ ਮਿਟ ਜਾਂਦਾ ਹੈ ਪਰ ਇਹ ਕਿਵੇਂ ਹੋ ਸਕਦਾ ਹੈ ਕਿ ਮੈਂ ਖਤਮ ਹੋ ਜਾਵੇ? ਮੈਂ ਮਿਟ ਜਾਵੇ? ਹੋਂਦ ਖਤਮ ਹੋ ਜਾਵੇ? ਇਹ ਹੋ ਹੀ ਨਹੀਂ ਸਕਦਾ, ਇਹ ਸੰਭਵ ਹੀ ਨਹੀਂ। ਸੋ ਕੀ ਕਰਨਾ ਚਾਹੀਦਾ ਹੈ? ਕਰਨਾ ਇਹ ਚਾਹੀਦਾ ਹੈ ਕਿ ਤੁਸੀਂ ਹੰਕਾਰ ਨੂੰ ਮਾਂਜੋ ਜਿਵੇਂ ਪਿੱਤਲ ਦੇ ਭਾਂਡੇ ਨੂੰ ਮਾਂਜ ਮਾਂਜ ਕੇ ਚਮਕਾਈਦਾ ਹੈ, ਉਸ ਨੂੰ ਸੁੱਕ ਮਾਂਜ ਕਰਕੇ ਲਸ਼ਕਾਈਦਾ ਹੈ ਇਸ ਤਰ੍ਹਾਂ ਉਸਨੂੰ ਰੋਜ਼ ਮਾਂਜੋ, ਰੋਜ਼ ਆਪਣੇ ਆਪ ਨੂੰ ਖਤਮ ਕਰਨ ਦੀ ਆਪਣੀ ਹੋਂਦ ਨੂੰ ਖਤਮ ਕਰਨ ਲਈ ਜੂਝਦੇ ਰਹੋ।

ਤੁਸੀਂ ਆਰਦਾਸ ਕਰਦੇ ਹੋ, ਤੁਸੀਂ ਪਿਆਰ ਕਰਦੇ ਹੋ, ਤੁਸੀਂ ਦੂਸਰਿਆਂ ਦੀ ਸੰਭਾਲ ਕਰਦੇ ਹੋ, ਮਿਤਰਤਾ ਕਰਦੇ ਹੋ, ਹੋਰ ਆਪਣੇ ਜੀਵਨ ਵਿਚ ਬਹੁਤ ਕੁਝ ਕਰਦੇ ਹੋ ਇਹ ਸਭ ਕੁਝ ਤੁਸੀਂ ਹੰਕਾਰ ਦੇ ਕਾਰਣ ਹੀ ਕਰਦੇ ਹੋ, ਤੁਸੀਂ ਸੋਚਦੇ ਹੋ ਤੁਸੀਂ ਆਪਣੇ ਪਤੀ ਨੂੰ ਪਿਆਰ ਕਰਦੇ ਹੋ, ਉਹ ਸੋਚਦਾ ਹੈ ਉਹ ਤੁਹਾਨੂੰ ਪਿਆਰ ਕਰਦਾ ਹੈ, ਵਾਸਤਵ ਵਿਚ ਤੁਸੀਂ ਸਾਰੇ ਆਪਣੇ ਆਪਣੇ ਹੰਕਾਰ ਨਾਲ ਪਿਆਰ ਕਰਦੇ ਹੋ, ਉਸ ਹੰਕਾਰ ਦੇ ਕਾਰਨ ਹੀ ਤੁਸੀਂ ਇਕ ਦੂਸਰੇ ਨੂੰ ਪਿਆਰ ਕਰਦੇ ਹੋ।

ਸੰਸਕ੍ਰਿਤ ਵਿਚ ਇਕ ਅਖਾਣ ਹੈ ਜਿਹੜਾ ਕੁਝ ਇਸ ਤਰ੍ਹਾਂ ਹੈ, ਤੁਸੀਂ ਆਪਣੀ ਪਤਨੀ ਨੂੰ, ਬੱਚਿਆਂ ਨੂੰ ਤੇ ਹੋਰਾਂ ਨੂੰ ਪਿਆਰ ਕਿਉਂ ਕਰਦੇ ਹੋ? ਇਹ ਤੁਸੀਂ ਕੇਵਲ ਆਪਣੇ ਲਈ ਹੀ ਕਰਦੇ ਹੋ, ਜੇ ਤੁਸੀਂ ਹੀ ਨਾ ਹੋਵੋ, ਜੇ ਤੁਹਾਡੀ ਹੋਂਦ ਹੀ ਨਾ ਹੋਵੇ, ਫੇਰ ਤੁਸੀਂ ਦੂਸਰਿਆਂ ਨਾਲ ਕਿਵੇਂ ਪਿਆਰ ਕਰੋਗੇ। ਜੇ ਤੁਸੀਂ ਉਨ੍ਹਾਂ ਦੀ ਆਤਮਾ ਨਾਲ ਪਿਆਰ ਕਰਦੇ ਹੋ, ਚੇਤਨਾ ਨਾਲ ਪਿਆਰ ਕਰਦੇ ਹੋ, ਉਹ ਗੱਲ ਵਖਰੀ ਹੈ ਉਹ ਬਹੁਤ ਉਚੀ ਗੱਲ ਹੈ, ਉਹ ਬਹੁਤ ਹੀ ਘੱਟ ਮਿਲਦੀ ਹੈ। ਆਮ ਤੌਰ ਤੇ ਤੁਸੀਂ ਉਨ੍ਹਾਂ ਨੂੰ ਆਪਣੇ ਹੰਕਾਰ ਕਰਕੇ ਹੀ ਪਿਆਰ ਕਰਦੇ ਹੋ।

ਬਹੁਤ ਵਾਰੀ ਤੁਸੀਂ ਜੋ ਕੁਝ ਵੀ ਕਰਦੇ ਹੋ ਤੁਸੀਂ ਉਹ ਹੀ ਕਰਮ ਕਰਨ ਲਈ ਨਹੀਂ ਕਰਦੇ, ਤੁਸੀਂ ਸੱਚਾ ਪਿਆਰ ਕਿਸੇ ਨੂੰ ਵੀ ਨਹੀਂ ਕਰਦੇ, ਪ੍ਰਮਾਤਮਾ ਨਾਲ ਵੀ ਨਹੀਂ ਕਰਦੇ। ਤੁਸੀਂ ਅਰਦਾਸ ਵੀ ਪੂਰੀ ਸ਼ਰਧਾ ਪ੍ਰੇਮ ਨਾਲ ਨਹੀਂ ਕਰਦੇ ਜੋ ਕੁਝ ਵੀ ਤੁਸੀਂ ਕਰਦੇ ਹੋ, ਉਹ ਤੁਹਾਡੇ ਹੰਕਾਰ ਦਾ ਹੀ ਪ੍ਰਗਟਾਵਾ ਹੁੰਦਾ ਹੈ। ਇਕ ਧਨੀ ਦਾ ਹੰਕਾਰ ਵਿਚ ਦਾਨ ਦੇਣਾ ਤੇ ਉਸ ਵਿਚ ਆਪਣੇ ਆਪ ਨੂੰ ਵੱਡਾ ਸਮਝਣਾ, ਵੱਡਾ ਧਨੀ ਅਖਵਾਉਣਾ। ਧਨੀ ਤਾਂ ਇਕ ਪੈਸਾ ਵੀ ਨਹੀਂ ਦੇਣਾ ਚਾਹੁੰਦਾ, ਉਹ ਤਾਂ ਲਾਲਚੀ ਹੈ ਪਰ ਉਹ ਆਪਣੇ ਹੰਕਾਰ ਦੀ ਪੂਰਤੀ ਕਰਨਾ ਚਾਹੁੰਦਾ ਹੈ। ਤੁਸੀਂ ਸਾਰੇ ਆਪਣੇ ਹੰਕਾਰ ਦੀ ਤ੍ਰਿਪਤੀ ਕਰਨਾ ਚਾਹੁੰਦੇ ਹੋ, ਹੰਕਾਰ ਹੀ ਸਭ ਤੋਂ ਵੱਧ ਸਭ ਤੋਂ ਉਚੀ ਕੰਧ ਹੈ ਜਿਹੜੀ ਤੁਸੀਂ ਆਪਣੇ ਦੁਆਲੇ ਵਲ ਲਈ ਹੈ, ਹੰਕਾਰ ਤੁਹਾਨੂੰ ਆਪਣੇ ਅੰਦਰ ਬੰਦ ਕਰ ਲੈਂਦਾ ਹੈ ਪਰ ਜੇ ਤੁਸੀਂ ਚਾਹੋ ਤੁਸੀਂ ਆਪਣੇ ਹੰਕਾਰ ਨੂੰ ਆਪਣੀ ego ਨੂੰ ਮਾਂਜ ਸਕਦੇ ਹੋ ਤੇ ਇਸ ਹੰਕਾਰ ਦੀ ਵਰਤੋਂ ਠੀਕ ਤਰੀਕੇ ਨਾਲ ਕਰ ਸਕਦੇ ਹੋ।

ਛੇ ਮਹੱਤਵਪੂਰਨ ਸੰਵੇਗ ਹਨ ਜਿਨ੍ਹਾਂ ਵਿਚੋਂ ਦੋ ਸਭ ਤੋਂ ਵੱਡੇ ਹਨ। ਕਾਮ ਤੇ ਹੰਕਾਰ, ਕਾਮ ਸਭ ਤੋਂ ਉਪਰ ਹੈ ਸਭ ਤੋਂ ਬਲਵਾਨ ਇੱਛਾ ਹੈ, ਹੰਕਾਰ ਹੈ, ਹੰਗਤਾ ਤੇ ਮਮਤਾ, ਮੈਂ ਹਾਂ, ਮੇਰੀ, ਮੈਂ ਤੇ ਮੇਰੀ ਇਹ ਹੰਕਾਰ ਹੈ, ਤੁਹਾਨੂੰ ਹੰਕਾਰ ਦੀ ਜੜ੍ਹ ਜਾਣ ਲੈਣੀ ਚਾਹੀਦੀ ਹੈ, ਤੁਹਾਨੂੰ ਇਹ ਜਾਨਣਾ ਚਾਹੀਦਾ ਹੈ ਕਿ ਤੁਸੀਂ ਇਸ ਤਰ੍ਹਾਂ ਦੇ ਕਿਵੇਂ ਬਣੇ, ਕੀ ਪ੍ਰਮਾਤਮਾ ਨੇ ਤੁਹਾਨੂੰ ਇਸ ਤਰ੍ਹਾਂ ਬਣਾਇਆ ਹੈ ਅਸੀਂ ਇਸ ਦੀ ਜੜ੍ਹ ਤਕ ਜਾਵਾਂਗੇ, ਇਸ ਦੀ ਫਿਲੌਸਫੀ ਨੂੰ ਦੇਖਾਂਗੇ, ਸਮਝਾਂਗੇ ਤੇ ਇਸ ਦੀ ਡੂੰਘਾਈ ਤਕ ਜਾਣ ਦੀ ਕੋਸ਼ਿਸ਼ ਕਰਾਂਗੇ।

ਜੇ ਤੁਸੀਂ ਸੋਚੋ ਕਿ ਤੁਸੀਂ ਕੌਣ ਹੋ, ਤੁਹਾਡਾ ਕੀ ਸੁਭਾਅ ਹੈ ਤੁਸੀਂ ਆਪਣੀ ਤੁਲਨਾ ਇਕ ਪਹੀਏ ਨਾਲ ਕਰ ਸਕਦੇ ਹੋ ਜੇ ਪਹੀਏ ਦੇ spokes ਨਾ ਹੋਣ ਤਾਂ ਪਹੀਆ ਘੁੰਮ ਨਹੀਂ ਸਕਦਾ। ਤਾਰਾਂ (spokes) ਨਾਲ ਵੀ ਪਹੀਆ ਆਪਣੇ ਆਪ ਨਹੀਂ ਘੁੰਮਦਾ, ਸਾਰਾ ਪਹੀਆ ਹੱਬ ਕਰਕੇ ਹੀ ਘੁੰਮਦਾ ਹੈ ਪਰ ਹੱਬ ਨਹੀਂ ਘੁੰਮਦਾ। ਜਿਹੜਾ ਸਾਰੇ ਪਹੀਏ ਨੂੰ ਘੁਮਾਉਂਦਾ ਹੈ ਪਰ ਆਪ ਨਹੀਂ ਘੁੰਮਦਾ, ਉਹ ਤਾਂ ਹਰਕਤ ਪੈਦਾ ਕਰਦਾ ਹੈ ਉਹ ਆਪ ਹਰਕਤ ਵਿਚ ਨਹੀਂ ਹੈ।

ਇਹ ਹੀ ਹਾਲ ਮਨੁੱਖਾਂ ਦਾ ਹੈ, ਮਨੁੱਖਾਂ ਵਿਚ ਚੇਤਨਾ ਇਕ ਬਿੰਦੂ ਹੈ, ਆਤਮਾ ਹੈ, ਉਹ ਨਹੀਂ ਹਿਲਦਾ, ਨਾ ਹੀ ਉਹ ਬਦਲਦਾ ਹੈ, ਨਾ ਹੀ ਉਹ ਖਤਮ ਹੁੰਦਾ ਹੈ। ਹੱਬ ਦੀ ਤਰ੍ਹਾਂ ਆਤਮਾ ਅਜਰ, ਅਮਰ, ਅਟੱਲ ਹੈ ਪਰ ਅਸੀਂ ਆਤਮਾ ਨਾਲ ਸੰਪਰਕ ਹੀ ਨਹੀਂ ਕਰਦੇ। ਇਸੇ ਕਰਕੇ ਅਸੀਂ ਡਰਦੇ ਹਾਂ, ਅਸੀਂ ਆਪਣੇ ਆਪ ਨੂੰ ਸੁਰਖਿਅਤ ਮਹਿਸੂਸ ਨਹੀਂ ਕਰਦੇ। ਅਸੀਂ ਤਾਂ ਆਪਣੀਆਂ ਭਾਵਨਾਵਾਂ ਵਿਚ ਉਲਝ ਜਾਂਦੇ ਹਾਂ, ਅਸੀਂ ਤਾਂ ਚੇਤਨਾ ਦੇ ਬਿੰਦੂ ਭਾਵ ਆਤਮਾ ਤਕ ਪਹੁੰਚਦੇ ਹੀ ਨਹੀਂ। ਵਾਸਤਵ ਵਿਚ ਇਸ ਬਿੰਦੂ ਤੋਂ, ਆਤਮਾ ਤੋਂ ਚੇਤਨਾ ਦਾ ਵਿਸਤਾਰ ਹੁੰਦਾ ਹੈ, ਵੱਖ ਵੱਖ ਭਾਗਾਂ ਨੂੰ ਇਥੋਂ ਹੀ ਚੇਤਨਾ ਜਾਂਦੀ ਹੈ। ਜਿਹੜੀ ਥੋੜ੍ਹੀ ਬਹੁਤ ਚੇਤਨਾ ਜਿਸ ਦਾ ਅਭਾਸ ਅਸੀਂ ਕਰਦੇ ਹਾਂ ਜਿਸਨੂੰ ਅਸੀਂ ਮਹਿਸੂਸ ਕਰਦੇ ਹਾਂ ਉਹ ਤਾਂ ਕੇਵਲ ਇਕ ਧੁੰਧਲਾ ਲਿਸ਼ਕਾਰਾ ਹੀ ਹੈ, ਉਹ ਤਾਂ ਧੁੰਦਲੀ ਚੇਤਨਾ ਹੀ ਹੈ।

ਜੇ ਤੁਸੀਂ ਬਲਬ ਜਲਾ ਕੇ ਉਤੇ ਬਹੁਤ ਸਾਰੇ ਕਪੜੇ ਪਾ ਦਿਓ ਤਾਂ ਉਸ ਬਲਬ ਦੀ ਰੋਸ਼ਨੀ ਬਹੁਤ ਹੀ ਮੱਧਮ ਹੋ ਜਾਵੇਗੀ, ਬਾਹਰੋਂ ਤੁਹਾਨੂੰ ਬਹੁਤ ਹੀ ਮੱਧਮ ਦਿਖਾਈ ਦੇਵੇਗੀ ਪਰ ਜੇ ਤੁਸੀਂ ਉਹ ਪੜਦੇ ਹਟਾ ਦਿਓਗੇ, ਚੁੱਕ ਦਿਓਗੇ ਤਾਂ ਉਹ ਰੋਸ਼ਨੀ ਉਹ ਚਾਨਣ ਵਧਦਾ ਹੀ ਜਾਏਗਾ ਇਹ ਚਾਨਣ ਹੀ ਸਤਿ ਹੈ। ਤੁਸੀਂ ਇਕ ਤਰ੍ਹਾਂ ਨਾਲ ਹੱਬ ਹੋ, ਪਹੀਏ ਦੇ ਅੰਦਰ ਲੱਗਾ ਹੱਬ, ਜਾਂ ਕਹਿ ਲਵੋ ਪੜਦਿਆਂ ਦੇ ਅੰਦਰ ਲੁਕੀ ਰੋਸ਼ਨੀ ਹੋ ਪਰ ਤੁਸੀਂ ਆਪਣੇ ਆਪ ਨੂੰ ਉਸ ਰੋਸ਼ਨੀ ਨਾਲ, ਉਸ ਚਾਨਣ ਨਾਲ ਆਪਣੀ ਸਾਂਝ ਪਾਉਂਦੇ ਹੀ ਨਹੀਂ, ਆਪਣੀ ਜਾਣਦੇ ਹੀ ਨਹੀਂ, ਤੁਸੀਂ ਤਾਂ ਪਹੀਏ ਦੀਆਂ ਤਾਰਾਂ (spokes) ਨਾਲ ਆਪਣੀ ਸਾਂਝੇ ਪਾਉਂਦੇ ਹੋ ਜਿਹੜਾ ਘੁੰਮਦਾ ਹੈ, ਜਿਹੜਾ ਬਦਲਦਾ ਹੈ।

ਜੇ ਅਸੀਂ ਪਹੀਏ ਦੀ ਮਿਸਾਲ ਨੂੰ ਅੱਗੇ ਲੈ ਕੇ ਚੱਲੀਏ ਉਸ ਲਈ ਇਹ ਸਮਝਣ ਦੀ ਲੋੜ ਹੈ ਕਿ ਮੰਨ ਲਓ ਕਿ ਚਾਰ spokes ਹਨ ਜਿਹੜੀਆਂ ਪਹੀਏ ਨਾਲ ਜੁੜੀਆਂ ਹੋਈਆਂ ਹਨ। ਇਕ ਹੈ ਮਨ, ਤੁਸੀਂ ਇਸ ਬਾਰੇ ਬਹੁਤ ਕੁਝ ਜਾਣਦੇ ਨਹੀਂ। ਮਨ ਤੁਹਾਡੇ ਸੋਚਣ ਦਾ ਕੇਵਲ ਇਕ ਸਾਧਨ ਹੈ, ਇਹ ਪ੍ਰਸ਼ਨ ਉਠਾਉਂਦਾ ਹੈ ਦੂੰਦ ਪੈਦਾ ਕਰਦਾ ਹੈ, ਮੈਂ ਇਹ ਕਰਾਂ ਨਾ ਕਰਾਂ, ਮੈਂ ਏਧਰ ਜਾਵਾਂ ਕਿ ਓਧਰ ਜਾਵਾਂ? ਕੀ ਚੀਜ਼ ਵਧੇਰੇ ਠੀਕ ਰਹੇਗੀ? ਮੈਂ ਬੋਲਾਂ ਕਿ ਨਾ ਬੋਲਾਂ। ਸਦਾ ਹੀ ਕੋਈ ਨਾ ਕੋਈ ਦੂੰਦ ਬਣਿਆ ਰਹਿੰਦਾ ਹੈ, ਇਹ ਹੀ ਮਨ ਦਾ ਕੰਮ ਹੈ। ਇਸ ਨੂੰ ਸੰਕਲਪ ਵਿਕਲਪ ਕਹਿੰਦੇ ਹਨ। ਕੇਵਲ ਇਕ ਹੀ ਸ਼ਕਤੀ ਹੈ ਜਿਹੜੀ ਤੁਹਾਡੇ ਅੰਦਰ ਬਾਹਰ ਕੰਮ ਕਰਦੀ ਹੈ ਉਹ ਹੈ 'ਮਨ'। ਮਨ ਦਾ ਹੀ ਇਹ ਇਕ ਗੁਣ ਹੈ ਕਿ ਉਹ ਤੁਹਾਡੇ ਅੰਦਰ ਵੀ ਕੰਮ ਕਰਦਾ ਹੈ, ਤੁਹਾਡੇ ਬਾਹਰ ਵੀ। ਇਸ ਤਰ੍ਹਾਂ ਅੰਦਰ ਬਾਹਰ ਕੰਮ ਕਰਨ ਲਈ ਉਹ ਦੱਸ ਕਰਮ ਇੰਦ੍ਰੀਆਂ ਤੋਂ ਕੰਮ ਲੈਂਦਾ ਹੈ। ਜਿਸ ਵੇਲੇ ਤੁਸੀਂ ਉਠਦੇ ਹੋ ਮਨ ਆਪਣਾ ਕੰਮ ਕਰਨ ਲਗ ਪੈਂਦਾ ਹੈ, ਤੁਸੀਂ ਉਠਦੇ ਹੋ ਕਹਿੰਦੇ ਹੋ, ਮੈਂ ਹੁਣ ਚਾਹ ਪੀ ਲਵਾਂ, ਤੁਸੀਂ ਰਸੋਈ ਵਿਚ ਜਾਂਦੇ ਹੋ, ਚਾਹ ਬਣਾਉਂਦੇ ਹੋ ਜਾਂ ਕਿਸੇ ਨੂੰ ਕਹਿੰਦੇ ਹੋ, ਚਾਹ ਬਣਾ ਦਿਓ।

ਮਨ ਦੀ ਸੀਮਾ ਹੈ ਮਨ ਨਿਰਣਾ ਨਹੀਂ ਲੈ ਸਕਦਾ। ਨਿਰਣਾ ਲੈਣ ਦੀ ਸ਼ਕਤੀ ਬੁੱਧੀ ਦੀ ਹੈ। ਬੁੱਧੀ ਹੀ ਭੇਦ ਦਸਦੀ ਹੈ, ਵਿਸ਼ੇਸ਼ਤਾ ਦਸਦੀ ਹੈ। ਬੁੱਧੀ ਦੇ ਤਿੰਨ ਗੁਣ ਹਨ ਪਹਿਲਾ ਅੰਤਰ ਦਸਣਾ, ਇਕ ਦਾ ਦੂਸਰੀ ਚੀਜ਼ ਨਾਲੋਂ ਭੇਦ ਦਸਣਾ, ਚੰਗਾ ਮਾੜਾ ਦੱਸਣਾ, ਇਕ ਦਾ ਦੂਸਰੇ ਨਾਲੋਂ ਕੀ ਫਰਕ ਹੈ, ਭੇਦ ਹੈ, ਦੂਸਰਾ ਗੁਣ ਹੈ ਨਿਸ਼ਚਿਤ ਕਰਨਾ। ਤੀਸਰਾ ਗੁਣ ਹੈ ਨਿਰਣਾ ਕਰਨਾ। ਇਸ ਤਰ੍ਹਾਂ ਨਾਲ ਬੁੱਧੀ ਦੇ ਤਿੰਨ ਗੁਣ ਹਨ, ਪਹਿਲਾ ਭੇਦ ਦਸਣਾ ਇਕ ਦਾ ਦੂਸਰੇ ਨਾਲ ਫਰਕ ਦੱਸਣਾ, ਦੂਸਰਾ ਨਿਸ਼ਚਿਤ ਕਰਨਾ ਤੀਸਰਾ ਨਿਰਣਾ ਕਰਨਾ।

ਮਨ ਦੀ ਇਕ ਤੀਸਰਾ ਯੋਗਤਾ ਹੈ ਜਿਸਨੂੰ ਚਿੱਤ ਕਹਿੰਦੇ ਹਨ। ਉਹ ਜਿਸ ਦੇ ਅੰਦਰ ਸਾਰਾ ਗਿਆਨ ਜਮ੍ਹਾਂ ਰਹਿੰਦਾ ਹੈ, ਜਿਸ ਦੇ ਅੰਦਰ ਯਾਦਾਸ਼ਤ ਹੈ। ਚਿੱਤ ਉਹ ਹੈ ਜਿਸ ਦੇ ਅੰਦਰ, ਅੰਤਰ ਦਾ ਗਿਆਨ ਵੀ ਹੈ ਤੇ ਬਾਹਰ ਦਾ ਗਿਆਨ ਵੀ ਚਿੱਤ ਲੈਂਦਾ ਹੈ।

ਮਨ ਦੀ ਚੌਥੀ ਯੋਗਤਾ ਹੈ, ਹੰਕਾਰ ਜਾਂ ਕਹਿ ਲਓ ਹੰਗਤਾ ਤੇ ਮਮਤਾ ਜਿਹੜੀ ਅਸੀਂ ਉਪਰ ਦੱਸ ਚੁੱਕੇ ਹਾਂ। ਸੋ ਇਸ ਜੀਵਨ ਦੇ ਪਹੀਏ ਵਿਚ ਚਾਰ ਪ੍ਰਮੁੱਖ ਤਾਰਾਂ ਹਨ ਜਿਹੜੀਆਂ ਪਹੀਏ ਨੂੰ ਚਲਾਉਂਦੀਆਂ ਹਨ ਤੁਹਾਨੂੰ ਉਨ੍ਹਾਂ ਬਾਰੇ ਚੰਗੀ ਤਰ੍ਹਾਂ ਜਾਣ ਲੈਣਾ ਚਾਹੀਦਾ ਹੈ ਉਨ੍ਹਾਂ ਦੀ ਪਛਾਣ ਕਰ ਲੈਣੀ ਚਾਹੀਦੀ ਹੈ ਤੇ ਉਨ੍ਹਾਂ ਦੇ ਵੱਖ ਵੱਖ ਕਾਰਜ ਵੀ ਸਮਝ ਲੈਣੇ ਚਾਹੀਦੇ ਹਨ ਇਹ ਵੀ ਸਮਝ ਲੈਣਾ ਚਾਹੀਦਾ ਹੈ ਕਿ ਉਹ ਤੁਹਾਡੇ ਜੀਵਨ ਨੂੰ ਕਿਵੇਂ ਪ੍ਰਭਾਵਿਤ ਕਰਦੇ ਹਨ। ਤੁਸੀਂ ਇਹ ਵੀ ਜਾਣਦੇ ਹੋ ਕਿ ਹੱਬ ਵੀ ਹੈ ਜੀਵਨ ਦਾ ਮਨੁੱਖ ਦਾ ਉਹ ਹੱਬ ਹੈ ਆਤਮਾ ਚੇਤਨਾ ਬਿੰਦੂ।

ਮਨ ਦੀਆਂ ਛੋਟੀਆਂ ਸ਼ਕਤੀਆਂ ਵਿਚ ਹਨ – ਮਨ ਤੇ ਹੰਕਾਰ। ਜਦੋਂ ਤੁਸੀਂ ਕੁਝ ਕਰਨਾ ਚਾਹੁੰਦੇ ਹੋ, ਚਿੰਤਾ ਵਿਚ ਹੋ ਤੇ ਸੋਚਦੇ ਹੋ ਕਿ ਕੀ ਇਹ ਮੈਂ ਕਰ ਸਕਾਂਗਾ? ਇਸ ਤਰ੍ਹਾਂ ਤੁਹਾਡਾ ਮਨ ਤੁਹਾਨੂੰ ਅਸ਼ਾਂਤ ਕਰਦਾ ਹੈ, ਤੁਹਾਡੇ ਅੰਦਰ ਦੂੰਦ ਪੈਦਾ ਕਰਦਾ ਹੈ, ਤੁਹਾਡੇ ਅੰਦਰ ਪ੍ਰਸ਼ਨ ਉਠਦੇ ਹਨ ਪਰ ਜੇ ਸ਼ਾਂਤ ਹੋ ਕੇ ਤੁਸੀਂ ਬੁੱਧੀ ਨੂੰ ਪੁਛੋ, ਤੁਸੀਂ ਠੀਕ ਨਿਰਣੇ ਤੇ ਪਹੁੰਚ ਸਕਦੇ ਹੋ। ਤੁਹਾਡੇ ਸਭ ਦੇ ਅੰਦਰ ਇਹ ਗੁਣ ਹਨ। ਇਨ੍ਹਾਂ ਦੋ ਗੁਣਾਂ ਨੂੰ ਸੋਧਣ ਤੇ ਆਪਾ ਚੀਨਣ ਦਾ ਇਕ ਤਰੀਕਾ ਹੈ ਆਪਣੇ ਆਪ ਨੂੰ ਸੁਝਾ ਦੇਣੇ, ਆਪਣੇ ਆਪ ਨੂੰ ਸਲਾਹ ਦੇਣੀ।

ਤੁਸੀਂ ਆਪਣੇ ਆਪ ਨੂੰ ਕਿਵੇਂ ਸਲਾਹ ਦੇ ਸਕਦੇ ਹੋ? ਤੁਸੀਂ ਰੋਜ਼ ਰੋਜ਼ ਆਪਣੀ ਸਮੱਸਿਆ ਲੈ ਕੇ ਕਿਤੇ ਬਾਹਰ ਤਾਂ ਜਾ ਨਹੀਂ ਸਕਦੇ। ਕਿਸੇ ਨੂੰ ਰੋਜ਼ ਰੋਜ਼ ਤਾਂ ਪੁੱਛ ਨਹੀਂ ਸਕਦੇ, ਕਿਸੇ ਦੂਸਰੇ ਦੀ ਸਲਾਹ ਤਾਂ ਲੈ ਨਹੀਂ ਸਕਦੇ। ਪਹਿਲਾਂ ਆਪਣੇ ਆਪ ਨੂੰ ਦੇਖੋ ਜਾਂਚੋ, ਆਪਣੇ ਆਪ ਨੂੰ ਸਮਝੋ। ਸਭ ਤੋਂ ਪਹਿਲਾ ਪ੍ਰਸ਼ਨ ਹੈ, ਕੀ ਮੇਰੀ ਪਹਿਲੀ ਸੋਚ ਠੀਕ ਹੈ ਕਿ ਨਹੀਂ? ਕੀ ਇਹ ਸਾਫ ਹੈ ਕਿ ਧੁੰਦਲੀ ਹੈ ਭਾਵ ਕੀ ਮੈਂ ਇਸ ਬਾਰੇ ਸਪਸ਼ਟ ਹਾਂ ਕਿ ਮੇਰੇ ਮਨ ਦੇ ਅੰਦਰ ਦੁਬਿਧਾ ਹੈ। ਬਹੁਤ ਵਾਰੀ ਤੁਹਾਡੀ ਪਹਿਲੀ ਸੋਚ ਠੀਕ ਹੁੰਦੀ ਹੈ। ਜੇ ਤੁਸੀਂ ਉਸ ਦੇ ਪਿਛੇ ਲਗ ਜਾਓ, ਤੁਸੀਂ ਸਫਲ ਹੋ ਜਾਂਦੇ ਹੋ, ਕਈ ਵਾਰੀ ਜਦੋਂ ਤੁਸੀਂ ਦੁਬਾਰਾ ਸੋਚਦੇ ਹੋ ਤੇ ਉਸ ਦੇ ਅਨੁਸਾਰ ਕਰਮ ਕਰਦੇ ਹੋ ਤਾਂ ਤੁਸੀਂ ਸਫਲ ਹੁੰਦੇ ਹੋ। ਤੁਸੀਂ ਆਪਣਾ ਇਹ ਜਾਣੋ ਕਿ ਤੁਹਾਡੀ ਪਹਿਲੀ ਸੋਚ ਠੀਕ ਹੁੰਦੀ ਹੈ ਜਾਂ ਹੋਰ ਵਿਚਾਰ ਕਰਕੇ ਦੂਸਰੀ ਜਾਂ ਤੀਸਰੀ ਸੋਚ। ਸਭ ਤੋਂ ਪਹਿਲਾਂ ਤੁਸੀਂ ਆਪਣੇ ਬਾਰੇ ਇਹ ਜਾਣੋ ਇਹ ਚੰਗੀ ਤਰ੍ਹਾਂ ਸਮਝੋ। ਇਸ ਲਈ ਤੁਸੀਂ ਆਪਣੇ ਦਿਮਾਗ ਨੂੰ ਦੇਖੋ, ਜਾਂਚੋ ਕਿ ਉਹ ਕਿਵੇਂ ਕੰਮ ਕਰਦਾ ਹੈ ਤੇ ਨਾਲ ਹੀ ਆਪਣੇ ਆਪ ਨੂੰ ਸਲਾਹ ਦਿਓ, ਦੇਖੋ ਕਦੋਂ ਤੁਹਾਨੂੰ ਆਪਣੇ ਦਿਮਾਗ ਨੂੰ ਸਲਾਹ ਦੇਣੀ ਚਾਹੀਦੀ ਹੈ। ਤੁਸੀਂ ਦੇਖੋ ਕਿ ਤੁਹਾਨੂੰ ਦਿਮਾਗ ਦੀ ਗੱਲ ਕਦੋਂ ਮੰਨਣੀ ਚਾਹੀਦੀ ਹੈ ਜਦੋਂ ਤੁਸੀਂ ਇਹ ਜਾਣ ਜਾਂਦੇ ਹੋ, ਇਹ ਤੁਹਾਡੇ ਲਈ ਬਹੁਤ ਹੀ ਲਾਭਦਾਇਕ ਹੋਵੇਗਾ।

ਬਹੁਤ ਵਾਰੀ ਤੁਹਾਨੂੰ ਆਪਣੀ ਦੁਬਿਧਾ ਤੇ ਦੁਬਿਧਾ ਹੋਣੀ ਚਾਹੀਦੀ ਹੈ, ਤੁਹਾਨੂੰ ਇਸ ਗੱਲ ਤੇ ਸ਼ੱਕ ਹੋਣਾ ਚਾਹੀਦਾ ਹੈ ਕਿ ਦੂਸਰਾ ਠੀਕ ਹੈ ਕਿ ਨਹੀਂ, ਦੂਸਰਾ ਚੰਗਾ ਹੈ ਕਿ ਨਹੀਂ, ਆਪਣੇ ਤੋਂ ਬਾਹਰ ਦੇਖੋ, ਵਿਸ਼ਲੇਸ਼ਣ ਕਰੋ, ਦੂਸਰੇ ਨੂੰ ਜਾਣੋ ਪਹਿਚਾਣੋ। ਆਪਣੇ ਵਿਚਾਰਾਂ ਨੂੰ ਜਾਂਚੋ, ਆਪਣੇ ਆਪ ਨੂੰ ਪੁਛੋ, ਆਪਣੀ ਦੁਬਿਧਾ ਤੇ ਸ਼ੱਕ ਕਰੋ, ਇਸ ਤਰ੍ਹਾਂ ਕਰਨ ਨਾਲ ਸਾਰੀ ਸਮੱਸਿਆ ਹੀ ਦੂਰ ਹੋ ਜਾਂਦੀ ਹੈ। ਦੂਸਰਾ ਬੰਦਾ ਚੰਗਾ ਬੰਦਾ ਹੈ ਜਿਸ ਤਰ੍ਹਾਂ ਨਾਲ ਤੁਸੀਂ ਦੂਸਰੇ ਦੇ ਅੰਦਰ ਨਕਾਰਾਤਮਕ ਗੁਣ ਦੇਖਦੇ ਹੋ, ਉਸੇ ਤਰ੍ਹਾਂ ਉਸ ਦੇ ਸਕਾਰਾਤਮਕ ਗੁਣ ਵੀ ਦੇਖੋ, ਉਸ ਦੇ ਦੋਨੋਂ ਗੁਣ ਨਕਾਰਤਮਕ, ਸਕਾਰਤਮਕ ਸਾਮ੍ਹਣੇ ਰੱਖੋ। ਤੁਸੀਂ ਆਪਣੇ ਅੰਦਰ ਕਿਹੋ ਜਿਹੇ ਵਿਚਾਰ ਕਿਹੋ ਜਿਹੀਆਂ ਮਨੋਬਿਰਤੀਆਂ ਪੈਦਾ ਕਰਨਾ ਚਾਹੁੰਦੇ ਹੋ? ਤੁਹਾਡੇ ਅੰਦਰ ਤਿੰਨ ਸਖਸ਼ੀਅਤਾਂ ਹਨ ਦੈਵੀ, ਰੂਹਾਨੀ, ਜਿਸ ਦਾ ਚਿੰਨ ਹੈ ਪਿਆਰ। ਦੂਸਰਾ ਹੈ ਮਨੁੱਖ, ਤੁਹਾਡੇ ਅੰਦਰ ਦਾ ਮਨੁੱਖ। ਤੀਸਰਾ ਹੈ ਤੁਹਾਡੇ ਅੰਦਰ ਦਾ ਪਸ਼ੂ। ਇਹ ਹੁਣ ਤੁਹਾਡਾ ਆਪਣਾ ਫੈਸਲਾ ਹੈ ਕਿ ਤੁਸੀਂ ਕਿਸ ਨੂੰ ਅੱਗੇ ਵਧਾਉਣਾ ਚਾਹੁੰਦੇ ਹੋ। ਇਸ ਦਾ ਨਿਰਣਾ ਤੁਹਾਡੇ ਹੱਥ ਹੈ।

ਤੁਹਾਡੀ ਸਿਖਿਆ, ਤੁਹਾਡੇ ਵਾਤਾਵਰਣ, ਤੁਹਾਡਾ ਪਰਿਵਾਰ, ਪਰਵਾਰਿਕ ਸਬੰਧ ਇਹ ਸਭ ਕੁਝ ਤੁਹਾਡੀਆਂ ਭਾਵਨਾਵਾਂ ਦੇ ਵਿਕਾਸ ਵਿਚ ਤੁਹਾਡੇ ਸੰਵੇਗਕ ਵਿਕਾਸ ਤੇ ਪ੍ਰਭਾਵ ਪਾਉਂਦੇ ਹਨ। ਜੀਵਨ ਮਨੋਰਥ ਜਾਣ ਲੈਣ ਨਾਲ ਬਹੁਤ ਖੁਸ਼ੀ ਪ੍ਰਾਪਤ ਹੁੰਦੀ ਹੈ। ਤੁਹਾਨੂੰ ਇਹ ਵੀ ਜਾਣ ਲੈਣਾ ਚਾਹੀਦੀ ਹੈ ਕਿ ਹੋਰ ਕਿਹੜੀ ਚੀਜ਼ ਤੁਹਾਨੂੰ ਖੁਸ਼ੀ ਦੇ ਸਕਦੀ ਹੈ, ਕਿਹੜੀ ਗੱਲ ਤੁਹਾਨੂੰ ਭਾਵਾਤਮਕ ਪੱਖੋਂ ਸੰਤੁਲਨ ਦੇ ਸਕਦੀ ਹੈ। ਆਪਣੇ ਆਪ ਨਾਲ ਗੱਲਬਾਤ ਹੈ। ਜੇ ਇਹੋ ਸਲਾਹ ਤਰੀਕੇ ਨਾਲ ਦਿਤੀ ਜਾਵੇ, ਸੁਚੇਤ ਮਨ ਨਾਲ ਦਿਤੀ ਜਾਵੇ ਇਹ ਬਹੁਤ ਚੰਗੀ ਤੇ ਸ਼ਕਤੀਸ਼ਾਲੀ ਸਿੱਧ ਹੋ ਸਕਦੀ ਹੈ। ਤੁਸੀਂ ਸਾਰੇ ਸੋਚਦੇ ਹੋ ਕਿ ਤੁਹਾਨੂੰ ਚਿਕਿਤਸਕ ਦੀ ਲੋੜ ਹੈ ਪਰ ਤੁਸੀਂ ਆਪਣੇ ਆਪ ਨੂੰ ਸਲਾਹ ਦੇਣੀ ਸਿੱਖ ਸਕਦੇ ਹੋ, ਅਧਿਆਤਮਕ ਗੁਰੂ ਦਾ ਇਕ ਮੰਤਵ ਇਹ ਵੀ ਹੁੰਦਾ ਹੈ। ਜਿਹੜੇ ਗੁਰੂ ਅੰਦਰ ਸਲਾਹ ਦੇਣੀ ਜਾਣਦੇ ਹਨ ਉਹ ਪਹਿਲਾਂ ਆਪਾ ਸੋਧਦੇ ਹਨ, ਆਪਾ ਸੋਧਣ ਤੋਂ ਬਾਅਦ ਦੂਸਰਿਆਂ ਦੀ ਸਹਾਇਤਾ ਕਰਦੇ ਹਨ, ਦੂਸਰਿਆਂ ਨੂੰ ਆਪਾ ਸੋਧਣਾ ਸਿਖਾਉਂਦੇ ਹਨ।

ਜੇ ਤੁਸੀਂ ਆਪਣੇ ਮਨ ਨੂੰ ਸੋਧ ਲਵੋ, ਹੰਕਾਰ ਨੂੰ ਸੋਧ ਕੇ ਚਿੱਤ ਦੇ ਪਾਸੇ ਮੋੜ ਦਿਓ, ਮਨ ਨੂੰ ਬੁੱਧੀ ਦੇ ਪਾਸੇ ਮੋੜ ਦਿਓ, ਤੁਸੀਂ ਸਮਝੋ ਕਿ ਤੁਸੀਂ ਜੀਵਨ ਵਿਚ ਕੁਝ ਪ੍ਰਾਪਤੀ ਕਰ ਲਈ ਹੈ। ਕਦੀ ਵੀ ਕੁਝ ਨਾ ਕਰੋ, ਜਦੋਂ ਤਕ ਤੁਹਾਡੀ ਬੁੱਧੀ ਕਰਨ ਲਈ ਆਗਿਆ ਨਾ ਦੇ ਦੇਵੇ। ਤੁਹਾਨੂੰ ਆਪਣੇ ਅੰਦਰ ਪ੍ਰਯੋਗ ਕਰਨੇ ਪੈਣਗੇ। ਤੁਹਾਨੂੰ ਆਪਣੀ ਬੁੱਧੀ ਨੂੰ ਸਿਖਿਆ ਦੇਣੀ ਪਵੇਗੀ, ਬੁੱਧੀ ਨੂੰ ਸਿਖਾਉਣਾ ਪਵੇਗਾ ਕਿ ਤੁਹਾਨੂੰ ਠੀਕ ਤੇ ਸਹੀ ਨਿਰਣਾ ਦੇਵੇ। ਤੁਹਾਨੂੰ ਆਪਣੇ ਮਨ ਨੂੰ ਵੀ ਸੋਧਣਾ ਪਵੇਗਾ ਕਿ ਉਹ ਬੁੱਧੀ ਦੀ ਸਲਾਹ ਨੂੰ ਮੰਨੇ। ਬੁੱਧੀ ਦਾ ਸੁਭਾਅ ਸਾਫ ਹੈ, ਬੁੱਧੀ ਬਹੁਤ ਸਹਾਇਕ ਹੁੰਦੀ ਹੈ ਪਰ ਬਹੁਤ ਵਾਰੀ ਤੁਸੀਂ ਬੁੱਧੀ ਦੀ ਗੱਲ ਮੰਨਣਾ ਹੀ ਨਹੀਂ ਚਾਹੁੰਦੇ। ਤੁਹਾਨੂੰ ਇਸ ਤਰ੍ਹਾਂ ਲਗਣ ਲਗ ਜਾਂਦਾ ਹੈ ਕਿ ਤੁਹਾਡੇ ਕੋਲੋਂ ਕੁਝ ਖੋਹਿਆ ਜਾ ਰਿਹਾ ਹੈ, ਤੁਸੀਂ ਉਸ ਨੂੰ ਵਾਪਸ ਲੈਣਾ ਚਾਹੁੰਦੇ ਹੋ, ਤੁਹਾਨੂੰ ਪਤਾ ਹੈ ਕਿ ਇਹ ਗਲਤ ਹੈ ਪਰ ਫੇਰ ਵੀ ਤੁਸੀਂ ਕਰਨਾ ਚਾਹੁੰਦੇ ਹੋ। ਇਹ ਤੁਹਾਡੀ ਮਾਨਸਿਕ ਆਦਤ ਹੈ, ਤੁਹਾਡਾ ਸੁਭਾਅ ਬਣ ਗਿਆ ਹੈ। ਸੋ ਤੁਹਾਨੂੰ ਆਪਣੇ ਮਨ ਤੇ ਹੰਕਾਰ ਦੋਨਾਂ ਨੂੰ ਹੀ ਸੋਧਣਾ ਚਾਹੀਦਾ ਹੈ। ਇਸ ਸਾਰੇ ਤਰੀਕੇ ਨੂੰ ਅਸੀਂ ਹੰਕਾਰ ਨੂੰ ਮਾਂਜਣਾ ਕਹਿੰਦੇ ਹਾਂ।

ਆਓ ਹੁਣ ਅਸੀਂ ਇਹ ਦੇਖੀਏ ਕਿ ਨਕਾਰਾਤਮਕ ਸੰਵੇਗ ਪੈਦਾ ਹੀ ਕਿਵੇਂ ਹੁੰਦੇ ਹਨ। ਜਿਵੇਂ ਕਿ ਅਸੀਂ ਉਪਰ ਦਸ ਆਏ ਹਾਂ ਕਿ ਪੰਜ ਪ੍ਰਮੁੱਖ ਸੰਵੇਗ ਹਨ - ਕਾਮ, ਕ੍ਰੋਧ, ਲੋਭ, ਮੋਹ, ਹੰਕਾਰ। ਪ੍ਰਸ਼ਨ ਉਠਦਾ ਹੈ ਕਿ ਇਹ ਪੰਜ ਕਿਥੋਂ ਪੈਦਾ ਹੁੰਦੇ ਹਨ? ਕਿਤੋਂ ਤਾਂ ਆਉਂਦੇ ਹੀ ਹੋਣਗੇ ਇਹ। ਤੁਹਾਡਾ ਅੰਦਰ ਤੁਹਾਡੇ ਰੂਹਾਨੀ ਸੁਭਾਅ ਦਾ ਹਿਸਾ ਤਾਂ ਹੈ ਨਹੀਂ। ਇਹ ਬਹੁਤ ਪ੍ਰਮੁੱਖ ਵਿਸ਼ਾ ਹੈ। ਇਨ੍ਹਾਂ ਦਾ ਬੀਜ ਚਾਰ ਪੁਰਾਤਨ ਸੋਮਿਆਂ ਵਿਚ ਹੈ, ਜੇ ਤੁਸੀਂ ਇਸਨੂੰ ਜਾਣ ਲਵੋ,

ਇਹ ਜੀਵਨ ਦੇ ਹਰ ਪੱਧਰ ਤੇ ਹਰ ਪਾਸੇ ਸਹਾਇਕ ਹੋਣਗੇ।

ਇਹ ਪੁਰਾਤਨ ਸੋਮੇ ਕੀ ਹਨ? ਇਹ ਹਨ ਖਾਣਾ, ਕਾਮ, ਸੌਣਾ ਤੇ ਆਪੇ ਨੂੰ ਬਚਾਉਣਾ, ਇਹ ਸਾਰਿਆਂ ਵਿਚ ਹਨ ਜੋ ਕੋਈ ਇਸ ਧਰਤੀ ਤੇ ਰਹਿੰਦਾ ਹੈ ਉਨ੍ਹਾਂ ਸਾਰਿਆਂ ਵਿਚ ਇਹ ਲੋੜਾਂ ਬਣੀਆਂ ਹੋਈਆਂ ਹਨ। ਜਿਥੋਂ ਤਕ ਇਨ੍ਹਾਂ ਚਾਰਾਂ ਦਾ ਸਵਾਲ ਹੈ, ਮਨੁੱਖ ਵਿਚ ਤੇ ਪਸ਼ੂਆਂ ਵਿਚ ਕੋਈ ਬਹੁਤਾ ਅੰਤਰ ਨਹੀਂ ਹੈ। ਜੇ ਚਾਹੋ ਤਾਂ ਕਦੀ ਤੁਸੀਂ ਆਪਣੇ ਕੁੱਤੇ ਨੂੰ ਆਪਣੇ ਸਾਮ੍ਹਣੇ ਬਿਠਾ ਕੇ ਦੇਖੋ। ਤੁਸੀਂ ਮਹਿਸੂਸ ਕਰੋਗੇ ਕਿ ਉਹ ਕਈ ਗੱਲਾਂ ਵਿਚ ਤੁਹਾਡੇ ਨਾਲੋਂ ਚੰਗਾ ਹੈ। ਜੇ ਕੁੱਤੇ ਨੂੰ ਇਹ ਸਿਖਾਇਆ ਜਾਵੇ ਕਿ ਉਸ ਨੇ ਬਿਸਕੁਟ ਨਹੀਂ ਖਾਣਾ ਉਹ ਨਹੀਂ ਖਾਏਗਾ, ਛੱਡ ਕੇ ਚਲਾ ਜਾਏਗਾ ਪਰ ਤੁਹਾਡੇ ਅੰਦਰ ਇਹ ਕੰਟਰੋਲ ਨਹੀਂ ਹੈ, ਤੁਸੀਂ ਤਾਂ ਹਰ ਸਮੇਂ ਖਾਣ ਨੂੰ ਤਿਆਰ ਰਹਿੰਦੇ ਹੋ।

ਇਹ ਚਾਰ ਮੂਲ ਆਧਾਰ ਹੀ ਸਾਰੇ ਸੰਵੇਗਾਂ ਦੇ ਸਰੋਤ ਹਨ। ਜੇ ਤੁਹਾਡਾ ਖਾਣਾ ਪੀਣਾ ਠੀਕ ਨਹੀਂ, ਤੁਸੀਂ ਪੌਸ਼ਟਿਕ ਸੰਤੁਲਨ ਆਹਾਰ ਨਹੀਂ ਖਾ ਰਹੇ ਤੇ ਤੁਸੀਂ ਸਕਾਰਾਤਮਕ ਭਾਵਨਾਵਾਂ ਕਿਥੋਂ ਪੈਦਾ ਕਰ ਸਕਦੇ ਹੋ? ਜੇ ਤੁਸੀਂ ਊਟ ਪਟਾਂਗ ਜਿਸਨੂੰ ਅਜਕਲ ਜੰਕ ਫੂਡ (ਭ੍ਰਿਸ਼ਟ ਖਾਣਾ) junk food ਕਹਿੰਦੇ ਹਨ ਉਹ ਖਾ ਰਹੇ ਹੋ ਉਸ ਨਾਲ ਤੁਹਾਡਾ ਮਿਹਦਾ ਖਰਾਬ ਹੋਵੇਗਾ ਤੇ ਹੋਰ ਬਹੁਤ ਸਾਰੇ ਮਾੜੇ ਅਸਰ ਤੁਹਾਡੇ ਸਰੀਰ ਤੇ ਹੋਣਗੇ। ਇਹ ਕਿਹਾ ਜਾਂਦਾ ਹੈ 'ਜੇਹਾ ਅਨ ਤੇਹਾ ਮਨ' ਇਸ ਤਰ੍ਹਾਂ ਖਾ ਕੇ ਮਨ ਵੀ ਠੀਕ ਨਹੀਂ ਰਹਿ ਸਕਦਾ, ਤੁਸੀਂ ਸਕਾਰਾਤਮਕ ਨਹੀਂ ਹੋ ਸਕਦੇ, ਤੁਸੀਂ ਸਿਰਜਨਾਤਮਕ ਨਹੀਂ ਹੋ ਸਕਦੇ। ਅਸੀਂ ਇਥੇ ਅਜੇ ਸ਼ਾਕਾਹਾਰੀ ਹੋਣ ਦੀ ਸਿਫਾਰਸ਼ ਨਹੀਂ ਕਰ ਰਹੇ ਉਸ ਦੇ ਬਾਰੇ ਮੈਂ ਤੁਹਾਨੂੰ ਉਦਾਹਰਣ ਦੇ ਕੇ ਦਸਦਾ ਹਾਂ। ਜੇ ਤੁਸੀਂ ਸਿਰਜਨਾਤਮਕ ਭਾਵਨਾਵਾਂ ਦੀ ਗੱਲ ਕਰਦੇ ਹੋ ਉਸ ਲਈ ਤੁਹਾਨੂੰ ਇਹ ਸਮਝਣਾ ਪਵੇਗਾ ਕਿ ਜੇ ਤੁਸੀਂ ਮਾਸ ਖਾ ਕੇ ਹੱਡੀ ਜਾਂ ਮਾਸ ਦਾ ਟੁੱਕੜਾ ਧਰਤੀ ਤੇ ਸੁਟਦੇ ਹੋ, ਉਸ ਵਿਚੋਂ ਕੁਝ ਪੈਦਾ ਨਹੀਂ ਹੁੰਦਾ, ਉਸ ਨੂੰ ਕੀੜੇ ਚਿੰਬੜਨਗੇ, ਬੈਕਟੀਰੀਆ ਪੈਦਾ ਹੋਵੇਗਾ। ਮਾਸ ਦਾ ਟੁਕੜਾ ਜੀਵਨ ਰਹਿਤ ਹੈ, ਉਸ ਵਿਚ ਕੋਈ ਜੀਵਨ ਨਹੀਂ ਹੈ। ਜੇ ਤੁਸੀਂ ਕੋਈ ਦਾਣਾ ਸੁਟੋਗੇ, ਕੋਈ ਸਬਜ਼ੀ ਸੁਟੋਗੇ ਉਸ ਵਿਚੋਂ ਕੁਝ ਫੁੱਟੇਗਾ, ਕੁਝ ਨਿਕਲੇਗਾ, ਕੋਈ ਬੂਟਾ ਉਗ ਸਕਦਾ ਹੈ। ਸੋ ਇਨ੍ਹਾਂ ਦੋ ਚੀਜ਼ਾਂ ਦੇ ਗੁਣ ਵਖਰੇ ਹਨ। ਇਸ ਬਾਰੇ ਤੁਹਾਨੂੰ ਚੰਗੀ ਤਰ੍ਹਾਂ ਸੋਚ ਲੈਣਾ ਚਾਹੀਦਾ ਹੈ।

ਜਿਵੇਂ ਤੁਹਾਡਾ ਖਾਣਾ ਪੀਣਾ ਜੇ ਸੰਤੁਲਨ ਵਿਚ ਨਾ ਹੋਵੇ, ਤੁਹਾਡੇ ਭਾਵ ਸੰਵੇਗ ਬੜੀ ਹੀ ਤਬਾਹੀ ਕਰ ਸਕਦੇ ਹਨ। ਇਸੇ ਤਰ੍ਹਾਂ ਕਾਮ ਤੁਹਾਡੇ ਜੀਵਨ, ਤੁਹਾਡੇ ਸੰਵੇਗਕ ਜੀਵਨ ਵਿਚ ਬਹੁਤ ਪ੍ਰਮੁੱਖ ਭੂਮਿਕਾ ਨਿਭਾਉਂਦਾ ਹੈ। ਜੇ ਕਾਮ ਦੀ ਕਿਰਿਆ ਨੂੰ ਨਾ ਸਮਝਿਆ ਜਾਵੇ ਤਾਂ ਵੀ ਸੰਤੁਲਨ ਵਿਗੜ ਜਾਂਦਾ ਹੈ, ਕਾਮ ਦੀਆਂ ਸ਼ਕਤੀਆਂ ਬਹੁਤ ਹੀ ਗੁੱਝੀਆਂ ਹਨ। ਮੈਂ ਆਪਣੇ ਜੀਵਨ ਵਿਚ ਦੇਖਿਆ ਹੈ 99% ਲੋਕ ਕਾਮ ਦੇ ਪ੍ਰਭਾਵ ਥੱਲੇ ਹੀ ਹਨ। ਤੁਹਾਨੂੰ ਕਾਮ ਤੇ ਖਾਣ ਪੀਣ ਭਾਵ ਭੁੱਖ ਤੇ ਕਾਮ ਵਿਚ ਅੰਤਰ ਜਾਨਣਾ ਚਾਹੀਦਾ ਹੈ। ਤੁਹਾਨੂੰ ਰੋਟੀ ਖਾਣੀ ਚਾਹੀਦੀ ਹੈ, ਭੁੱਖੇ ਨਹੀਂ ਰਹਿਣਾ ਚਾਹੀਦਾ, ਆਪਣੀ ਸਿਹਤ ਦਾ ਧਿਆਨ ਰੱਖਣਾ ਚਾਹੀਦਾ ਹੈ। ਜੇ ਤੁਸੀਂ ਕੁਝ ਦਿਨ ਖਾਓਗੇ ਨਹੀਂ, ਕਮਜ਼ੋਰ ਹੋ ਜਾਓਗੇ, ਤੁਹਾਡੀਆਂ ਦੂਸਰੀਆਂ ਬਿਰਤੀਆਂ ਵੀ ਕਮਜ਼ੋਰ ਹੋ ਜਾਣਗੀਆਂ ਤੇ ਉਸ ਦਾ ਅਸਰ ਤੁਹਾਡੇ ਸਰੀਰ ਤੇ, ਮਨ ਤੇ ਪੈਂਦਾ ਹੈ। ਸਰੀਰ ਦੀਆਂ ਜ਼ਰੂਰਤਾਂ ਬਹੁਤ ਜ਼ਰੂਰੀ ਹਨ। ਸਭ ਤੋਂ ਪ੍ਰਮੁੱਖ ਇੱਛਾ ਤੁਹਾਡੀ ਖਾਣ ਦੀ ਇੱਛਾ ਹੈ। ਕਾਮ ਦੀ ਇੱਛਾ ਸਰੀਰਕ ਨਹੀਂ ਹੈ ਇਹ ਤੁਹਾਡੇ ਮਨ ਦੀ ਇੱਛਾ ਹੈ। ਜੇ ਮਨ ਵਿਚ ਇੱਛਾ ਨਹੀਂ ਹੋਵੇਗੀ ਸਰੀਰ ਉਸ ਦਾ ਅਨੁਭਵ ਕਰੇਗਾ ਹੀ ਨਹੀਂ। ਇਹ ਹੀ ਦੋਨਾਂ ਵਿਚ ਅੰਤਰ ਹੈ, ਖਾਣ ਸਰੀਰ ਦੀ ਜ਼ਰੂਰਤ ਹੈ, ਸਰੀਰ ਨੂੰ ਚਲਾਉਣ ਲਈ ਲੋੜ ਹੈ ਪਰ ਕਾਮ ਮਨ ਵਿਚ ਉਠਦਾ ਹੈ ਤੇ ਸਰੀਰ ਰਾਹੀਂ ਅਨੁਭਵ ਹੁੰਦਾ ਹੈ।

ਤੁਹਾਨੂੰ ਇਹ ਸਿਖਣਾ ਚਾਹੀਦਾ ਹੈ ਕਿ ਪੌਸ਼ਟਿਕ ਆਹਾਰ ਕਿਵੇਂ ਜਾਣਨਾ ਹੈ, ਤਾਜ਼ਾ ਹੋਵੇ, ਉਸ ਵਿਚ ਸਾਰੇ ਵਿਟਾਮਿਨ ਹੋਣ, ਹੋਰ ਸਾਰੇ ਤੱਤ ਹੋਣ, ਸੰਤੁਲਿਤ ਹੋਵੇ ਇਸੇ ਤਰ੍ਹਾਂ ਤੁਹਾਨੂੰ ਇਹ ਵੀ ਸਿਖਣਾ ਚਾਹੀਦਾ ਹੈ ਕਿ ਕਾਮ ਨੂੰ ਕਿਵੇਂ ਕਾਬੂ ਕੀਤਾ ਜਾਵੇ, ਇਹ ਬਹੁਤ ਵਾਰੀ ਮਾਤਾ ਪਿਤਾ ਨਹੀਂ ਦੱਸ ਸਕਦੇ। ਤੁਹਾਡੇ ਮਾਤਾ ਪਿਤਾ ਤੁਹਾਨੂੰ ਪਾਲਦੇ ਪੋਸਦੇ ਹਨ, ਵੱਡਾ ਕਰਦੇ ਹਨ, ਤੁਸੀਂ ਰਿਸ਼ਟ ਪੁਸ਼ਟ ਹੁੰਦੇ ਹੋ, ਚੰਗੇ ਪੜ੍ਹ ਲਿਖ ਕੇ ਤੁਹਾਡਾ ਵਿਆਹ ਕਰ ਦਿੰਦੇ ਹਨ ਪਰ ਤੁਹਾਨੂੰ ਨਹੀਂ ਪਤਾ ਹੁੰਦਾ ਕਿ ਤੁਹਾਡਾ ਵਿਆਹ ਹੋਇਆ ਕਿਉਂ ਹੈ? ਤੁਹਾਨੂੰ ਕਾਮ ਬਾਰੇ ਕੁਝ ਨਹੀਂ ਦੱਸਿਆ ਜਾਂਦਾ, ਕਿਵੇਂ ਉਸ ਦੀ ਸੰਭਾਲ ਕਰਨੀ ਹੈ ਇਹ ਨਹੀਂ ਦੱਸਿਆ ਜਾਂਦਾ।

ਪੁਰਾਤਨ ਸਮੇਂ ਵਿਚ ਰਿਸ਼ੀ ਮੁਨੀ ਇਹ ਗੱਲਾਂ ਦਸਦੇ ਹੁੰਦੇ ਸੀ, ਇਸ ਤਰ੍ਹਾਂ ਦੀ ਸਿਖਿਆ ਦਿੰਦੇ ਸੀ ਜੋ ਸਹਾਇਕ ਹੋ ਸਕਣ। ਰਿਸ਼ੀ ਮੁਨੀ ਇਹ ਦਸਦੇ ਸੀ ਕਿ ਕਾਮ ਦਾ ਅਧਿਆਤਮ ਜੀਵਨ ਵਿਚ ਕੀ ਸਥਾਨ ਹੈ। ਇਸ ਤਰ੍ਹਾਂ ਦੀ ਸਿਖਿਆ ਤੋਂ ਬਿਨਾਂ ਆਤਮ ਮਾਰਗ ਤੇ ਚਲਣਾ ਔਖਾ ਹੈ, ਬਹੁਤ ਸਾਰੇ ਲੋਕਾਂ ਲਈ ਖਾਣ ਪੀਣ ਤੇ ਕਾਮ ਦੋਨੋਂ ਹੀ ਬਹੁਤ ਸਮੱਸਿਆਦਾਇਕ ਹਨ।

ਇਸ ਤੋਂ ਬਾਅਦ ਇਕ ਹੋਰ ਉਤੇਜਨ ਕਰਨ ਵਾਲੀ ਚੀਜ਼ ਹੈ, ਉਹ ਹੈ ਨੀਂਦ। ਜੇ ਤੁਸੀਂ ਆਪਣੀ ਮਰਜ਼ੀ ਦਾ ਖਾ ਪੀ ਲਵੋ, ਹੋਰ ਕੁਝ ਵੀ ਕਰ ਲਵੋ ਪਰ ਜੇ ਸੌਣ ਨਾ ਦਿਤਾ ਜਾਏ, ਤੁਸੀਂ ਬਉਰੇ ਹੋ ਜਾਂਦੇ ਹੋ, ਸੰਤੁਲਨ ਗੁਆ ਬੈਠਦੇ ਹੋ, ਇਥੋਂ ਤਕ ਜੀਵਨ ਚਲਾਉਣਾ ਔਖਾ ਹੋ ਜਾਂਦਾ ਹੈ।

ਸੌਣ ਦੀ ਵਿਧੀ ਵੀ ਪੂਰੀ ਸਮਝ ਲੈਣੀ ਚਾਹੀਦੀ ਹੈ,

ਸੌਣ ਦੇ ਵੀ ਕਈ ਪੱਧਰ ਹਨ, ਕਈ ਪਉੜੀਆਂ ਹਨ। ਜਿਵੇਂ ਤੁਸੀਂ ਘਰ ਵਿਚ, ਰਸੋਈ ਤੋਂ ਉਠ ਕੇ ਕਮਰੇ ਵਿਚ ਜਾਂਦੇ ਹੋ, ਕਮਰੇ ਵਿਚੋਂ ਦੂਸਰੇ ਕਮਰੇ ਵਿਚ ਜਾਂਦੇ ਹੋ, ਕਮਰੇ ਵਿਚੋਂ ਦੂਸਰੇ ਕਮਰੇ ਵਿਚ ਜਾਂਦੇ ਹੋ ਇਸੇ ਤਰ੍ਹਾਂ ਸੌਣ ਦੀ ਗੱਲ ਹੈ। ਸਭ ਤੋਂ ਪਹਿਲਾਂ ਤਾਂ ਤੁਸੀਂ ਸੌਣ ਦੀ ਤਿਆਰੀ ਕਰਦੇ ਹੋ ਪਰ ਤੁਸੀਂ ਸੌਂਦੇ ਨਹੀਂ ਹੋ।

ਇਸ ਵਿਚ ਇਕ ਸਥਿਤੀ ਸੁਪਨੇ ਦੀ ਹੈ ਉਸ ਵਿਚ ਤੁਹਾਡੀਆਂ ਕੁਝ ਯਾਦਾਂ ਧੁੰਦਲੀਆਂ ਹੁੰਦੀਆਂ ਹਨ, ਕੁਝ ਮੁੜੀਆਂ ਤੁੜੀਆਂ ਹੁੰਦੀਆਂ ਹਨ। ਤੁਹਾਡੇ ਲਈ ਸੁਪਨੇ ਇਕ ਤਰ੍ਹਾਂ ਨਾਲ ਚਿਕਿਤਸਕ ਹੁੰਦੇ ਹਨ ਪਰ ਯੋਗੀਆਂ ਲਈ ਨਹੀਂ, ਯੋਗੀ ਤਾਂ ਬਹੁਤ ਥੋੜ੍ਹੇ ਸਮੇਂ ਲਈ ਸੌਂਦੇ ਹਨ, ਯੋਗੀ ਸੁਪਨਿਆਂ ਨੂੰ ਪਿਛੇ ਹੀ ਰਖਦੇ ਹਨ।

ਆਮ ਮਨੁੱਖ ਲਈ ਸੁਪਨੇ ਜ਼ਰੂਰੀ ਹਨ ਪਰ ਤਾਂ ਵੀ ਇਕ ਉਹ ਸਮਾਂ ਹੁੰਦਾ ਹੈ ਜਦੋਂ ਨੀਂਦ ਐਨੀ ਗੂੜ੍ਹੀ ਤੇ ਡੂੰਘੀ ਹੁੰਦੀ ਹੈ ਕਿ ਉਸ ਵਿਚ ਸੁਪਨੇ ਨਹੀਂ ਆਉਂਦੇ, ਉਸ ਸਮੇਂ ਮਨ ਵਿਚ ਕੁਝ ਹੁੰਦਾ ਹੀ ਨਹੀਂ, ਉਸ ਜਗ੍ਹਾ ਤੇ ਤੁਸੀਂ ਮੈਡੀਟੇਸ਼ਨ ਕਰਕੇ ਪਹੁੰਚ ਸਕਦੇ ਹੋ। ਜੇ ਤੁਸੀਂ ਮੈਡੀਟੇਸ਼ਨ ਕਰਕੇ ਉਸ ਜਗ੍ਹਾ ਤੇ ਪਹੁੰਚ ਕੇ ਆਰਾਮ ਕਰਨਾ ਸਿੱਖ ਜਾਓ ਤਾਂ ਤੁਸੀਂ ਜਦੋਂ ਚਾਹੋ ਆਰਾਮ ਕਰ ਸਕਦੇ ਹੋ ਤੇ ਤੁਹਾਨੂੰ ਸੌਣ ਦੀ ਲੋੜ ਨਹੀਂ।

ਜਿਹੜੇ ਮੇਰੇ ਸੇਵਕ ਮੇਰੀ ਸੰਭਾਲ ਕਰਦੇ ਹਨ, ਦੇਖਭਾਲ ਕਰਦੇ ਹਨ, ਉਹ ਹੈਰਾਨ ਹੁੰਦੇ ਹਨ ਕਿ ਮੈਂ ਬਿਨਾਂ ਸੁੱਤੇ ਕਿਵੇਂ ਕੰਮ ਚਲਾ ਸਕਦਾ ਹਾਂ, ਇਹ ਕੋਈ ਜਾਦੂ ਨਹੀਂ, ਇਸ ਦੀ ਕੁੰਜੀ ਇਹ ਹੈ ਕਿ ਮੈਂ ਸਦਾ ਹੀ ਆਰਾਮ ਵਿਚ ਹਾਂ, ਸਦਾ ਹੀ ਸ਼ਾਂਤ ਹਾਂ, ਸਥਿਰ ਹਾਂ। ਤੁਹਾਨੂੰ ਨਿਸਲ ਹੋਣ ਦੀ ਲੋੜ ਇਸ ਕਰਕੇ ਹੈ ਕਿਉਂਕਿ ਤੁਸੀਂ ਸਦਾ ਹੀ ਮੈਂ ਵਿਚ ਹੋ, ਸਦਾ ਹੀ ਜਲਦੀ ਵਿਚ ਹੋ, ਸਰੀਰਕ ਪੱਖੋਂ ਵੀ ਤੇ ਮਾਨਸਿਕ ਪੱਖੋਂ ਵੀ। ਜੇ ਤੁਸੀਂ ਮੈਡੀਟੇਸ਼ਨ ਕਰੋ, ਠੀਕ ਤਰ੍ਹਾਂ ਨਾਲ ਆਰਾਮ ਕਰੋ, ਤੁਹਾਨੂੰ ਐਨੀ ਨੀਂਦ ਦੀ ਲੋੜ ਨਹੀਂ ਰਹੇਗੀ।

ਜਿਥੋਂ ਤਕ ਵਿਗਿਆਨਕ ਖੋਜ ਦਾ ਸਵਾਲ ਹੈ ਉਸ ਅਨੁਸਾਰ ਕੋਈ ਵੀ ਤਿੰਨ ਘੰਟੇ ਤੋਂ ਵੱਧ ਲਗਾਤਾਰ ਨਹੀਂ ਸੌਂ ਸਕਦਾ। ਵਾਸਤਵ ਵਿਚ ਤੁਸੀਂ ਅੱਠ ਘੰਟੇ ਤਾਂ ਇਕ ਰਵਾਇਤਨ ਸੌਂਦੇ ਹੋ, ਰਾਤ ਹੁੰਦੀ ਹੈ, ਹਨ੍ਹੇਰਾ ਹੁੰਦਾ ਹੈ, ਤੁਸੀਂ ਸੌਣ ਚਲੇ ਜਾਂਦੇ ਹੋ ਤੇ ਜਦੋਂ ਨੀਂਦ ਖੁਲ੍ਹ ਜਾਂਦੀ ਹੈ ਤੁਸੀਂ ਅਲਾਰਮ ਦੀ ਉਡੀਕ ਕਰਦੇ ਰਹਿੰਦੇ ਹੋ, ਇਹ ਸੋਚ ਕੇ ਕਿ ਅਲਾਰਮ ਅਜੇ ਨਹੀਂ ਵੱਜਿਆ, ਤੁਸੀਂ ਮੁੜ ਸੌਂ ਜਾਂਦੇ ਹੋ ਜਾਂ ਤੁਸੀਂ ਉਠਦੇ ਹੋ, ਏਧਰ ਓਧਰ ਦੇਖਦੇ ਹੋ, ਸੋਚਦੇ ਹੋ ਮੈਨੂੰ ਤਾਂ ਕਿਸੇ ਨੇ ਬੁਲਾਇਆ ਹੀ ਨਹੀਂ, ਉਠਾਇਆ ਹੀ ਨਹੀਂ, ਫੇਰ ਸੌਂ ਜਾਂਦੇ ਹੋ, ਤੁਸੀਂ ਇਹ ਇਕ ਆਦਤ ਬਣਾ ਲਈ ਹੈ। ਵੈਸੇ ਕੋਈ ਵਜਾਹ ਨਹੀਂ ਕਿ ਤੁਸੀਂ ਸੌਵੋਂ। ਕੇਵਲ ਤੁਸੀਂ ਆਪਣੀ ਇਕ ਆਦਤ ਹੀ ਬਣਾ ਲਈ ਹੈ।

ਜਿਹੜੇ ਮੈਡੀਟੇਸ਼ਨ ਕਰਦੇ ਹਨ ਉਨ੍ਹਾਂ ਨੂੰ ਮੈਂ ਆਦੇਸ਼ ਦਿੰਦਾ ਹਾਂ ਕਿ ਉਹ ਅੰਮ੍ਰਿਤ ਵੇਲੇ ਤਿੰਨ ਵਜੇ ਉਠਣ ਜਿਸਨੂੰ ਬ੍ਰਹਮ ਮਹੂਰਤ ਵੀ ਕਹਿੰਦੇ ਹਨ ਉਠ ਕੇ ਮੈਡੀਟੇਸ਼ਨ ਕਰੋ। ਜਦੋਂ ਤੁਸੀਂ ਉਸ ਸਮੇਂ ਉਠਣਾ ਸਿੱਖ ਜਾਓਗੇ, ਫੇਰ ਠੀਕ ਤਰ੍ਹਾਂ ਨਾਲ ਸੌਣਾ ਵੀ ਸਿੱਖ ਜਾਓਗੇ। ਤੁਸੀਂ ਆਪਣੇ ਆਪ ਨੂੰ ਕਹੋ, ਮੈਂ ਸਵੇਰੇ ਤਿੰਨ ਵਜੇ ਉਠਣਾ ਹੈ। ਤੁਸੀਂ ਜ਼ਰੂਰ ਉਠੋਗੇ। ਜੋ ਕੁਝ ਵੀ ਤੁਸੀਂ ਕਰ ਰਹੇ ਹੋ, ਤੁਹਾਡੇ ਚੇਤਨ ਮਨ ਦੇ ਕਾਬੂ ਹੈ। ਜੇ ਨਹੀਂ ਤਾਂ ਤੁਸੀਂ ਉਸ ਨੂੰ ਕਾਬੂ ਕਰ ਸਕਦੇ ਹੋ। ਅਜੇ ਤਾਂ ਤੁਸੀਂ ਆਪ ਹੀ ਆਪਣੇ ਕਾਬੂ ਨਹੀਂ, ਅਜੇ ਤੁਸੀਂ ਆਪਣੇ ਅਚੇਤ ਮਨ ਦੇ ਕਾਬੂ ਹੋ। ਤੁਹਾਨੂੰ ਆਪਣੇ ਆਪ ਨੂੰ ਚੇਤਨ ਮਨ ਤੇ ਕਾਬੂ ਲਿਆਉਣਾ ਚਾਹੀਦਾ ਹੈ। ਇਹ ਜ਼ਰੂਰੀ ਹੈ।

ਚੌਥੀ ਲੋੜ ਹੈ ਆਤਮ ਸੰਭਾਲ ਦੀ, ਭਾਵ ਕਿ ਤੁਸੀਂ ਸਦਾ ਹੀ ਆਪਣੇ ਆਪ ਨੂੰ ਸੰਭਾਲ ਕੇ, ਸਮੇਟ ਕੇ ਬਚਾ ਕੇ ਰਖਣਾ ਚਾਹੁੰਦੇ ਹੋ, ਤੁਸੀਂ ਮਰਨ ਤੋਂ ਡਰਦੇ ਹੋ। ਤੁਹਾਨੂੰ ਚਿੰਤਾ ਹੈ ਕਿ ਤੁਸੀਂ ਮਰ ਨਾ ਜਾਓ, ਤੁਸੀਂ ਬਿਮਾਰ ਨਾ ਹੋ ਜਾਓ, ਤੁਹਾਨੂੰ ਸੱਟ ਨਾ ਲੱਗ ਜਾਏ, ਤੁਹਾਨੂੰ ਕੌਣ ਦੇਖੇਗਾ ਇਸ ਨਕਾਰਤਮਕ ਸੋਚ ਕਰਕੇ ਤੁਸੀਂ ਭੈ ਵਿਚ ਹੋ, ਤੁਸੀਂ ਨਕਾਰਾਤਮ ਸੋਚਾਂ ਦੇ ਬੜੇ ਭਾਰੇ ਇਕ ਤਰ੍ਹਾਂ ਨਾਲ ਖਿਲਾੜੀ ਬਣ ਗਏ ਹੋ, ਇਹ ਕੇਵਲ ਤੁਹਾਡੀ ਆਤਮ ਸੰਭਾਲ ਦੀ ਲੋੜ ਨੇ ਤੁਹਾਨੂੰ ਇਸ ਤਰ੍ਹਾਂ ਬਣਾ ਦਿਤਾ ਹੈ ਪਰ ਜਦੋਂ ਤੁਸੀਂ ਗੁਰੂ ਚਰਨਾਂ ਵਿਚ, ਪ੍ਰਮਾਤਮਾ ਅੱਗੇ ਆਤਮ ਸਮਰਪਣ ਕਰਦੇ ਹੋ ਫੇਰ ਤੁਸੀਂ ਸੁਤੰਤਰ ਹੋ ਜਾਂਦੇ ਹੋ। ਸੰਸਾਰ ਤੇ ਸਭ ਤੋਂ ਵੱਧ ਖੁਸ਼ ਅਨੰਦਮਈ ਉਹ ਮਨੁੱਖ ਹੈ ਜਿਹੜਾ ਭੈ ਰਹਿਤ ਹੈ। ਭੈ ਰਹਿਤ ਉਹ ਹੈ ਜਿਹੜਾ ਦਵੰਦ ਤੋਂ ਪਰ੍ਹੇ ਹੈ ਜਿਸਨੂੰ ਨਾ ਕੋਈ ਬਾਹਰੋਂ ਭੈ ਹੈ ਨਾ ਕੋਈ ਅੰਦਰੋਂ ਭੈ ਹੈ, ਜਿਹੜਾ ਸਮਾਨ ਹੈ, ਸਮਾਚਿਤ ਹੈ, ਸਿਰਜਨਾਤਮਕ ਹੈ।

ਸਿਰਜਨਾਤਮਕ ਹੋਣ ਲਈ ਪਹਿਲਾਂ ਤੁਹਾਨੂੰ ਭਾਵੁਕ ਪੱਖੋਂ ਸਮਾਨ ਹੋਣਾ ਚਾਹੀਦਾ ਹੈ, ਸਮਾਨ ਹੋਣ ਲਈ ਤੁਹਾਨੂੰ ਨਕਾਰਤਮਕ ਸੰਵੇਗਾਂ ਨੂੰ ਸਮਝਣਾ ਪਵੇਗਾ। ਉਹ ਕਿਉਂ ਤੇ ਕਿਥੋਂ ਪੈਦਾ ਹੁੰਦੇ ਹਨ, ਉਨ੍ਹਾਂ ਨੂੰ ਕਿਵੇਂ ਠੀਕ ਕਰਨਾ ਹੈ। ਤੁਹਾਨੂੰ ਸਕਾਰਤਮਕ ਸੰਵੇਗ ਪੈਦਾ ਕਰਨੇ ਹੋਣਗੇ ਤੇ ਉਨ੍ਹਾਂ ਦਾ ਪ੍ਰਗਟਾਵਾ ਵੀ ਕਰਨਾ ਹੋਵੇਗਾ, ਆਪਣੇ ਮਨ ਰਾਹੀਂ, ਸੋਚ ਰਾਹੀਂ, ਕਥਨੀ ਤੇ ਕਰਨੀ ਰਾਹੀਂ। ਇਸ ਤਰ੍ਹਾਂ ਨਾਲ ਤੁਸੀਂ ਸਿਰਜਨਾਤਮਕ ਹੋਣ ਦੀ, ਸੰਵੇਗਾਂ ਨੂੰ ਕਾਬੂ ਕਰਨ ਦੀ ਸਿਖਿਆ ਦਾ ਮੁਢ ਬੰਨ੍ਹ ਸਕਦੇ ਹੋ।

# ਹਿਮਾਲੀਅਨ ਯੋਗੀ ਦਾ ਸੰਗ
# (Walking With Himalayan Master)

*ਡਾ. ਜਸਟਿਨ ਓਬਰਾਇਨ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

## ਸਿਥਿਲੀਕਰਨ

ਸਰੀਰ ਨੂੰ ਨਿਸਲ ਕਰਨਾ, ਸਰੀਰ ਦਾ ਸਿਥਿਲੀ ਕਰਨ, ਮਾਨਸਿਕ ਤੇ ਸਰੀਰਕ ਸਿਹਤ ਲਈ ਬਹੁਤ ਹੀ ਆਵਸ਼ਕ ਹੈ। ਸਰੀਰਕ ਤਣਾਅ ਦਾ 95% ਕਾਰਨ ਮਨੋਸਰੀਰਕ ਰੋਗ ਹੀ ਹਨ। ਅਸੀਂ ਇਨ੍ਹਾਂ ਰੋਗਾਂ ਦੇ ਕਾਰਣ ਬਾਹਰ ਢੂੰਡਦੇ ਹਾਂ, ਵਾਸਤਵ ਵਿਚ ਇਨ੍ਹਾਂ ਦੇ ਕਾਰਨ ਸਾਡੇ ਅੰਦਰ ਹੀ ਹੁੰਦੇ ਹਨ। ਨਿਸਲ ਹੋਣ ਲਈ ਸਿੱਧੇ ਲੇਟ ਜਾਓ, ਆਪਣੀਆਂ ਲੱਤਾਂ ਨੂੰ ਕੋਈ 18 ਇੰਚ ਦੇ ਫਾਸਲੇ ਤੇ ਰੱਖੋ, ਆਪਣੇ ਦੋਨੋਂ ਹੱਥ ਆਪਣੇ ਪੇਟ ਤੇ ਰੱਖੋ। ਜੇ ਫਰਸ਼ ਤੇ ਲੇਟੇ ਹੋ ਤਾਂ ਛੋਟਾ ਜਿਹਾ ਸਰ੍ਹਾਣਾ ਰੱਖੋ। ਫੇਰ ਤਰਤੀਬਵਾਰ ਆਪਣੇ ਸਰੀਰ ਨੂੰ ਜਾਂਚੋ। ਸਿਰ ਤੋਂ ਸ਼ੁਰੂ ਕਰਕੇ ਪੈਰਾਂ ਤੱਕ ਆਓ। ਪੈਰਾਂ ਤੋਂ ਸ਼ੁਰੂ ਕਰਕੇ ਸਿਰ ਤਕ ਆਓ, ਦੇਖੋ ਸਰੀਰ ਵਿਚ ਕਿਥੇ ਖਿੱਚ ਹੈ, ਕਿਥੇ ਤਣਾਓ ਹੈ, ਮਾਨਸਿਕ ਪੱਖੋਂ ਉਸ ਤਣਾਓ ਨੂੰ ਨਿਸਲ ਕਰਨ ਦਾ ਯਤਨ ਕਰੋ, ਆਪਣੇ ਪੇਟ ਦੀ (diaphragm) ਦੀ ਹਰਕਤ ਨੂੰ ਜਾਂਚੋ, ਹੌਲੀ ਹੌਲੀ ਸ੍ਵਾਸ ਲਓ, ਡੂੰਘੇ ਸ੍ਵਾਸ ਲਓ, ਜਿੰਨੀ ਵੀ ਤੁਹਾਡੀ ਸਮਰੱਥਾ ਹੈ ਉਸ ਅਨੁਸਾਰ ਸ੍ਵਾਸ ਲਓ। ਸਰੀਰ ਨੂੰ ਸਿਥਿਲ ਰੱਖੋ, ਸ੍ਵਾਸਾਂ ਨੂੰ ਸ਼ਾਂਤ ਰੱਖੋ, ਡੂੰਘਾ ਰੱਖੋ, ਇਸ ਤਰ੍ਹਾਂ ਕਰਨਾ ਸ੍ਵਾਸ ਚੱਲਣ ਅਤੇ ਨਿਸਲ ਕਰਨ ਵਿਚ ਸਹਾਇਕ ਹੋਵੇਗਾ, ਇਸ ਤਰ੍ਹਾਂ ਸਾਰਾ ਨਾੜੀ ਮੰਡਲ ਵੀ ਨਿਸਲ ਹੁੰਦਾ ਹੈ। ਸਾਰੇ ਪੱਠਿਆਂ ਵਿਚੋਂ ਤਣਾਵ ਖਿਚਾਓ ਨਿਕਲ ਜਾਂਦਾ ਹੈ ਤੇ ਸਾਰਾ ਸਵਾਧੀਨ ਨਾੜੀ ਮੰਡਲ ਸ਼ਾਂਤ ਹੋ ਜਾਂਦਾ ਹੈ। ਇਸ ਤਰ੍ਹਾਂ ਦੀ ਸਿਥਿਲਤਾ ਦਾ ਅਭਿਆਸ ਦਸ ਮਿੰਟ ਤੋਂ ਵੱਧ ਨਹੀਂ ਕਰਨਾ ਚਾਹੀਦਾ, ਨਹੀਂ ਤੇ ਤੁਸੀਂ ਸੌਂ ਜਾਓਗੇ। ਪੰਜ ਮਿੰਟ ਪਿਛੋਂ ਸਰੀਰ ਵਿਚ ਤਣਾਓ ਪੈਦਾ ਕਰੋ, ਫੇਰ ਨਿਸਲ ਕਰੋ, ਫੇਰ ਸਰੀਰ ਨੂੰ ਦੇਖੋ। ਸ੍ਵਾਸਾਂ ਦਾ ਹਲਕਾ ਤੇ ਹੌਲੇ ਹੌਲੇ ਪ੍ਵਾਹ ਪਰ ਡੂੰਘਾ ਪਰਵਾਹ ਦੇਖੋ।

ਸ਼ਵਆਸਨ (shav-asan) ਇਕ 61 ਬਿੰਦੂਆਂ ਦਾ ਅਭਿਆਸ ਹੈ। ਇਸ ਅਭਿਆਸ ਨਾਲ ਮਨ ਅੰਤਰਮੁਖੀ ਹੁੰਦਾ ਹੈ, ਵਧੇਰੇ ਕ੍ਰਮਵਾਰ ਹੁੰਦਾ ਹੈ ਤੇ ਨਾੜੀ ਮੰਡਲ ਨੂੰ ਵਧੇਰੇ ਨਿਸਿਲਤਾ ਮਿਲਦੀ ਹੈ। ਉਪਰ ਲਿਖੇ ਅਭਿਆਸ ਤੋਂ ਬਾਅਦ 61 ਬਿੰਦੂ ਨਿਸਿਲਤਾ ਦਾ ਅਭਿਆਸ ਕਰੋ। ਤੁਸੀਂ ਚਾਹੋ ਤਾਂ ਖੱਬੇ ਪਾਸਿਓਂ ਸ਼ੁਰੂ ਕਰ ਸਕਦੇ ਹੋ, ਚਾਹੋ ਤਾਂ ਸੱਜੇ ਪਾਸਿਓਂ ਸ਼ੁਰੂ ਕਰ ਸਕਦੇ ਹੋ ਪਰ ਸਥਿਰ ਰਹੋ। 61 ਬਿੰਦੂ ਸ਼ਵਆਸਨ ਓਦੋਂ ਨਹੀਂ ਕਰਨਾ ਚਾਹੀਦਾ, ਜਦੋਂ ਤੁਹਾਨੂੰ ਨੀਂਦ ਆ ਰਹੀ ਹੋਵੇ ਜਾਂ ਤੁਸੀਂ ਥੱਕੇ ਹੋਵੋ। ਸ਼ਵਆਸਨ ਵਿਚ ਲੇਟੋ, ਨਿਸਲ ਹੋਵੋ, ਇਕ ਦੋ ਮਿੰਟ ਲੇਟੇ ਰਹੋ। ਆਪਣਾ ਸਾਰਾ ਧਿਆਨ ਦੋਨੋਂ ਅੱਖਾਂ ਦੇ ਵਿਚ ਵਾਲੀ ਥਾਂ ਤੇ ਲੈ ਆਓ ਤੇ ਇਕ ਬਾਰੇ ਸੋਚੋ। ਇਸੇ ਉਤੇ ਆਪਣਾ ਧਿਆਨ ਇਕ ਦੋ ਸੈਕਿੰਡ ਲਈ ਲਗਾ ਕੇ ਰੱਖੋ ਇਸ ਤਰ੍ਹਾਂ ਇਕ ਇਕ ਕਰਕੇ 31 ਤੱਕ ਜਾਓ। ਇਸ ਅਭਿਆਸ ਨੂੰ ਦੋ ਵਾਰੀ ਦੁਹਰਾਓ। ਇਸ ਤਰ੍ਹਾਂ ਤੁਸੀਂ ਸੱਤ ਦਿਨ ਤੋਂ ਦਸ ਦਿਨ ਤਕ ਕਰੋ। ਜਦੋਂ ਇਹ ਅਭਿਆਸ ਬਿਨਾਂ ਮਨ ਦੇ ਏਧਰ ਉਧਰ ਗਏ ਤੁਸੀਂ ਕਰ ਸਕੋ ਫੇਰ ਤੁਸੀਂ 61 ਤਕ ਕਰੋ।

## ਦਸਵਾਂ ਅਧਿਆਇ

### ਯੋਗੀਆਂ ਦਾ ਸਾਥ

ਸਵਾਮੀ ਜੀ ਮੇਰੇ ਸਾਮ੍ਹਣੇ ਖੜ੍ਹੇ ਹਨ, ਮੁਸਕਰਾ ਰਹੇ ਹਨ, ਤੂੰ ਹਾਲੇ ਮੇਰੇ ਨਾਲ ਬਹੁਤ ਕੰਮ ਕਰਨਾ ਹੈ।

ਜਦੋਂ ਸੈਂਟਰ ਦੀਆਂ ਮੁਰੰਮਤਾਂ ਹੋ ਰਹੀਆਂ ਸੀ, ਹੁਣ ਉਹ ਪੂਰੀ ਤਰ੍ਹਾਂ ਨਾਲ ਵੱਡਾ ਹੋ ਗਿਆ ਸੀ, ਛੋਟਾ ਕਤੂਰਾ ਜਿਹੜਾ ਰੋਂਦਾ ਹੁੰਦਾ ਸੀ ਕਾਫੀ ਖੂੰਖਾਰ ਲਗਦਾ ਸੀ ਪਰ ਸੋਹਣਾ ਵੀ ਸੀ। ਸਵਾਮੀ ਜੀ ਉਸਨੂੰ ਰਾਜਾ ਕਹਿ ਕੇ ਬੁਲਾਉਂਦੇ ਸੀ ਤੇ ਹੁਣ ਉਹ ਕੋਈ ਸੌ ਪੌਂਡ ਦਾ ਡੋਬਰਮੈਨ (ਕੁੱਤਿਆਂ ਦੀ ਇਕ ਕਿਸਮ) ਸੀ ਤੇ ਹੁਣ ਉਹ ਸਵਾਮੀ ਜੀ ਦੇ ਘਰ ਦੀ ਰੱਖਿਆ ਕਰਦਾ ਸੀ। ਇਹ ਇਕ ਸੋਹਣਾ ਰੰਗ ਦਾ ਕੁੱਤਾ ਸੀ ਇਸ ਦੀ ਛਾਤੀ ਚੌੜੀ ਸੀ। ਇਹ ਸਵਾਮੀ ਜੀ ਦੇ ਘਰ ਦੀ ਚੌਂਕੀਦਾਰੀ ਲਈ ਹੀ ਰੱਖਿਆ ਗਿਆ ਸੀ ਕਿਉਂਕਿ ਕਈ ਲੋਕ ਬਿਨਾਂ ਦੱਸੇ ਹੀ ਸਵਾਮੀ ਜੀ ਦੇ ਘਰ ਆ ਜਾਂਦੇ ਸੀ।

ਜਦੋਂ ਵੀ ਕਦੀ ਕੋਈ ਸੁਆਮੀ ਜੀ ਦੇ ਕੇਸਰੀ ਰੰਗ ਦੇ ਘਰ ਆਉਂਦਾ ਸਵਾਮੀ ਜੀ ਉਸ ਨੂੰ ਕੁੱਤਿਆਂ ਬਾਰੇ ਪੂਰਾ ਗਿਆਨ ਦਿੰਦੇ। ਆਉਣ ਵਾਲਾ ਪੂਰੇ ਧਿਆਨ ਨਾਲ ਸਵਾਮੀ ਜੀ ਦੀ ਗੱਲ ਸੁਣਦਾ, ਸਵਾਮੀ ਜੀ ਦਸਦੇ ਕਿ ਡੋਬਰਮੈਨ ਦਾ ਜਬਾੜਾ ਇਸ ਤਰ੍ਹਾਂ ਦਾ ਹੁੰਦਾ ਹੈ, ਜਦੋਂ ਇਹ ਕਟਦਾ ਹੈ ਤਾਂ ਐਨੀ ਬੁਰੀ ਤਰ੍ਹਾਂ ਨਾਲ ਮਾਸ ਪਕੜਦਾ ਹੈ ਕਿ ਛਡਾਉਣਾ ਔਖਾ ਹੋ ਜਾਂਦਾ ਹੈ। ਫੇਰ ਬਹੁਤ ਵਾਰੀ ਸਵਾਮੀ ਜੀ ਕੁੱਤੇ ਦੇ ਦੰਦ ਵੀ ਦਿਖਾਉਂਦੇ ਤੇ ਦਸਦੇ ਕਿ ਉਸ ਦੇ ਸੂਏ ਐਨੇ ਖਤਰਨਾਕ ਹਨ ਕਿ ਸ਼ੇਰ ਹਾਥੀ ਕਿਸੇ ਦਾ ਮੁਕਾਬਲਾ ਵੀ ਕਰ ਸਕਦੇ ਹਨ।

ਫੇਰ ਬਹੁਤ ਵਾਰੀ ਸਵਾਮੀ ਜੀ ਇਕ ਤਮਾਸ਼ਾ ਵੀ ਕਰਕੇ ਦਿਖਾਉਂਦੇ ਤੇ ਦਸਦੇ ਕਿ ਰਾਜਾ ਕਿੰਨਾ ਭਿਆਨਕ ਕਿਸਮ ਦਾ ਕੁੱਤਾ ਹੈ ਤੇ ਉਹ ਸਵਾਮੀ ਜੀ ਦੀ ਰੱਖਿਆ ਕਿਵੇਂ ਕਰਦਾ ਹੈ। ਸਵਾਮੀ ਜੀ ਕਹਿਣਗੇ। ਜਸਟਿਨ ਮੈਨੂੰ ਮਾਰੀਂ।

ਮੈਂ ਫੇਰ ਦੌੜਿਆ ਦੌੜਿਆ ਸਵਾਮੀ ਜੀ ਕੋਲ ਜਾਵਾਂਗਾ ਤੇ ਸਵਾਮੀ ਜੀ ਨੂੰ ਮੁੱਕਿਆਂ ਨਾਲ ਮਾਰਾਂਗਾ, ਸਵਾਮੀ ਜੀ ਆਵਾਜ਼ ਲਗਾਉਣਗੇ, ਰਾਜਾ, ਰਾਜਾ ਮੈਨੂੰ ਬਚਾਈਂ।

ਜੇ ਕਿਤੇ ਰਾਜਾ ਥੋੜ੍ਹਾ ਹੌਲੀ ਆ ਰਿਹਾ ਹੋਵੇ ਤਾਂ

ਸਵਾਮੀ ਜੀ ਹੋਰ ਉਚੀ ਸਾਰੀ ਬੋਲਣਗੇ, ਰਾਜਾ ਫੜੀਂ ਇਸ ਨੂੰ ਛੇਤੀ ਫੜੀਂ।

ਇਕ ਸਕਿੰਟ ਵਿਚ ਇਹ ਆ ਕੇ ਮੇਰੇ ਉਤੇ ਪੈ ਜਾਂਦਾ ਸੀ ਤੇ ਕੁਰਸੀ ਦੁਆਲੇ ਘੇਰਾ ਪਾ ਲੈਂਦਾ ਸੀ, ਅਸੀਂ ਦੋਨੋਂ ਹੀ ਕੁਰਸੀ ਦੇ ਚੱਕਰ ਲਗਾਉਂਦੇ। ਰਾਜਾ ਮੇਰੀ ਬਾਂਹ ਖਾਣ ਨੂੰ ਤਿਆਰ ਹੁੰਦਾ। ਮੈਂ ਸਵਾਮੀ ਜੀ ਦੇ ਮੋਢੇ ਨੂੰ ਫੜਨ ਦੀ ਕੋਸ਼ਿਸ਼ ਵਿਚ ਹੁੰਦਾ, ਸਵਾਮੀ ਜੀ ਰਾਜਾ ਨੂੰ ਹੱਲਾ ਸ਼ੇਰੀ ਦੇ ਰਹੇ ਹੁੰਦੇ ਤੇ ਤਰ੍ਹਾਂ ਤਰ੍ਹਾਂ ਦੀਆਂ ਆਵਾਜ਼ਾਂ ਕੱਢ ਰਹੇ ਹੁੰਦੇ, ਇਹ ਸਭ ਕੁਝ ਦੇਖ ਕੇ ਆਉਣ ਵਾਲਾ ਕਾਫੀ ਘਬਰਾਹਟ ਵਿਚ ਹੁੰਦਾ, ਉਸ ਨੂੰ ਕੋਈ ਸਮਝ ਨਹੀਂ ਸੀ ਲਗਦੀ, ਉਹ ਕੀ ਕਰੇ ਇਸ ਖੂਨ ਖਰਾਬੇ ਨੂੰ ਕਿਵੇਂ ਬਚਾਵੇ।

ਐਥੇ ਕੁ ਪਹੁੰਚ ਕੇ ਸਵਾਮੀ ਜੀ ਦਾ ਹਾਸਾ ਨਿਕਲ ਜਾਂਦਾ, ਉਹ ਉਚੀ ਉਚੀ ਹੱਸਣ ਲਗ ਪੈਂਦੇ ਤੇ ਬੋਲਣ ਲਗ ਪੈਂਦੇ, ਹੁਣ ਤਕ ਮੇਰੀ ਵੀ ਦੌੜ ਦੌੜ ਕੇ ਬੱਸ ਹੋ ਚੁੱਕੀ ਹੁੰਦੀ। ਰਾਜਾ ਜਦੋਂ ਭੌਂਕ ਰਿਹਾ ਹੁੰਦਾ ਨਾਲ ਨਾਲ ਰੋ ਵੀ ਰਿਹਾ ਹੁੰਦਾ, ਉਸ ਦੀ ਸਮਝ ਤੋਂ ਇਹ ਗੱਲ ਬਾਹਰ ਸੀ ਕਿ ਇਹ ਦੋ ਬੰਦੇ ਜਿਨ੍ਹਾਂ ਨੂੰ ਮੈਂ ਐਨਾ ਪਿਆਰ ਕਰਦਾ ਹਾਂ, ਇਹ ਆਪਸ ਵਿਚ ਕਿਉਂ ਲੜ ਰਹੇ ਹਨ। ਮਾਲਕ ਦਾ ਹੁਕਮ ਮੰਨਦੇ ਹੋਏ ਉਹ ਆਖਰ ਮੇਰੀ ਬਾਂਹ ਤੇ ਛਲਾਂਗ ਲਗਾ ਦਿੰਦਾ, ਮੈਨੂੰ ਦੰਦ ਪਾਉਣ ਦਾ ਦਿਖਾਵਾ ਕਰਦਾ ਤੇ ਮੈਨੂੰ ਜ਼ਮੀਨ ਤੇ ਢਾਹ ਲੈਂਦਾ। ਸਾਰੇ ਹੱਸਣ ਲਗ ਪੈਂਦੇ, ਦੇਖਣ ਵਾਲੇ ਹੈਰਾਨ ਹੋ ਰਹੇ ਹੁੰਦੇ, ਉਨ੍ਹਾਂ ਨੂੰ ਵੀ ਸਮਝ ਨਾ ਆਉਂਦੀ ਕੀ ਹੋ ਰਿਹਾ ਹੈ, ਥਰੀਸਾ ਤੌਲੀਆ ਲੈ ਕੇ ਆਉਂਦੀ ਤੇ ਮੇਰੀ ਬਾਂਹ ਸਾਫ ਕਰਦੀ।

ਇਹ ਡਰਾਮਾ ਅਨੇਕਾਂ ਵਾਰੀ ਹੋਇਆ, ਅਸੀਂ ਗਲੈਨਵੀਓ ਤਿੰਨ ਸਾਲ ਰਹੇ। ਰਾਜੇ ਲਈ ਇਹ ਸਭ ਤੋਂ ਔਖਾ ਹੁੰਦਾ ਸੀ। ਕੋਈ ਆਪਣੇ ਮਾਲਕ ਦਾ ਹੁਕਮ ਕਿਵੇਂ ਮੰਨ ਸਕਦਾ ਹੈ, ਜਦੋਂ ਕਿ ਉਸਨੂੰ ਪਤਾ ਹੋਵੇ ਕਿ ਜਿਸ ਉਤੇ ਕੁਦਣਾ ਹੈ ਉਹ ਵੀ ਮਾਲਕ ਜਿਨ੍ਹਾਂ ਹੀ ਪਿਆਰਾ ਹੈ। ਰਾਜੇ ਨੇ ਵੀ ਦੇਖਿਆ ਕਿ ਥੋੜ੍ਹਾ ਜਿਹਾ ਮਜ਼ਾ ਦੇਣਾ ਹੀ ਪਵੇਗਾ ਉਸ ਨੇ ਮੈਨੂੰ ਬਹੁਤ ਹੀ ਘੁੱਟ ਕੇ ਫੜਿਆ ਤੇ ਮੇਰੀਆਂ ਚੀਕਾਂ ਨਿਕਲ ਗਈਆਂ। ਉਸ ਤੋਂ ਬਾਅਦ ਮੈਂ ਉਸ ਦੀਆਂ ਅੱਖਾਂ ਵਿਚ ਇਕ ਚਮਕ ਦੇਖੀ, ਮੈਂ ਉਸ ਦੀ ਸੋਚ ਸਮਝ ਸਕਦਾ ਸੀ ਜਿਵੇਂ ਉਹ ਕਹਿ ਰਿਹਾ ਹੋਵੇ, ਮੈਂ ਆਪਣੇ ਮਾਲਕ ਨੂੰ ਤਾਂ ਕੁਝ ਨਹੀਂ ਕਹਿ ਸਕਦਾ ਪਰ ਆਪਣੇ ਦੋਸਤ ਨੂੰ ਥੋੜ੍ਹਾ ਦਸ ਹੀ ਸਕਦਾ ਹਾਂ, ਕਿਉਂ ਉਹ ਮੈਨੂੰ ਇਸ ਤਰ੍ਹਾਂ ਉਤੇਜਸ ਕਰਦੇ ਹਨ, ਮੈਨੂੰ ਚਿੜਾਉਂਦੇ ਹਨ ਪਰ ਇਹ ਕਦੀ ਨਹੀਂ ਹੋਇਆ ਕਿ ਮੇਰੀ ਚਮੜੀ ਤੇ ਕੋਈ ਦੰਦ ਲੱਗਾ ਹੋਵੇ।

ਇਕ ਦਿਨ ਕੁਝ ਲੋਕ ਜਾਲੀ ਵਿਚੋਂ ਰਾਜਾ ਨੂੰ ਪਿਆਰ ਕਰ ਰਹੇ ਸੀ, ਸਵਾਮੀ ਜੀ ਅਨੁਸਾਰ ਕੁੱਤੇ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਉਸ ਨੇ ਲੋਕਾਂ ਦੇ ਸਾਮ੍ਹਣੇ ਆਪਣਾ ਪਿਆਰ ਦਿਖਾਉਣਾ ਹੈ ਕਿ ਨਹੀਂ। ਜੇ ਉਹ ਲੜਾਕਾ ਹੈ ਤਾਂ ਉਹ ਇਸ ਤਰ੍ਹਾਂ ਨਹੀਂ ਕਰ ਸਕਦਾ। ਸਵਾਮੀ ਜੀ ਨੇ ਇਹ ਦੇਖਿਆ ਤੇ ਆਵਾਜ਼ ਲਗਾਈ ਤੇ ਉਸ ਨੂੰ ਚੰਗਾ ਝਾੜਿਆ, ਰਾਜਾ ਨੇ ਆਪਣਾ ਸਿਰ ਥੱਲੇ ਕਰ ਲਿਆ ਜਿਵੇਂ ਸ਼ਰਮਿੰਦਾ ਹੋ ਗਿਆ ਹੋਵੇ। ਸਵਾਮੀ ਜੀ ਨੇ ਉਸਨੂੰ ਹੁਕਮ ਦਿਤਾ ਕਿ ਉਹ ਉਨ੍ਹਾਂ ਦੇ ਨਾਲ ਚੱਲੇ। ਰਾਜਾ ਨੇ ਇਕ ਦਮ ਗੁੱਸੇ ਵਾਲੀ ਸ਼ਕਲ ਬਣਾਈ, ਛਾਤੀ ਚੌੜੀ ਕੀਤੀ ਤੇ ਸਵਾਮੀ ਜੀ ਨਾਲ ਤੁਰ ਪਿਆ ਇਹ ਕੁੱਤੇ ਬੜੇ ਹੀ ਅਨੁਸਾਸ਼ਨ ਵਾਲੇ ਹੁੰਦੇ ਹਨ। ਚੰਗਾ ਤਾਂ ਇਹ ਹੀ ਹੁੰਦਾ ਹੈ ਕਿ ਇਨ੍ਹਾਂ ਦੇ ਨੇੜੇ ਕੋਈ ਨਾ ਹੀ ਆਵੇ। ਮੈਂ ਦੂਰ ਸੜਕ ਤੇ ਖੜ੍ਹਾ ਦੇਖ ਰਿਹਾ ਸੀ ਕਿ ਕਿਵੇਂ ਪਹਿਲਾਂ ਉਸ ਨੂੰ ਪਿਆਰ ਕੀਤਾ, ਫੇਰ ਝਿੜਕਾਂ ਪਈਆਂ, ਜਦੋਂ ਰਾਜਾ ਤੇ ਸਵਾਮੀ ਜੀ ਮੇਰੇ ਕੋਲੋਂ ਲੰਘੇ ਰਾਜੇ ਦੀ ਜੀਭ ਬਾਹਰ ਨਿਕਲੀ ਤੇ ਮੈਨੂੰ ਪਿਆਰ ਕੀਤਾ, ਸਵਾਮੀ ਜੀ ਨੇ ਇਹ ਦੇਖਿਆ ਨਹੀਂ, ਦੋਨੋਂ ਆਰਾਮ ਨਾਲ ਤੁਰਦੇ ਰਹੇ, ਮੈਂ ਸੋਚਿਆ, ਕਿੰਨਾ ਅੱਛਾ ਲਗ ਰਿਹਾ ਹੈ, ਮੈਂ ਇਸ ਕੁੱਤੇ ਨੂੰ ਵਧੇਰੇ ਪਿਆਰ ਕਰਨ ਲਗ ਪਿਆ।

ਥਰੀਸਾ ਇਕ ਦਿਨ ਕਹਿਣ ਲੱਗੀ ਕਿ ਰਾਜਾ ਦੀ ਹੋਂਦ ਵਿਚ ਉਸਨੂੰ ਕਦੇ ਵੀ ਕੋਈ ਤਕਲੀਫ ਨਹੀਂ ਹੋਈ, ਜਦੋਂ ਕਿ ਬਹੁਤ ਵਾਰੀ ਉਹ ਘੰਟਿਆਂ ਬੱਧੀ ਰਾਜਾ ਦੇ ਕੋਲ ਬੈਠੀ ਕੰਮ ਕਰਦੀ ਰਹਿੰਦੀ। ਬੜੀ ਹੀ ਅਜੀਬ ਗੱਲ ਸੀ ਕਿ ਉਹ ਰਾਜਾ ਵਲ ਦੇਖਦੀ

ਰਾਜੇ ਨੇ ਸਾਨੂੰ ਜੀ ਆਇਆਂ ਕਿਹਾ ਤੇ ਰਾਜਾ ਮੇਰੇ ਨਾਲ ਖੇਡਣ ਲਈ ਤਿਆਰ ਸੀ, ਸਵਾਮੀ ਜੀ ਨੇ ਉਸ ਨੂੰ ਬੁਲਾ ਲਿਆ ਤੇ ਕੁਰਸੀ ਕੋਲ ਬਿਠਾ ਲਿਆ।

ਸਵਾਮੀ ਜੀ ਪੁਛਣ ਲੱਗੇ, ਥਰੀਸਾ ਤੈਨੂੰ ਜਾਨਵਰਾਂ ਤੋਂ ਕਦੋਂ ਤੋਂ ਐਲਰਜੀ ਹੋਈ? ਕੀ ਤੈਨੂੰ ਕਦੀ ਕੁਝ ਹੋਇਆ ਸੀ?”

ਥਰੀਸਾ ਕਹਿਣ ਲੱਗੀ, ਜਦੋਂ ਮੈਂ ਛੋਟੀ ਸੀ ਇਕ ਕਾਲਾ ਕੁੱਤਾ ਦੌੜਦਾ, ਮੇਰੀ ਭੈਣ ਵਲ ਦੌੜਿਆ, ਅਸੀਂ ਦੋਨੋਂ ਦੌੜੀਆਂ ਫੇਰ ਕੁੱਤੇ ਨੂੰ ਉਸ ਦੇ ਮਾਲਕ ਨੇ ਬੁਲਾ ਲਿਆ, ਇਸ ਗੱਲ ਤੋਂ ਹੀ ਮੈਂ ਐਨਾ ਡਰ ਗਈ ਕਿ ਮੈਨੂੰ ਜਿਥੇ ਜਾਨਵਰ ਹੋਣ ਉਥੇ ਸਾਹ ਨਹੀਂ ਆਉਂਦਾ।

ਕੀ ਤੂੰ ਇਸ ਐਲਰਜੀ ਤੋਂ ਛੁਟਕਾਰਾ ਪਾਉਣਾ ਚਾਹੇਂਗੀ?

ਬਿਲਕੁਲ, ਕਿਉਂ ਨਹੀਂ, ਮੈਂ ਹੈਰਾਨ ਸੀ ਕਿ ਕੀ ਇਸ ਦਾ ਵੀ ਇਲਾਜ ਹੋਵਾਗਾ?

ਸਵਾਮੀ ਜੀ ਕਹਿਣ ਲੱਗੇ, ਤੈਨੂੰ ਕੁੱਤਾ ਪਾਲਣਾ ਪਵੇਗਾ, ਥਰੀਸਾ ਦਾ ਚਿਹਰਾ ਉਦਾਸ ਜਿਹਾ ਹੋ ਗਿਆ, ਮੈਂ ਕਿਹਾ ਚਲੋ, ਸੋਚਾਂਗੇ, ਹੁਣ ਸਮਾਂ ਹੋ ਗਿਆ ਹੈ ਘਰ ਜਾਣ ਦਾ।

ਜੇ ਤੂੰ ਐਲਰਜੀ ਤੋਂ ਛੁਟਕਾਰਾ ਪਾਉਣਾ ਚਾਹੁੰਦੀ ਹੈਂ ਤਾਂ ਤੈਨੂੰ ਕੁੱਤਾ ਲੈਣਾ ਹੀ ਪਵੇਗਾ, ਉਸ ਨੂੰ ਪਿਆਰ ਕਰਨਾ ਹੀ ਪਵੇਗਾ। ਸਵਾਮੀ ਜੀ ਨੇ ਇਹ ਗੱਲ ਬੜੇ

(ਬਾਕੀ ਪੰਨਾ 60 ਤੇ)

# ਸੁਭਾਗ ਜੀ ਦਾ ਸੁਧਾਰ
# ਹੱਥੀਂ
# ਬਾਬਾ ਨੌਧ ਸਿੰਘ ਜੀ

*ਡਾ. ਭਾਈ ਵੀਰ ਸਿੰਘ ਜੀ*

## 12.

*"ਧਰਿ ਜੀਅਰੇ ਇਕ ਟੇਕ ਤੂ ਲਾਹਿ ਬਿਡਾਨੀ ਆਸ॥*
*ਨਾਨਕ ਨਾਮੁ ਧਿਆਈਐ ਕਾਰਜੁ ਆਵੈ ਰਾਸਿ॥*

*ਪੰਨਾ - 257*

ਪਿੰਡ ਵਿਚ ਇਸ ਤਰ੍ਹਾਂ ਦੇ ਕਈ ਨਵੇਂ ਨਵੇਂ ਮਾਮਲੇ ਵਰਤੇ, ਘਰ ਵਿਚ ਹਰ ਗੱਲ ਦੀ ਖਬਰ ਹੁੰਦੀ ਹੀ ਸੀ, ਸੋ ਸੁਭਾਗ ਜੀ ਭੀ ਸਭ ਕੁਛ ਜਾਣਦੇ ਸੀ। ਇਹ ਜੋ ਰਾਂਝੇ ਵਾਲਾ ਮਾਮਲਾ ਵਰਤਿਆ ਸੀ ਏਸ ਨੇ ਸੁਭਾਗ ਜੀ ਨੂੰ ਫਿਕਰ ਵਿਚ ਪਾ ਦਿੱਤਾ ਸੀ, ਉਹ ਆਪਣੇ ਜੀਵਨ ਵਿਚ ਮਾਂਦ੍ਰੀ ਜੀ ਦੇ ਭੁਲੇਖੇ ਤੋਂ ਮਗਰੋਂ ਨਾਮ ਧ੍ਰੀਕ ਲੋਕਾਂ ਦੇ ਅੰਦਰ ਰਹਿਕੇ ਸਾਰੇ ਹਾਲਾਤ ਵੇਖ ਆਈ ਸੀ। ਓਸ ਨੂੰ ਪਤਾ ਸੀ ਕਿ ਧਰਮ ਦਾ ਪ੍ਰਚਾਰ, ਜੋ ਅੱਜ ਕੱਲ ਹੋ ਰਿਹਾ ਹੈ, ਧਰਮ ਦੀਆਂ ਲੀਹਾਂ ਤੇ ਨਹੀਂ। ਅਸਲ ਵਿਚ ਇਸ ਸਮੇਂ ਦਾ ਧਰਮ ਪ੍ਰਚਾਰ ਇਸ ਅਸੂਲ ਤੇ ਟੇਕ ਨਹੀਂ ਰੱਖਦਾ ਕਿ ਇਕ ਆਦਮੀ ਨੂੰ ਆਪਣੇ ਆਤਮਾਂ ਦੀ ਅਕਹਿ ਤ੍ਰੇਹ ਤੇ ਨਾ ਸਮਝੇ ਜਾਣ ਵਾਲੇ ਅੰਦਰਲੇ ਸੱਖਣਾਪਨ ਨੂੰ ਕਿਸੇ ਅੰਮ੍ਰਿਤ ਕੁੰਡ ਤੋਂ ਠੰਢ ਪਈ ਹੈ ਤੇ ਉਹ 'ਠੰਢ ਪ੍ਰਾਪਤ ਸੱਜਣ' ਹੋਰਨਾ ਨੂੰ ਤਪਸ਼ ਵਿਚ ਵੇਖਕੇ ਉਸ ਠੰਢ ਨਾਲ ਸੁਖੀ ਕਰਨ ਵਾਸਤੇ ਉਨ੍ਹਾਂ ਨੂੰ ਅੰਮ੍ਰਿਤ ਚਸ਼ਮੇ ਦੇ ਪਤੇ ਦੱਸਦਾ ਹੈ, ਸਗੋਂ ਹੁਣ ਤਾਂ ਇਉਂ ਹੋ ਰਿਹਾ ਹੈ ਕਿ ਨਿਰੀ ਗੇਣਤੀ ਵਧੇ ਤੇ ਅਖਬਾਰਾਂ ਵਿਚ ਰਿਪੋਰਟ ਨਿਕਲੇ ਕਿ ਫਲਾਣੇ ਮਤ ਵਿਚ ਅਮਕੇ ਆਦਮੀ ਨੇ ਐਨੇਂ ਆਦਮੀ ਨਵੇਂ ਰਿਲਾਏ। ਜਿਸ ਤਰ੍ਹਾਂ ਕਾਰਖਾਨੇਦਾਰ ਨੇ ਕਾਰੀਗਰਾਂ ਦੀ ਗੇਣਤੀ ਵਧਾਉਣੀ ਹੁੰਦੀ ਹੈ ਤਾਂ ਉਹ ਕਾਰਖਾਨੇ ਦਾ ਮਾਲਕ ਉਪਰਾਲੇ ਕਰਦਾ ਹੈ ਯਾ ਰਾਜਾ ਨੂੰ ਫੌਜ ਵਧਾਉਣ ਲੱਗਿਆਂ ਉਪਰਾਲੇ ਕਰਨੇ ਪੈਂਦੇ ਹਨ, ਉਸੇ ਤਰ੍ਹਾਂ ਦੇ ਉਪਰਾਲਿਆਂ ਨਾਲ ਹੀ ਧਰਮ ਦੇ ਵਾੜੇ ਵਿਚ ਬੀ ਲੋਕਾਂ ਨੂੰ ਵਾੜਿਆ ਜਾਂਦਾ ਹੈ। ਕਾਮਯਾਬੀ ਲਈ ਜੀਕੂੰ ਕਈ ਵੇਰ ਸੰਸਾਰੀ ਲੋਕ ਪਰਵਾਹ ਨਹੀਂ ਕਰਦੇ ਕਿ ਉਹ ਕਿਨ੍ਹਾਂ ਵਸੀਲਿਆਂ ਨੂੰ ਵਰਤ ਰਹੇ ਹਨ, ਇਕੁਰ ਹੀ ਇਨ੍ਹਾਂ ਧਰਮੀ ਕਾਮਯਾਬੀਆਂ ਦੇ ਅਭਿਲਾਖੀਆਂ ਵਿਚ ਭੀ ਕਈ ਵਾਰ ਵਸੀਲਿਆਂ ਦੀ ਵੀਚਾਰ ਤੇ ਪਰਵਾਹ ਨਹੀਂ ਹੁੰਦੀ। ਉਂਞ ਤਾਂ ਆਦਮੀ ਇਕ ਭਾਈਚਾਰਕ ਜੀਵ ਹੈ, ਇਹ ਆਪਣੇ ਸਾਰੇ ਮਾਮਲੇ ਭਾਈਚਾਰਕ ਪੱਧਰ ਤੇ ਲੈ ਆਉਂਦਾ ਹੈ। ਹਾਂ, ਆਦਮੀ ਇਸੀ ਤਰ੍ਹਾਂ ਧਰਮ ਦੇ ਉਚ ਭਾਵ ਨੂੰ, ਜਿਨ੍ਹਾਂ ਦਾ ਮੰਡਲ ਬੜਾ ਖੁੱਲ੍ਹਾ ਤੇ ਉੱਚਾ ਹੈ, ਤੇ ਜਿਨ੍ਹਾਂ ਪਰ ਟਿਕੀ ਸੁਰਤ ਬੁੱਧੀ ਦੇ ਮੰਡਲਾਂ ਨੂੰ ਹੇਠਾਂ ਛੱਡ ਕੇ ਇਕ ਅਕਹਿ ਰਸ ਵਿਚ ਜਾ ਉਡਾਰੀਆਂ ਮਾਰਦੀ ਹੈ, ਇਸੇ ਭਾਈਚਾਰਕ ਪੱਧਰ ਤੇ ਧਰ ਦੇਂਦਾ ਹੈ, ਸਗੋਂ ਕਈ ਵੇਰ ਇਸ ਤੋਂ ਨੀਵਾਂ ਲਹਿ ਜਾਂਦਾ ਹੈ। ਆਦਮੀਅਤ ਦੀ ਉਚਜਾਈ ਨੂੰ ਬੀ ਭੁੱਲ ਜਾਂਦਾ ਹੈ। ਭਾਈਚਾਰਕ ਪੱਧਰ ਬੀ ਜੇ ਨਿਆਂ ਵਾਲੀ ਹੋਵੇ ਤਦ ਬੀ ਸੁਖ ਨਿਕਲੇ, ਪਰ ਉਹ ਬੀ ਧੱਕੇ ਧੋੜੇ ਵਾਲੀ ਹੋ ਰਹੀ ਹੈ। ਭਾਵੇਂ ਸੁਭਾਗ ਨੂੰ ਪਹਿਲਾਂ ਕੋਈ ਪਤਾ ਨਹੀਂ ਸੀ ਕਿ ਧਰਮ ਕੀ ਵਸਤੂ ਹੈ, ਪਰ ਸੱਚ ਦੀ ਟੇਕ ਤੇ ਪਵਿੱਤ੍ਰਤਾ ਦੀ ਕਣੀ ਜੋ ਕਿਸੇ ਸ਼ਕਲ ਵਿਚ ਉਸ ਦੇ ਅੰਦਰ ਦਮਕਦੀ ਸੀ ਉਸ ਨੂੰ ਸਲਾਮਤੀ ਨਾਲ ਹਰ ਦੁਖ ਵਿਚੋਂ ਕੱਢਦੀ ਛੇਕੜ ਉਥੇ ਲੈ ਗਈ ਸੀ ਕਿ ਜਿਥੇ ਕੁਦਰਤ ਨੇ ਉਸ ਨੂੰ ਇਕ ਸੱਚ ਮੁੱਚ ਦੇ ਧਰਮ ਵਾਲੇ ਆਦਮੀ ਦਾ ਦਰਸ਼ਨ ਕਰਾਇਆ ਤੇ ਜਿਸ ਨੇ ਉਸ ਦੇ ਅੰਦਰ ਆਤਮ ਅਨੁਭਵ ਦਾ ਲਿਸ਼ਕਾਰਾ ਦੇ ਕੇ ਉਸ ਦੇ ਦ੍ਰਿਸ਼ਟੀ ਮੰਡਲ ਨੂੰ ਉੱਚਾ ਕਰ ਦਿਤਾ। ਫਿਰ ਸੁਭਾਗ ਨੂੰ ਉਸੇ ਦਾਤੇ ਦੇ ਵਰੋਸਾਏ ਇਕ ਉਚ ਜੀਵਨ ਵਾਲੇ ਦਾ ਸਤਿਸੰਗ ਮਿਲ ਗਿਆ ਸੀ।

ਮਨੁੱਖ ਬੇਸ਼ੱਕ ਚਤਰ ਹੋ ਗਿਆ ਹੈ, ਪਰ ਸੁਖੀ ਨਹੀਂ ਹੋਇਆ। ਭਾਵੇਂ ਭੋਗਾਂ ਤੇ ਮੌਜਾਂ ਤੇ ਸਰੀਰਕ ਸੁਖਾਂ ਦੇ ਸਾਮਾਨ ਵੱਧ ਗਏ ਹਨ ਪਰ ਬਿਰਤੀ ਆਪਣੇ ਸੁਖ ਵਿਚ ਨਹੀਂ, ਉਹੋ ਲੌ ਲਈ ਤ੍ਰਿਸ਼ਨਾ, ਉਹੋ ਦੂਏ ਦਾ ਹੱਕ ਮਾਰਨਾ, ਉਹੋ ਸਾਰੀ ਵਿੱਦਯਾ ਤੇ ਬਲ ਨੂੰ ਦੂਸਰੇ ਦੇ ਦੁਖ ਲਈ ਖਰਚ ਕਰਨਾ, ਉਹੋ ਆਪ ਨੂੰ ਲੋਚਨਾਂ ਤੇ ਹੋਰਨਾਂ ਨੂੰ ਦਬੋਚਨਾ ਦਿਲਾਂ ਵਿਚ ਤੇ ਕੌਮਾਂ ਵਿਚ ਭਰਿਆ ਪਿਆ ਹੈ।

ਜਿਸ ਵੇਲੇ ਬਾਬਾ ਚਲਾ ਗਿਆ ਸੀ, ਸੁਭਾਗ ਨੇ ਉਸ ਵੇਲੇ ਤੋਂ ਉਦਾਸੀ ਦਾ ਫੇਰ ਰੰਗ ਡਿੱਠਾ, ਨਹੀਂ ਤਾਂ ਦਰਿਆ ਵਿਚੋਂ ਨਿਕਲਕੇ ਸੁਰਜੀਤ ਹੋਣ ਮਗਰੋਂ ਫੇਰ ਉਸ ਨੇ ਦਿਲਗੀਰੀ ਨਹੀਂ ਸੀ ਦੇਖੀ। ਉਹ ਸਦਾ ਖਿੜੀ ਤੇ ਟਿਕਵੀਂ ਖੁਸ਼ੀ ਵਿਚ ਰਹਿੰਦੀ ਸੀ, ਮਨ ਉਸ ਦਾ ਸਦਾ ਅਨੰਦ ਵਾਹਿਗੁਰੂ ਦੀ ਯਾਦ ਵਿਚ ਰਹਿੰਦਾ ਸੀ ਹੱਥ ਉਸ ਦੇ ਕਾਰ ਕਰਦੇ ਸਨ। ਪਰ ਅੱਜ ਦਿਲਗੀਰ ਹੋਈ ਕਿ ਪਿਤਾ ਜੀ, ਪਿਆਰੇ ਧਰਮ ਸਰੂਪ ਪਿਤਾ ਜੀ, ਪਤਾ ਨਹੀਂ ਘਰ ਸਲਾਮਤ ਆਉਂਦੇ ਹਨ ਕਿ ਕਿਸੇ ਖੇਚਲ ਦਾ ਮੂੰਹ ਦੇਖਦੇ ਹਨ। ਇਨ੍ਹਾਂ ਫਿਕਰਾਂ ਵਿਚ ਉਸ ਦੀਆਂ ਅੱਖਾਂ ਅੱਗੇ ਆਪਣੇ ਸਾਰੇ ਤਜਰਬੇ ਲੰਘੇ। ਦੋ ਕੁ ਘੰਟੇ ਉਦਾਸ ਰਹੀ, ਫੇਰ ਨੰਦ ਕੌਰ ਨੇ ਆਕੇ ਕਿਹਾ, 'ਬੱਚੀ! ਤੂੰ ਅੱਜ ਕਿਵੇਂ ਦਿਲਗੀਰੀ ਵਿਚ

ਪੈ ਰਹੀ ਹੈਂ? ਸੱਚ ਹੈ, ਤੇਰੇ ਪਿਤਾ ਜੀ ਕਿਸੇ ਔਖੇ ਕੰਮ ਗਏ ਹਨ, ਪਰ ਮਰਦ ਹੀ ਔਖੇ ਕੰਮ ਕਰਦੇ ਹਨ ਨਾਂ।'

ਸੁਭਾਗ – ਅੰਮਾ ਜੀ! ਤੁਸਾਨੂੰ ਪਤਾ ਨਹੀਂ ਕਿ ਮੈਂ ਸੰਸਾਰ ਦੇ ਕਿਨ੍ਹਾਂ ਚੱਕ੍ਰਾਂ ਵਿਚੋਂ ਲੰਘਕੇ ਆਈ ਹਾਂ, ਮੈਨੂੰ ਪਤਾ ਹੋਣ ਕਰਕੇ ਤੌਖਲਾ ਵਧੇਰਾ ਖਾ ਰਿਹਾ ਹੈ।

ਨੰਦ ਕੌਰ – ਸੁਣ ਬੱਚੀ! ਤੌਖਲਾ ਤੇ ਸਿੱਖ!! ਦੋਹਾਂ ਨੂੰ ਕੱਠਿਆਂ ਨਹੀਂ ਕਰਨਾ ਚਾਹੀਦਾ। ਭਾਵੇਂ ਸੱਚ ਹੈ ਕਿ ਦਿਲ ਔਖੀ ਵੇਲੇ ਹੌਲ ਖਾਧੇ ਬਿਨਾਂ ਰਹਿ ਨਹੀਂ ਸਕਦਾ, ਪੱਕੀਆਂ ਹੋਈਆਂ ਸੁਰਤਾਂ ਭੀ ਹਿੱਲ ਜਾਂਦੀਆਂ ਹਨ ਤੇ ਦਿਲ ਦਿਲਗੀਰੀਆਂ ਵਿਚ ਜਾ ਢਹਿੰਦਾ ਹੈ, ਪਰ ਸਿੱਖ ਦਾ ਧਰਮ ਇਹ ਤਾਂ ਨਹੀਂ ਨਾਂ ਕਿ ਰੁੜ੍ਹ ਜਾਵੇ ਤੇ ਹੌਲ ਨੂੰ ਆਖੇ ਕਿ ਆ ਮੇਰੇ ਕਾਲਜੇ ਨੂੰ ਖਾ ਜਾਹ, ਮੈਂ ਨਿਤਾਣਾ ਹੋ ਪਿਆ ਹਾਂ ਤੇ ਤੇਰਾ ਸ਼ਿਕਾਰ ਬਣ ਗਿਆ ਹਾਂ।

ਸੁਭਾਗ – ਤੇ ਫੇਰ ਅੰਮਾਂ ਜੀ! ਕੀ ਕਰੀਏ? ਜਿਸ ਨਿਖੁੱਟੀ ਨੂੰ ਘਰ ਬਾਰ, ਦੇਸ਼ ਵਤਨ, ਮਾਪੇ, ਸੱਜਣ ਗੁਆਕੇ ਤੇ ਪਦਾਰਥ ਵੰਞਾ ਕੇ ਆਪ ਦੇ ਘਰ ਆ ਆਸਰਾ ਮਿਲਿਆ ਹੋਵੇ, ਓਹ ਘਰ ਦੇ ਪਿਤਾ ਨੂੰ ਕਿਸੇ ਔਖ ਵਿਚ ਜਾਂਦਿਆਂ ਵੇਖੇ ਤਾਂ ਉਹ ਹੌਲ ਤੋਂ ਕੀਕੂੰ ਕਾਲਜੇ ਨੂੰ ਬਚਾ ਸਕੇ?

ਨੰਦ ਕੌਰ – ਬੱਚੀ!

ਅਰਦਾਸ ਨਾਲ,

ਸਿਦਕ ਨਾਲ,

ਚੜ੍ਹਦੀਆਂ ਕਲਾਂ ਨਾਲ।

ਤ੍ਰੈ ਦਾਰੂ ਗੁਰਸਿਖਾਂ ਦੇ ਪਾਸ ਹਨ।

ਅਰਦਾਸ ਕਰ ਕਿ "ਹੇ ਵਾਹਿਗੁਰੂ! ਮੇਰੇ ਪਿਤਾ ਦੇ ਅੰਗ ਸੰਗ ਹੋ"।

ਭਰੋਸਾ ਕਰ ਕਿ "ਮੇਰੇ ਪਿਤਾ ਨੇ ਕਦੇ ਵਾਹਿਗੁਰੂ ਨੂੰ ਨਹੀਂ ਭੁਲਾਇਆ, ਵਾਹਿਗੁਰੂ ਉਨ੍ਹਾਂ ਦੇ ਅੰਗ ਸੰਗ ਹੈ, ਕਦੇ ਦੂਰ ਨਹੀਂ ਹੋ ਸਕਦਾ।"

ਚੜ੍ਹਦੀਆਂ ਕਲਾਂ ਵਿਚ ਉਠ ਤੇ ਦੇਖ ਕਿ "ਅਰਸ਼ਾਂ ਦੇ ਫਰੇਸ਼ਤੇ, ਅਣਡਿੱਠ ਜਗਤ ਦੀਆਂ ਗੁਪਤ ਤਾਕਤਾਂ, ਗੁਰੂ ਕਲਗੀਆਂ ਵਾਲੇ ਦੇ ਅਕਾਲੀ ਬੇੜੇ ਦੇ ਅਣਦਿੱਸਦੇ ਮਹਾਂ ਪੁਰਖ ਪਰੋਪਕਾਰੀ ਸਿੱਖ ਤੇਰੇ ਪਿਤਾ ਦੇ ਨਾਲ ਨਾਲ ਜਾ ਰਹੇ ਹਨ। ਵਾਹਿਗੁਰੂ ਨੇ ਆਪਣੇ ਪਿਆਰੇ ਉਨ੍ਹਾਂ ਦੀ ਰਾਖੀ ਲਈ ਘੱਲੇ ਹਨ ਤੇ ਓਹ ਉਨ੍ਹਾਂ ਦੀ ਛਾਵੇਂ ਟੁਰ ਰਹੇ ਹਨ"।

ਕਾਕੀ – ਉਨ੍ਹਾਂ ਦੀ ਵਾ ਵੱਲ ਕੌਣ ਤੱਕਣ ਵਾਲਾ ਜੰਮ ਪਿਆ ਹੈ? ਕੋਈ ਔਖ ਉਨ੍ਹਾਂ ਨੂੰ ਨਪ ਨਹੀਂ ਸਕਦਾ, ਉਨ੍ਹਾਂ ਅੱਗੇ ਹਰ ਬਲਾ ਜੋ ਆਵੇਗੀ ਰੱਦ ਹੋ ਜਾਵੇਗੀ। ਭੋਲੀਏ! ਕਦੇ 'ਜੀਉਂਦੇ' ਨੂੰ 'ਮੁਰਦਾ' ਮਾਰ ਸਕਦਾ ਹੈ? ਤੇਰੇ ਪਿਤਾ ਜੀ ਦੇ ਅੰਦਰ ਜੀਵਨ ਦੀ ਕਣੀ ਹੈ, ਉਹ ਕਣੀ ਹੈ –

*ਕਿਨਕਾ ਏਕ ਜਿਸੁ ਜੀਅ ਬਸਾਵੈ॥*
*ਤਾ ਕੀ ਮਹਿਮਾ ਗਨੀ ਨ ਆਵੈ॥* *ਪੰਨਾ - 262*

ਉਸ ਜੀਉਂਦੇ ਕਿਣਕੇ ਨੇ ਉਹਨਾਂ ਨੂੰ 'ਜੀਵਾ' ਕੀਤਾ ਹੈ, ਤੂੰ ਆਪ ਉਹ ਕਿਣਕਾ ਪਾਇਆ ਹੈ, ਤੂੰ ਜੀਵੀ ਹੋਈ ਹੈਂ, ਤੈਨੂੰ ਪਤਾ ਹੈ, ਫੇਰ ਚੜ੍ਹਦੀਆਂ ਕਲਾਂ ਵਿਚ ਆ ਤੇ ਸੋਚ ਕਿ ਤੇਰੇ ਪਿਤਾ ਜੀ ਜੀਂਵਦੇ ਹਨ ਤੇ ਮੁਰਦੇ ਲੋਕ ਜਿਨ੍ਹਾਂ ਦੇ ਅੰਦਰ ਲਿਵ ਨਹੀਂ ਹੈ, ਓਹ ਜੀਉਂਦੇ ਦਾ ਕੀਹ ਕਰ ਸਕਦੇ ਹਨ?

*ਸਾਚੀ ਲਿਵੈ ਬਿਨੁ ਦੇਹ ਨਿਮਾਣੀ॥* *ਪੰਨਾ - 917*

ਲਿਵ ਤੋਂ ਸੱਖਣੀ ਦੇਹ ਨਿਮਾਣੀ ਹੋ ਚੁਕੀ ਹੈ, ਨਿਮਾਣਿਆਂ ਨੇ ਤੇਰੇ ਪਿਤਾ ਨੂੰ ਕੀ ਕਰ ਸੱਕਣਾ ਹੈ? ਕੌਣ ਹੈ ਜੋ ਉਹਨਾਂ ਪਰ ਭਾਰੂ ਹੈ –

*ਹਾਥੁ ਪਸਾਰਿ ਸਕੈ ਕੋ ਜਨ ਕਉ*
*ਬੋਲਿ ਸਕੈ ਨ ਅੰਦਾਜਾ॥* *ਪੰਨਾ - 856*

ਕਿਉਂ ਆਪਣੇ ਸੁਹਣੇ ਬਾਬਲ ਨੂੰ ਤੂੰ ਵਾਹਿਗੁਰੂ ਤੋਂ ਭੁੱਲੇ, ਲਿਵ ਛੁਟਕੇ, ਨਿਤਾਣੇ ਜੀਵਾਂ ਵਾਂਗੂੰ ਸਮਝਕੇ ਅਪਣੇ ਢੱਠੇ ਧਿਆਨ ਨਾਲ ਉਹਨਾਂ ਦੀ ਸੁਰਤ ਨੂੰ ਡੇਗਣ ਦਾ ਜਤਨ ਕਰ ਰਹੀ ਹੈਂ?

ਸੁਭਾਗ – ਅੰਮਾਂ! ਮੈਂ ਇਕ ਗਲ ਨਹੀਂ ਸਮਝੀ।

ਨੰਦ ਕੌਰ – ਬੱਚੀ! ਪਿਆਰ ਤੇ ਭੈ ਦੇ ਕਾਰਨ ਤੇਰੇ ਮਨ ਅੱਗੇ ਤੇਰੇ ਪਿਤਾ ਦਾ ਦ੍ਰਿੜ੍ਹ ਧਿਆਨ ਬੱਝ ਗਿਆ ਹੈ ਤੇ ਤੂੰ ਕਰ ਰਹੀ ਹੈਂ ਫਿਕਰ ਤੇ ਤੌਖਲਾ, ਇਸ ਤਰ੍ਹਾਂ ਤੇਰੇ ਫਿਕਰ ਤੌਖਲੇ ਦੀਆਂ ਲਹਿਰਾਂ ਉਨ੍ਹਾਂ ਦੇ ਮਨ ਤੇ ਪੈ ਰਹੀ ਹਾਂ ਹਨ ਤੇ ਚਾਹੀਦਾ ਇਹ ਹੈ ਕਿ ਅਸੀਂ ਐਸੀਆਂ ਲਹਿਰਾਂ ਘੱਲੀਏ ਕਿ ਜੋ ਉਹਨਾਂ ਦੀ ਸੁਰਤ ਨੂੰ ਉੱਚਾ ਕਰਨ ਵਿਚ ਡਾਢ ਦੇਣ।

ਸੁਭਾਗ – ਕਿਵੇਂ?

ਨੰਦ ਕੌਰ – ਬੱਚੀ! ਜੇ ਤਾਂ ਮਨ ਆਪਣਾ ਉੱਚਾ ਨਹੀਂ ਹੁੰਦਾ ਤਾਂ ਵਾਹਿਗੁਰੂ, ਗੁਰੂ ਕਲਗੀਆਂ ਵਾਲੇ ਦਾ ਧਿਆਨ ਕਰਕੇ ਉਹਨਾਂ ਦੇ ਚਰਨਾਂ ਵਿਚ ਅਰਦਾਸ ਕਰੋ ਕਿ "ਹੇ ਸੱਚੇ ਪਾਤਸ਼ਾਹ! ਤੁਸੀਂ ਮੇਰੇ ਬਾਬਲ ਦੇ ਅੰਗ ਸੰਗ ਹੋ ਕੇ ਉਹਨਾਂ ਦੇ ਸਹਾਈ ਹੋਵੋ"।

ਜੇ ਸੁਰਤ ਸਿਦਕ ਵਿਚ ਆਕੇ ਚੰਗੀ ਜੁੜਨ ਲੱਗ ਗਈ ਹੈ ਤਾਂ ਇਹ ਤੱਕੋ ਕਿ ਬਾਬਲ ਜੀ ਦੇ ਸਿਰ ਤੇ –

*ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ ਸਰਬ ਜੀਆ ਕਾ ਦਾਤਾ ਰੇ॥*

*ਪ੍ਰਤਿਪਾਲੈ ਨਿਤ ਸਾਰਿ ਸਮਾਲੈ............॥*

*ਪੰਨਾ - 612*

ਖੜਾ ਹੈ। ਹਾਂ "ਸਾਣਥ ਮੇਰੀ ਆਪ ਖੜਾ" ਨਾਲ ਨਾਲ ਜਾ ਰਿਹਾ ਹੈ। ਨਹੀਂ ਨਹੀਂ, ਅੱਗੇ ਅੱਗੇ ਜਾਕੇ ਕੰਮ ਕਾਜ ਸੁਆਰ ਰਿਹਾ ਹੈ -

*ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥*
*ਸੇਵਕ ਕਉ ਨਿਕਟੀ ਹੋਇ ਦਿਖਾਵੈ॥ ਪੰਨਾ - 403*

ਗੁਰੂ ਵਾਕ ਹੈ -

*ਊਠਤ ਸੁਖੀਆ ਬੈਠਤ ਸੁਖੀਆ॥*
*ਭਉ ਨਹੀ ਲਾਗੈ ਜਾਂ ਐਸੇ ਬੁਝੀਆ॥*
*ਰਾਖਾ ਏਕੁ ਹਮਾਰਾ ਸੁਆਮੀ॥*
*ਸਗਲ ਘਟਾ ਕਾ ਅੰਤਰਜਾਮੀ॥ਰਹਾਉ॥*
*ਸੋਇ ਅਚਿੰਤਾ ਜਾਗਿ ਅਚਿੰਤਾ॥*
*ਜਹਾ ਕਹਾਂ ਪ੍ਰਭੁ ਤੂੰ ਵਰਤੰਤਾ॥*
*ਘਰਿ ਸੁਖਿ ਵਸਿਆ ਬਾਹਰਿ ਸੁਖੁ ਪਾਇਆ॥*
*ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ॥ ਪੰਨਾ - 1136*

ਸੁਭਾਗ - (ਲੰਮਾਂ ਸਾਹ ਲੈ ਕੇ ਤੇ ਅੰਮਾਂ ਨੂੰ ਗਲੱਕੜੀ ਪਾ ਕੇ) ਮਾਂ ਜੀ! ਤੁਸਾਂ ਮੇਰੇ ਕਾਲਜੇ ਨੂੰ ਠੰਢ ਪਾ ਦਿੱਤੀ ਹੈ। ਮੈਂ ਕੇਡੀ ਮੂਰਖ ਹਾਂ ਜੋ ਆਪਣੇ ਐਸੇ ਬਾਬਲ ਲਈ ਤੌਖਲਾ ਕਰ ਰਹੀ ਹਾਂ ਕਿ ਜਿਸ ਦੇ ਅੰਦਰ ਸੱਚੇ ਗੁਰੂ ਨੇ 'ਨਾਮ' ਦਾ ਮਹਾਂ ਮੰਤ੍ਰ ਦ੍ਰਿੜ੍ਹ ਕਰ ਦਿੱਤਾ ਹੈ, ਉਨ੍ਹਾਂ ਲਈ 'ਘਰਿ ਸੁਖਿ ਵਸਿਆ' ਤੇ ਉਨ੍ਹਾਂ 'ਬਾਹਰਿ ਸੁਖੁ ਪਾਇਆ' ਹੈ। ਅੰਮਾਂ ਮੈਂ ਭੁਲਿਆਂ ਵਿਚੋਂ ਹਾਂ, ਤੁਸਾਂ ਮੋਈ ਨੂੰ ਜਿਵਾ ਕੇ ਗੋਦੀ ਪਾਇਆ ਹੈ, ਪਰ ਮੈਨੂੰ ਪੁਰਾਣਾ ਸੁਭਾਉ 'ਤੌਖਲੇ ਦਾ' ਆ ਹੀ ਜਾਂਦਾ ਹੈ। ਮੈਂ ਕੀ ਕਰਾਂ?

ਅੰਮਾਂ - ਬੱਚਾ! ਤਕੜੀ ਹੋ। ਜੋ 'ਲਿਵ' ਤੋਂ ਖਾਲੀ ਹੈ, ਤ੍ਰਿਸ਼ਨਾ ਵਿਚ ਹੈ, ਉਹ ਤੌਖਲੇ ਵਿਚ ਹੈ। ਜਾਂ ਢੱਠੇ ਹੋਏ ਤੌਖਲੇ ਵਿਚ, ਜਾਂ ਹੰਕਾਰ ਭਰੇ ਤੌਖਲੇ ਵਿਚ। ਅਸਲ ਤਾਕਤ ਲਿਵ ਵਾਲੇ ਵਿਚ ਹੈ। ਤੈਨੂੰ ਜੋ ਹੌਲ ਪਿਆ ਹੈ ਇਹ ਲਿਵ ਛੁੱਟਣ ਦਾ, ਜਾਂ ਭੈ ਭਰਮ ਦਾ ਪੈਦਾ ਕੀਤਾ ਤੌਖਲਾ ਨਹੀਂ, ਤੇ ਨਾ ਹੀ ਇਹ ਵਹਿਮ ਤੇ ਈਰਖਾ ਦਾ ਤੌਖਲਾ ਹੈ। ਤੈਨੂੰ ਪਿਤਾ ਦੇ ਪਿਆਰ ਨੇ ਘਬਰਾਇਆ ਹੈ ਤੇ ਉਸ ਘਬਰਾ ਕਰਕੇ ਤੇਰੀ ਸੁਰਤ ਨਾਮ ਤੋਂ ਹਿੱਲਕੇ ਭੈ ਦੇ ਘਰ ਜਾ ਵੜੀ, ਫੇਰ ਤੌਖਲੇ ਨੇ ਤੈਨੂੰ ਨੱਪ ਲਿਆ। ਮੈਂ ਸਮਝਦੀ ਹਾਂ ਇਹ ਮੋਹ ਤੇ ਪਿਆਰ ਦਾ ਮਾਮਲਾ ਹੈ। ਜੇ ਤੈਨੂੰ ਪਿਤਾ ਵਿਚ ਕੋਈ ਹੁੱਬ ਨਾਂ ਹੁੰਦੀ ਤੇ ਤੂੰ ਬੇਅਸਰ ਦਿਲ ਰਹਿੰਦੀਓਂ ਤਾਂ ਮੈਂ ਤੈਨੂੰ ਖਰੜ ਗਿਆਨਣ ਤੇ ਕੋਰੜੂ ਪੰਡਤ ਆਖਦੀ, ਜਿਸ ਦੇ ਮਨ ਵਿਚ ਅਸਲੀ ਖ਼ੁਸ਼ਬੋ ਨਹੀਂ। ਪਿਆਰ ਹੋਵੇ, ਪਿਆਰ ਦੇ ਵਲਵਲੇ ਉੱਠਣ, ਪਰ ਪਿਆਰ ਦੇ ਵਲਵਲੇ ਉਠ ਕੇ ਸਾਨੂੰ ਉੱਚਾ ਲੈ ਜਾਣ, ਸਿਦਕ ਭਰੋਸੇ ਚੜ੍ਹਦੀਆਂ ਕਲਾਂ ਵਿਚ ਲੈ ਜਾਣ, ਇਹ ਅਸਲ 'ਜੀਵੇ' ਹੋਣਾ ਹੈ।

ਸੁਭਾਗ - ਪਰ ਅੰਮਾਂ! ਜਦੋਂ ਇਹੋ ਜਿਹੀ ਠੁਹਕਰ ਵੱਜੇ ਤਾਂ ਉਠੇ ਕੀਕੂੰ, ਜਿਵੇਂ ਜੇ ਤੁਸੀਂ ਅੱਜ ਮੈਨੂੰ ਨਾਂ ਉਠਾਲਦੇ ਤਾਂ ਮੈਂ ਅਪਣੇ ਵਹਿਮਾਂ ਵਿਚ ਰੁੜ੍ਹੀ ਹੀ ਜਾਂਦੀ ਤੇ ਬਾਪੂ ਜੀ ਨੂੰ ਆਪਣੇ ਤੌਖਲੇ ਵਾਲੇ ਖਿਆਲਾਂ ਦੀਆਂ ਰੌਆਂ ਘੱਲੀ ਜਾਂਦੀ ਤੇ ਸਗੋਂ ਪਿਆਰ ਦੀ ਥਾਂ ਭੁਲੇਵੇ ਵਿਚ ਪਈ ਇਕ ਤਰ੍ਹਾਂ ਵੈਰ ਕਰੀ ਜਾਂਦੀ।

ਅੰਮਾਂ - ਤੁਸੀਂ ਹੌਲੇ ਹੌਲੇ ਤਕੜੇ ਹੋ ਜਾਉਗੇ, ਚੇਤੇ ਰਖੋ, ਮਨ ਕਦੇ ਨਾ ਡੋਲੇ। ਜੇ ਡੋਲੇ ਤਾਂ ਅਰਦਾਸ ਕਰੇ, ਗੁਰਬਾਣੀ ਦਾ ਵਿਚਾਰ ਕਰੇ, ਗੁਰਸਿਖਾਂ ਦੀਆਂ ਕਰਨੀਆਂ ਸਿਦਕ ਤੇ ਭਰੋਸਿਆਂ ਦਾ ਚੇਤਾ ਕਰੇ। ਕੋਈ ਪ੍ਰੇਮੀ ਨਾਮ ਪਿਆਰ ਵਾਲਾ ਨੇੜੇ ਹੋਵੇ ਤਾਂ ਉਸ ਨਾਲ ਦੁੱਖ ਵੰਡੇ, ਬੱਸ ਕਾਰਜ ਰਾਸ ਹੈ। ਸਤਿਸੰਗ ਹੀ ਸਦਾ ਸੱਚਾ ਆਸਰਾ ਪਰਨਾ ਹੈ।

ਕਾਕੋ! ਇਹ ਵੀ ਇਕ ਵਿਦਿਆ ਹੈ, ਇਹ ਵਿਦਿਆ ਸਮੇਂ ਸਿਰ ਆਉਂਦੀ ਹੈ। ਏਸ ਵਿਦਿਆ ਨਾਲ ਸਾਡੇ 'ਅੰਦਰਲੇ' ਨੂੰ ਉਚਰਾਣਾਂ ਲਭਦੀਆਂ ਹਨ। ਜਿਉਂ ਜਿਉਂ ਹੱਡੀਂ ਵਾਪਰਨ, ਤਿਉਂ ਤਿਉਂ ਸਤਿਸੰਗ ਦੀ ਮਿਹਰ ਨਾਲ ਵੱਧ ਤੋਂ ਵੱਧ ਇਹ ਵਿਦਿਆ ਆਉਂਦੀ ਜਾਂਦੀ ਹੈ। ਸੋ ਅੱਜ ਤੂੰ ਕਾਕੋ! ਇਕ ਸਿਖਿਆ ਹੋਰ ਸਿੱਖੀ ਹੈ।

ਸੁਭਾਗ - ਹੁਣ ਮਾਂ ਜੀ! ਫੇਰ ਮੇਰੀਆਂ ਅੱਖਾਂ ਅੱਗੇ ਬਾਬਲ ਜੀ ਘੋੜੇ ਤੇ ਚੜ੍ਹੇ ਜਾ ਰਹੇ ਦਿੱਸਦੇ ਹਨ। ਲਾਲ ਚਿਹਰਾ ਹੈ, ਬੜੇ ਖ਼ੁਸ਼ ਹਨ ਤੇ ਉਚੇ ਰੰਗ ਵਿਚ ਹਨ। ਵਾਹਿਗੁਰੂ ਵੱਲ ਉਨ੍ਹਾਂ ਦਾ ਧਿਆਨ ਹੈ ਤੇ ਉਤੋਂ ਵਾਹਿਗੁਰੂ ਦੀ ਮਿਹਰ ਦਾ ਮੀਂਹ ਉਨ੍ਹਾਂ ਉਤੇ ਵਸ ਰਿਹਾ ਹੈ। ਹਰ ਸ਼ੈ, ਹਰ ਜੀਵ, ਹਰ ਆਦਮੀ ਉਨ੍ਹਾਂ ਦੇ ਅੱਗੇ ਝੁਕ ਰਿਹਾ ਹੈ ਤੇ ਉਹ ਸ਼ੇਰ ਵਾਂਗੂੰ ਨਿਰਭੈ ਜਾ ਰਹੇ ਹਨ।

ਅੰਮਾ - ਬੱਸ ਬੱਚਾ, ਇਹ ਹੈ ਧਿਆਨ ਜੋ ਤੇਰੇ ਬਾਬਲ ਨੂੰ ਸੁਖ ਦੇਵੇਗਾ, ਉਹਨਾਂ ਨਾਲ ਤੇਰੇ ਪਿਆਰ ਦਾ ਇਹ ਸੁਖਦਾਈ ਹਿੱਸਾ ਹੈ। ਲਿਵ ਵਾਲਿਆਂ ਦਾ ਇਹੋ ਪਿਆਰ ਹੈ, ਆਪ ਉੱਚਾ ਰਹਿਣਾ ਲਿਵ ਵਿਚ, ਚੜ੍ਹਦੀਆਂ ਕਲਾਂ ਵਿਚ ਤੇ ਪਿਆਰੇ ਦੇ ਮਨ ਨੂੰ ਉੱਚਾ ਰੱਖਣ ਲਈ ਤੋਸ਼ਾ ਘੱਲੀ ਜਾਣਾ। ਪਿਆਰ ਬੜਾ ਉਡਣ ਪੰਖੇਰੂ ਹੈ, ਖਿਆਲ ਨਾਲ ਪਿਆਰ ਨੂੰ, ਬੱਚਾ! ਸੈਆਂ ਕੋਹਾਂ ਤੇ ਟੋਰ ਦੇਈਦਾ ਹੈ ਤੇ ਪਿਆਰ ਨਾਲ ਪਿਆਰੇ ਦੀ ਸੁਰਤ ਨੂੰ ਉੱਚਾ ਕਰੀ ਜਾਈਦਾ ਹੈ।

ਇਸ ਤਰ੍ਹਾਂ ਬਚਨ ਬਿਲਾਸ ਪਿੰਡ ਦੀ ਇਕ ਸਿਆਣੀ, ਸਿਧੀ ਸਾਦੀ, ਪਰ ਸੁਰਜੀਤ ਅੰਦਰਲੇ ਵਾਲੀ, ਗੁਰਬਾਣੀ ਦੀ ਗੂਹੜੀ ਵਰਤੋਂ ਤੇ ਸਮਝ ਵਾਲੀ ਮਾਈ ਆਪਣੀ ਪਿਆਰੀ ਪੁੱਤ੍ਰੀ ਨਾਲ ਕਰਦੀ ਰਹੀ। ਆਪ ਭੀ ਤੇ ਕਾਕੀ

ਭੀ ਇਹ ਸੁਹਣਾ ਸਹਾਰਾ, ਆਪਣੇ ਪਰਉਪਕਾਰ ਦੇ ਕੰਮ ਤੇ ਗਏ ਜੀਉਂਦੇ ਪਿਆਰੇ ਨੂੰ ਘੱਲਦੀਆਂ ਰਹੀਆਂ। ਅਗੋਂ ਪਾਠਕਾਂ ਨੂੰ ਪਤਾ ਹੀ ਹੈ ਕਿ ਕੀਕੂੰ ਬਾਬੇ ਹੁਰੀਂ ਜਿਣ ਘਰ ਆਏ ਸਨ।

ਇਸ ਤੋਂ ਮਗਰੋਂ ਜਦ ਤਕ ਕਿ ਮਾਮਲੇ ਦਾ ਫੈਸਲਾ ਨਹੀਂ ਹੋ ਗਿਆ ਕਈ ਵੇਰ ਸੁਭਾਗ ਜੀ ਨੂੰ ਤੌਖਲਾ ਉਠ ਖੜੋਂਦਾ, ਪਰ ਉਹ ਝਟ ਦੂਰ ਹੋ ਜਾਂਦਾ, ਕਿਉਂਕਿ ਹੁਣ ਉਸ ਨੂੰ ਜੋ ਬਾਣੀ ਦੀ ਰਸੀਆ ਹੋ ਚੁਕੀ ਸੀ – ਇਹ ਜਾਚ ਭੀ ਆ ਗਈ ਸੀ ਕਿ ਨਾਮੀ ਪੁਰਖ ਦੀ ਸੁਰਤ ਜਦੋਂ ਕਿਸੇ ਹੀ ਕਾਰਨ ਕਰਕੇ 'ਖੇੜੇ' ਦੇ ਘਰ ਵਿਚੋਂ ਨਿਕਲਕੇ 'ਤੌਖਲੇ' ਦੇ ਘਰ ਚਲੀ ਜਾਵੇ ਤਾਂ ਕੀਕੂੰ ਉਸ ਨੂੰ ਉਥੋਂ ਕੱਢ ਕੇ ਫੇਰ ਅਸਲੀ ਚੜ੍ਹਦੀਆਂ ਕਲਾਂ ਦੀ ਉਚਿਆਈ ਤੇ ਪੁਚਾ ਲਈਦਾ ਹੈ। ਉਸ ਨੂੰ 'ਅਰਦਾਸ ਕਿਸ ਵੇਲੇ ਦਾ ਦਾਰੂ ਹੈ' ਸਮਝ ਆ ਗਈ। ਬਾਣੀ ਦੀ ਵਿਚਾਰ ਤੇ ਗੁਰ ਸਿਖਾਂ ਦੀਆਂ ਸਾਖੀਆਂ ਤੋਂ ਕੀਕੂੰ ਸੁਰਤ ਚੜ੍ਹਦੀਆਂ ਕਲਾਂ ਵਿਚ ਲਿਜਾਈਦੀ ਹੈ, ਇਹ ਸੋਝੀ ਤੇ ਅਮਲੀ ਵਰਤੋਂ ਆ ਗਈ। ਹਾਂ, ਕੀਕੂੰ ਦੁਖ ਵੇਲੇ ਆਪ ਉਚੇ ਰਹੀਦਾ ਹੈ ਤੇ ਕੀਕੂੰ ਪਿਆਰਿਆਂ ਦੀ ਸੁਰਤ ਨੂੰ ਦੁਖ ਵੇਲੇ ਆਪਣੀ ਸੁਰਤ ਨਾਲ, ਕਿ ਅਰਦਾਸ ਨਾਲ, ਤੁਲਹਾ ਦਈਦਾ ਹੈ। ਉਸ ਨੂੰ ਸਿਦਕ ਦੀ ਸਮਝ ਪੈ ਗਈ ਕਿ ਵਾਹਿਗੁਰੂ ਅੰਗ ਸੰਗ ਹੈ ਤੇ ਸਾਡਾ ਪਿਤਾ ਹੈ ਤੇ ਸਾਡਾ ਉਸ ਦਾ ਨਿਜ ਦਾ ਸੰਬੰਧ ਹੈ। ਜਿੱਦਾਂ ਜਗਤ ਵਾਲਾ ਸਰੀਰਕ ਪਿਤਾ ਪਿਆਰ ਕਰਦਾ ਹੈ ਏਦਾਂ ਰੱਬ ਸਾਡੇ ਨਾਲ ਪਿਆਰ ਕਰਦਾ ਹੈ। ਹਰ ਪ੍ਰਾਣੀ ਉਸ ਦਾ ਪੁੱਤ ਹੈ ਤੇ ਇਸ ਪਿਆਰ ਵਾਲੇ ਨਾਤੇ ਦਾ ਨਿਜ ਦਾ ਸੰਬੰਧ ਇਹ ਸੱਚਾ ਸੁਖ ਹੈ। ਉਹ ਪਿਆਰ ਕਰਦਾ ਹੈ, ਅਸੀਂ ਉਸ ਨੂੰ ਯਾਦ ਨਹੀਂ ਰਖਦੇ, ਉਸ ਦੀ ਯਾਦ ਨੂੰ, ਉਸ ਦੇ ਪਿਆਰ ਨੂੰ ਅੰਦਰ ਵਸਾਉਣਾ ਸਾਡਾ ਕੰਮ ਹੈ, ਉਸ ਦੀ ਸ਼ਰਨ ਰਹਿਣਾ, ਉਸ ਨਾਲ ਲਿਵ ਵਿਚ ਵੱਸਣਾ, ਉਸ ਦੀ ਹਜ਼ੂਰੀ ਵਿਚ ਵਿਚਰਨਾ ਵਰਤੋਂ ਹੈ। ਫੇਰ –

*ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ॥*
*ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ॥*
*ਸਤਿਗੁਰੁ ਪੂਰਾ ਭੇਟਿਆ ਜਿਨਿ ਬਣਤ ਬਣਾਈ॥*
*ਰਾਮ ਨਾਮ ਅਉਖਧੁ ਦੀਆ ਏਕਾ ਲਿਵ ਲਾਈ॥ ਰਹਾਉ॥*
*ਰਾਖਿ ਲੀਏ ਤਿਨਿ ਰਖਨਹਾਰਿ ਸਭ ਬਿਆਧਿ ਮਿਟਾਈ॥*
*ਕਹੁ ਨਾਨਕ ਕਿਰਪਾ ਭਈ ਪ੍ਰਭ ਭਏ ਸਹਾਈ॥*

***ਪੰਨਾ - 819***

(ਪੰਨਾ 56 ਦੀ ਬਾਕੀ)

ਪਿਆਰ ਨਾਲ ਤੇ ਬੜੇ ਕਰੜੇ ਤਰੀਕੇ ਨਾਲ ਕਹੀ।

ਇਹ ਕੀ? ਮੈਂ ਤੇ ਸਵਾਮੀ ਜੀ ਨੇ ਇਕ ਦੂਸਰੇ ਵਲ ਦੇਖਿਆ ਤੇ ਮੈਂ ਸਾਰੀ ਗੱਲ ਸਮਝ ਗਿਆ। ਅਸੀਂ ਕਿਰਾਏ ਦੇ ਘਰ ਵਿਚ ਰਹਿੰਦੇ ਸੀ ਜਿਥੇ ਪਿਛੇ 150 ਏਕੜ ਜ਼ਮੀਨ ਸੀ। ਕੁੱਤਾ ਉਸ ਦੀ ਰਖਵਾਲੀ ਵੀ ਕਰੇਗਾ, ਮੈਂ ਅੰਦਰ ਬਾਹਰ ਵੀ ਰਹਿੰਦਾ ਸੀ, ਇਸ ਲਈ ਇਹ ਜ਼ਰੂਰੀ ਵੀ ਸੀ। ਥਰੀਸਾ ਹਾਲੇ ਆਪਣਾ ਮਨ ਬਣਾ ਰਹੀ ਸੀ।

ਸਵਾਮੀ ਜੀ ਕਹਿਣ ਲੱਗੇ, ਤੁਸੀਂ ਕੋਈ ਕੁੱਤਾ ਨਹੀਂ ਲੈ ਸਕਦੇ। ਚੰਗਾ ਵੱਡਾ ਕੁੱਤਾ ਹੋਣਾ ਚਾਹੀਦਾ ਹੈ, ਜਦੋਂ ਤੁਸੀਂ ਉਸ ਨੂੰ ਪਿਆਰ ਕਰੋਗੇ, ਮੈਂ ਗਰੰਟੀ ਕਰਦਾ ਹਾਂ, ਤੁਸੀਂ ਠੀਕ ਹੋ ਜਾਓਗੇ।

ਥਰੀਸਾ ਦੀਆਂ ਅੱਖਾਂ ਵੱਡੀਆਂ ਹੋ ਗਈਆਂ ਤੇ ਡਰ ਨਾਲ ਭਰ ਗਈਆਂ।

ਸਵਾਮੀ ਜੀ ਨੇ ਮੇਰੇ ਵਲ ਦੇਖਿਆ ਤੇ ਕਿਹਾ, ਵੱਡਾ ਕੁੱਤਾ ਕਿਹੜਾ ਹੁੰਦਾ ਹੈ? ਮੇਰਾ ਧਿਆਨ ਇਕ ਦਮ ਆਇਰਿਸ਼ ਵੱਡੇ ਕੁੱਤੇ ਵਲ ਗਿਆ ਜਾਂ ਫੇਰ ਗਰੇਟ ਡੇਨ ਵਲ ਗਿਆ, ਸਵਾਮੀ ਜੀ ਨੇ ਦੋਨਾਂ ਲਈ ਹਾਂ ਕਰ ਦਿਤੀ।

ਥੋੜ੍ਹੇ ਦਿਨ ਬਾਅਦ ਇਕ ਕਤੂਰਾ ਮਿਲ ਗਿਆ, ਉਹ ਗਰੇਟ ਡੇਨ ਨਸਲ ਦਾ ਸੀ। (great Dane) ਸੀ ਉਹ ਨੌਂ ਬੱਚੇ ਸੀ ਅਸੀਂ ਹੁਣ ਸੋਚਣ ਲਗ ਪਏ ਕਿਹੜਾ ਲਈਏ? ਥਰੀਸਾ ਤੇ ਮੈਂ ਓਥੇ ਬੈਠ ਗਏ, ਥੋੜ੍ਹੀ ਦੇਰ ਬਾਅਦ ਇਕ ਕਤੂਰਾ ਦੂਸਰਿਆਂ ਨਾਲੋਂ ਵੱਖ ਹੋ ਕੇ ਬਾਹਰ ਆ ਗਿਆ। ਸੋ ਅਸੀਂ ਸੋਚਿਆ ਇਹ ਹੀ ਸਾਡੇ ਨਾਲ ਜਾਣਾ ਚਾਹੁੰਦਾ ਹੈ, ਅਸੀਂ ਕਿਹਾ ਇਹ ਹੀ ਸਾਡੇ ਲਈ ਹੈ।

ਪਹਿਲੇ ਤਿੰਨ ਹਫਤੇ ਤਾਂ ਕਹਿਰ ਦੇ ਨਿਕਲੇ। ਖਾਸ ਕਰਕੇ ਥਰੀਸਾ ਲਈ। ਉਸ ਦਾ ਸਾਹ ਉਖੜ ਜਾਣਾ, ਸਾਹ ਨਾ ਆਉਣਾ, ਚੱਕਰ ਆਉਣੇ, ਘਬਰਾਹਟ, ਇਹ ਸਭ ਕੁਝ ਨਾਲ ਥਰੀਸਾ ਸੱਚਮੁੱਚ ਬਹੁਤ ਹੀ ਪਰੇਸ਼ਾਨ ਸੀ ਪਰ ਇਸ ਸਮੇਂ ਵਿਚ ਡਬਲਿਨ (ਕੁੱਤੇ ਦਾ ਨਾਮ) ਨੇ ਜਿਹੜਾ ਪਿਆਰ ਸਨੇਹ ਥਰੀਸਾ ਨੂੰ ਦਿਤਾ ਉਸ ਨਾਲ ਉਸ ਨੇ ਥਰੀਸਾ ਨੂੰ ਮੋਹ ਲਿਆ। ਭਾਵੇਂ ਉਹ ਕਿੰਨੀ ਵੀ ਔਖੀ ਕਿਉਂ ਨਹੀਂ ਸੀ ਹੁੰਦੀ ਫੇਰ ਵੀ ਉਹ ਡਬਲਿਨ ਨਾਲ ਖੇਡਦੀ, ਉਸ ਨੂੰ ਖਿਲਾਉਂਦੀ ਪਿਆਉਂਦੀ ਜਿਵੇਂ ਜਿਵੇਂ ਦੋਨੋਂ ਇਕ ਦੂਸਰੇ ਨੂੰ ਵਧੇਰੇ ਪਿਆਰ ਕਰਦੇ ਗਏ, ਥਰੀਸਾ ਦੀ ਅਲਰਜੀ ਖਤਮ ਹੋ ਗਈ।

# ਸਿਹਤ ਵਿਗਿਆਨ

*ਕੈਪਟਨ ਸਮਸ਼ੇਰ ਸਿੰਘ*

## ਘਰੇਲੂ ਜੜ੍ਹੀ ਬੂਟੀਆਂ ਅਤੇ ਫਲ

### ਪਪੀਤਾ

ਅਸੀਂ ਕੁਝ ਕੁ ਘਰੇਲੂ ਜੜ੍ਹੀ ਬੂਟੀਆਂ ਬਾਰੇ ਪੜ੍ਹ ਚੁੱਕੇ ਹਾਂ। ਅੱਜਕਲ੍ਹ ਪਪੀਤੇ ਦੇ ਬੂਟੇ ਆਮ ਪਿੰਡਾਂ ਵਿਚ ਭੀ ਦਿਖਾਈ ਦਿੰਦੇ ਹਨ। ਬਹੁਤ ਸਾਰੇ ਇਲਾਕਿਆਂ ਵਿਚ ਤਾਂ ਇਸ ਦੀ ਖੇਤੀ ਕੀਤੀ ਜਾਂਦੀ ਹੈ। ਪੇਟ ਲਈ ਇਹ ਇਕ ਉਤਮ ਫਲ ਹੈ। ਚਾਹੇ ਇਹ ਦੱਖਣੀ ਅਮਰੀਕਾ ਤੋਂ ਆਇਆ ਹੈ ਪਰ ਹੁਣ ਇਹ ਭਾਰਤ ਦਾ ਬੂਟਾ ਹੀ ਪ੍ਰਤੀਤ ਹੁੰਦਾ ਹੈ।

ਖੇਤੀਬਾੜੀ - ਇਸ ਦੀ ਖੇਤੀ ਕਰਕੇ ਭੀ ਫਾਇਦਾ ਉਠਾਇਆ ਜਾ ਸਕਦਾ ਹੈ। ਪਪੀਤੇ ਨੂੰ ਬਹੁਤ ਲੋਕ ਰਿੰਡ ਖਰਬੂਜਾ ਭੀ ਕਹਿੰਦੇ ਹਨ। ਇਸ ਦਾ ਅੰਗਰੇਜ਼ੀ ਨਾਮ papaya ਹੈ। ਲਿਖਤਾਂ ਵਿਚ strychnos ignatir ਭੀ ਆਉਂਦਾ ਹੈ। ਇਸ ਦੀ ਪਨੀਰੀ ਮਾਰਚ ਵਿਚ ਲਗਾਈ ਜਾਂਦੀ ਹੈ ਤੇ ਇਸ ਦੇ ਬੀਜ ਕਾਲੀ ਮਿਰਚ ਵਰਗੇ ਹੁੰਦੇ ਹਨ। ਇਸ ਦੀਆਂ ਕਈ ਕਿਸਮਾਂ ਦੇ ਬੀਜ ਐਗਰੀਕਲਚਰ ਯੂਨੀਵਰਸਿਟੀ ਲੁਧਿਆਣੇ ਤੋਂ ਮਿਲ ਸਕਦੇ ਹਨ। ਇਸ ਦਾ ਬੂਟਾ ਤਿੰਨ ਸਾਲ ਤਕ ਫਲ ਦਿੰਦਾ ਹੈ, ਇਹ ਤਿੰਨ ਸਾਲ ਵਿਚ ਔਸਤਨ 40 ਤੋਂ 60 ਕਿਲੋਗ੍ਰਾਮ ਪ੍ਰਤੀ ਬੂਟੇ ਦੇ ਹਿਸਾਬ ਨਾਲ ਫਲ ਦਿੰਦਾ ਹੈ। ਇਸ ਦੇ ਲਈ ਖਦਰ ਮਿੱਟੀ ਉਤਮ ਰਹਿੰਦੀ ਹੈ। ਇਸ ਦੀ ਜਾਣਕਾਰੀ ਬਾਰੇ ਲੁਧਿਆਨਾ ਐਗਰੀਕਲਚਰ ਵਿਸ਼ਵ ਵਿਦਿਆਲਾ ਤੋਂ ਲਿਟਰੇਚਰ ਪ੍ਰਾਪਤ ਕੀਤਾ ਜਾ ਸਕਦਾ ਹੈ।

ਤਿੰਨ ਸਾਲ ਵਿਚ ਪ੍ਰਤੀ ਏਕੜ 300-400 ਕੁਵਿੰਟਲ ਤਕ ਫਲ ਦੀ ਪੈਦਾਵਾਰ ਹੋ ਸਕਦੀ ਹੈ। ਇਸ ਦੀ ਪਨੀਰੀ ਜੂਨ ਵਿਚ ਲਗਦੀ ਹੈ। ਇਸ ਦੀ ਪਨੀਰੀ ਪਲਾਸਟਿਕ ਬੈਗ ਵਿਚ ਹੀ ਲਾਈ ਜਾਵੇ ਤਾਂ ਫਾਇਦੇ ਵਿਚ ਰਹਿੰਦੀ ਹੈ। ਬਰਸਾਤ (ਜੁਲਾਈ, ਅਗਸਤ) ਵਿਚ ਇਸ ਦੇ ਬੂਟਿਆਂ ਨੂੰ ਪਾਣੀ ਦੀ ਲੋੜ ਨਹੀਂ ਪੈਂਦੀ ਤੇ ਫਲ ਇਸ ਨੂੰ ਅਗਸਤ ਵਿਚ ਲਗਣੇ ਸ਼ੁਰੂ ਹੋ ਜਾਂਦੇ ਹਨ। ਦੂਜੇ ਸਾਲ ਮਾਰਚ ਵਿਚ ਇਹ ਫਲ ਪਕਣੇ ਸ਼ੁਰੂ ਹੋ ਜਾਂਦੇ ਹਨ। ਇਸ ਦੇ ਬੂਟੇ ਪੰਜ-ਪੰਜ ਫੁੱਟ ਦੇ ਫਾਸਲੇ ਤੇ ਲਾਏ ਜਾਣ ਤਾਂ ਸਹੀ ਵਧਦੇ ਫੁਲਦੇ ਹਨ।

**ਇਸ ਦੇ ਗੁਣ ਤੇ ਦਵਾਈਆਂ** - ਇਸ ਦਾ ਫਲ ਇਕ ਚੰਗੀ ਖੁਰਾਕ ਹੈ ਤੇ ਇਸ ਦਾ ਫਲ ਪੱਕਣ ਤੋਂ ਬਾਅਦ ਖਾਣ ਨੂੰ ਸਵਾਦੀ ਹੁੰਦਾ ਹੈ। ਕੱਚੇ ਫਲ ਦੀ ਸਬਜ਼ੀ ਤੇ ਆਚਾਰ ਵੀ ਬਣਾਇਆ ਜਾਂਦਾ ਹੈ। ਪਪੀਤੇ ਵਿਚ ਸ਼ੁੱਕਰ, ਪੈਕਟੀਨ, ਸਾਇਟਫਿਕ ਐਸਿਡ, ਟਾਰਚ੍ਰਿਕ ਐਸਿਡ, ਮੋਲਕ ਐਸਿਡ, ਵਿਟਾਮਿਨ ਏ, ਬੀ. ਸੀ ਮਿਲਦੇ ਹਨ।

ਕੈਲਸ਼ੀਅਮ, ਫਾਸਫੋਰਸ, ਲੋਹਾ ਅਤੇ ਮੈਗਨੇਸ਼ੀਅ ਭੀ ਕੁਝ ਮਾਤਰਾ ਵਿਚ ਇਸਤੋਂ ਮਿਲਦਾ ਹੈ। ਇਸ ਦੇ ਬੀਜਾਂ ਦੇ ਤੇਲ ਵਿਚ ਵਿਟਾਮਿਨ ਸੀ ਤੇ ਈ ਹੁੰਦਾ ਹੈ।

ਦਵਾਈ ਦੇ ਤੌਰ ਤੇ ਕੁਝ ਕੁ ਨੁਸਖੇ ਹੇਠ ਦਿਤੇ ਜਾਂਦੇ ਹਨ।

1. ਬੁਖਾਰ ਲਈ ਇਸ ਦੇ ਪੱਤੇ ਨੂੰ 350 ਮਿ. ਗ੍ਰਾਮ ਪਾਣੀ ਵਿਚ ਚੰਗੀ ਤਰ੍ਹਾਂ ਉਬਾਲੇ ਦੇ ਕੇ ਜਦੋਂ 100 ਮਿ. ਗ੍ਰਾਮ ਰਹਿ ਜਾਵੇ ਫਿਰ ਚੰਗੀ ਤਰ੍ਹਾਂ ਮਸਲ ਕੇ ਪਾਣੀ ਛਾਣ ਲਓ, ਇਸ ਵਿਚ ਖੰਡ ਵੀ ਪਾ ਸਕਦੇ ਹੈ। ਇਹ ਪਾਣੀ ਹਲਕਾ ਗਰਮ ਪੀ ਕੇ ਆਰਾਮ ਕਰੋ ਤੇ ਪਸੀਨਾ ਆ ਕੇ ਹਰ ਤਰ੍ਹਾਂ ਦਾ ਬੁਖਾਰ ਉਤਾਰ ਜਾਂਦਾ ਹੈ ਤੇ ਛਾਤੀ ਜੋ ਰੁਕੀ ਹੋਈ ਹੈ ਸਾਫ ਹੋ ਜਾਂਦੀ ਹੈ।

2. ਇਸ ਦੇ ਬੀਜ ਪੀਸ ਕੇ ਲੈਣ ਨਾਲ (ਤਾਜ਼ੇ ਪਾਣੀ ਨਾਲ) ਬਵਾਸੀਰ ਵਿਚ ਵੀ ਫਾਇਦਾ ਹੁੰਦਾ ਹੈ। ਇਸ ਦੀ ਖੁਰਾਕ ਅੱਧਾ ਗ੍ਰਾਮ ਬੀਜ ਦਾ ਚੂਰਨ ਹੈ। ਬੀਜ ਦਾ ਚੂਰਨ ਗਰਭ ਨਿਰੋਧਕ ਵੀ ਹੈ ਅਤੇ ਗਰਭਣੀ ਔਰਤ ਨੂੰ ਇਸਦਾ ਇਸਤੇਮਾਲ ਨਹੀਂ ਕਰਨਾ ਚਾਹੀਦਾ। ਦੱਖਣੀ ਭਾਰਤ ਵਿਚ ਇਸ ਦੇ ਬੀਜਾਂ ਦਾ ਚੂਰਨ ਔਰਤਾਂ ਗਰਭ ਨਿਰੋਧਿਕ ਦੇ ਤੌਰ ਤੇ ਕਰਦੀਆਂ ਹਨ।

3. ਔਰਤਾਂ ਦੀ ਮਾਹਵਾਰੀ ਜੇਕਰ ਖੁਲ੍ਹ ਕੇ ਨਹੀਂ ਆਉਂਦੀ ਤਾਂ ਕੱਚੇ ਪਪੀਤੇ ਨੂੰ ਉਬਾਲ ਕੇ ਖਾਣ ਨਾਲ ਖੁਲ੍ਹ ਕੇ ਸ਼ੁਰੂ ਹੋ ਜਾਂਦੀ ਹੈ ਤੇ ਦਰਦ ਤੋਂ ਵੀ ਆਰਾਮ ਆ ਜਾਂਦਾ ਹੈ।

4. ਜਿਗਰ, ਤਿਲੀ, ਮਿਹਦੇ ਦੇ ਰੋਗਾਂ ਵਿਚ ਭੀ ਇਹ ਇਕ ਉਤਮ ਦਵਾ ਹੈ, ਖਾਣਾ ਖਾਣ ਤੋਂ ਬਾਅਦ ਇਸ ਦਾ ਫਲ ਥੋੜ੍ਹੀ ਮਿਕਦਾਰ ਵਿਚ ਲੈਂਦੇ ਰਹਿਣ ਨਾਲ ਇਨ੍ਹਾਂ ਅੰਗਾਂ ਨੂੰ ਤਾਕਤ ਮਿਲਦੀ ਹੈ ਤੇ ਸਮੱਸਤ ਨੁਕਸ ਦੂਰ ਹੁੰਦੇ ਹਨ। ਜੇਕਰ ਛੋਟੇ ਬੱਚਿਆਂ ਵਿਚ ਮਿਹਦੇ ਆਦਿ ਦਾ ਨੁਕਸ ਹੈ ਤਾਂ ਉਨ੍ਹਾਂ ਨੂੰ ਥੋੜ੍ਹਾ ਥੋੜ੍ਹਾ ਇਹ ਫਲ ਦਿੰਦੇ ਰਹਿਣ ਨਾਲ ਮਿਹਦਾ ਠੀਕ ਹੋ ਜਾਂਦਾ ਹੈ।

5. ਕੱਚੇ ਪਪੀਤੇ ਦੇ ਫਲ ਦਾ ਦੁੱਧ ਸੁਕਾ ਕੇ ਇਸ ਦੀ ਪੈਮੇਕ ਨਾਮ ਦੀ ਦਵਾਈ ਬਣਾਈ ਜਾਂਦੀ ਹੈ ਜਿਹੜਾ ਕੇ ਪੇਟ ਦੇ ਸਮੱਸਤ ਰੋਗਾਂ ਦੀ ਉਤਮ ਦਵਾ ਹੈ। ਇਸ ਦੀ ਖੁਰਾਕ ਅੱਧਾ ਗ੍ਰਾਮ ਪੈਪੇਨ ਪਾਊਡਰ ਹੈ।

6. ਕਬਜ਼ ਦੀ ਹਾਲਤ ਵਿਚ ਪਪੀਤੇ ਦਾ ਇਕ ਗਿਲਾਸ ਜੂਸ ਹਾਜ਼ਮੇਦਾਰ ਤੇ ਪੇਟ ਸਾਫ ਕਰਨ ਵਾਲਾ ਹੁੰਦਾ ਹੈ। ਇਹ ਬਰੇਕਫਾਸਟ ਦੇ ਵਕਤ ਲਿਆ ਜਾਵੇ ਤਾਂ

ਬਹੁਤ ਗੁਣਕਾਰੀ ਹੁੰਦਾ ਹੈ।

7. ਜ਼ਖਮਾ ਲਈ – ਜੇ ਜ਼ਖਮ ਭਰਦੇ ਨਾ ਹੋਣ ਤਾਂ ਮੱਖਣ ਵਿਚ ਪਪੀਤੇ ਦਾ ਜੂਸ ਮਿਲਾ ਕੇ ਲਾਉਣ ਨਾਲ ਜ਼ਖਮ ਜਲਦੀ ਭਰ ਜਾਂਦੇ ਹਨ।

8. ਪਪੀਤਾ ਹੀ ਇਕ ਅਜਿਹਾ ਫਲ ਹੈ ਜਿਸਨੂੰ ਸ਼ੂਗਰ ਦੀ ਹਾਲਤ ਵਿਚ ਵੀ ਇਸਤੇਮਾਲ ਕੀਤਾ ਜਾਂਦਾ ਹੈ ਤੇ ਸ਼ੂਗਰ ਰੋਗੀਆਂ ਲਈ ਇਕ ਉਤਮ ਭੋਜਨ ਹੈ।

9. ਪਪੀਤੇ ਦੇ ਬੀਜਾਂ ਦਾ ਪਾਊਡਰ ਕਫ, ਗਲਾ ਖਰਾਬ, ਛਾਤੀ ਰੁਕੀ ਹੋਈ ਤੇ ਸਾਹ ਦੀਆਂ ਬਿਮਾਰੀਆਂ ਵਿਚ ਭੀ ਲੈਣਾ ਫਾਇਦਾ ਕਰਦਾ ਹੈ।

10. ਇਸ ਦੇ ਬੀਜਾਂ ਦਾ ਪਾਊਡਰ ਫੇਸ ਮਾਸਕ ਵਿਚ ਵੀ ਇਸਤੇਮਾਲ ਕੀਤਾ ਜਾ ਸਕਦਾ ਹੈ। ਕਿਲ, ਛਾਈਆਂ ਤੋਂ ਫਾਇਦਾ ਕਰਦਾ ਹੈ। ਇਸ ਦੇ ਗੁੱਦੇ ਨੂੰ ਵੀ ਚਿਹਰੇ ਅਤੇ ਗਲੇ ਤੇ ਮਲਣ ਤੇ ਅੱਧਾ ਘੰਟਾ ਰੱਖ ਕੇ ਧੋ ਦੇਣ ਨਾਲ ਚਮਕ ਪੈਦਾ ਕਰਦਾ ਹੈ।

11. ਪਪੀਤੇ ਦਾ ਦੁੱਧ ਦੱਦਰਾਂ ਤੇ ਲਾਉਣ ਨਾਲ ਦੱਦਰ ਖਤਮ ਹੋ ਜਾਂਦੀਆਂ ਹਨ। ਇਹ ਕਈ ਦਿਨ ਤਕ ਲਾਉਣਾ ਚਾਹੀਦਾ ਹੈ।

12. ਪਪੀਤੇ ਦੇ ਬੀਜਾਂ ਦਾ ਪਾਊਡਰ ਲੈਣ ਨਾਲ ਪੇਟ ਦੇ ਹਰ ਤਰ੍ਹਾਂ ਦੇ ਕੀੜੇ ਭੀ ਖਤਮ ਹੋ ਜਾਂਦੇ ਹਨ।

13. ਪਪੀਤੇ ਦੀ ਜੜ੍ਹ ਦਾ ਚੂਰਨ ਪਾਣੀ ਨਾਲ ਕਈ ਦਿਨ ਲੈਣ ਨਾਲ ਗੁਰਦੇ ਦੀ ਪੱਥਰੀ ਖੁਰ ਖੁਰ ਕੇ ਬਾਹਰ ਨਿਕਲ ਜਾਂਦੀ ਹੈ।

14. ਬਰੇਕਫਾਸਟ ਵਿਚ ਪਪੀਤੇ ਦਾ ਫਲ ਖਾਂਦੇ ਰਹਿਣ ਨਾਲ ਬਹੁਤ ਸਾਰੀਆਂ ਬਿਮਾਰੀਆਂ ਜਿਨ੍ਹਾਂ ਵਿਚ ਤਪਦਿਕ, ਪੇਟ ਦੇ ਰੋਗ, ਸਾਹ ਦੇ ਰੋਗ, ਦਿਮਾਗ ਦੇ ਰੋਗ ਤੇ ਅੰਤੜੀਆਂ ਦੇ ਰੋਗਾਂ ਤੋ ਬਚਾਓ ਹੁੰਦਾ ਹੈ।

15. ਜਿਨ੍ਹਾਂ ਮਾਤਾਵਾਂ ਨੂੰ ਬੱਚੇ ਲਈ ਪੂਰਾ ਦੁੱਧ ਨਹੀਂ ਉਤਰਦਾ ਉਨ੍ਹਾਂ ਨੂੰ ਪਪੀਤੇ ਦੀ ਸਬਜ਼ੀ ਖਾਣ ਦਾ ਫਾਇਦਾ ਮਿਲਦਾ ਹੈ।

ਨਿਰਸੰਦੇਹ ਪਪੀਤਾ ਇਕ ਬਹੁਤ ਹੀ ਉਤਮ ਪੌਦਾ ਹੈ ਜਿਸ ਤੋਂ ਅਸੀਂ ਬਹੁਤ ਸਾਰੇ ਲਾਭ ਲੈ ਸਕਦੇ ਹਾਂ।

# ਤੂੰ ਇਕ ਹੈਂ ਪ੍ਰਮਾਤਮਾ

*ਕਿਰਨਦੀਪ ਕੌਰ ਚੌਹਾਨ*

ਇਕ ਜੋਤ, ਇਕ ਸਰੂਪ
ਤੂੰ ਇਕ ਹੈਂ ਪ੍ਰਮਾਤਮਾ!
ਤੇਰਾ ਬਣਾਇਆ ਸਰੀਰ ਹੈ
ਹੈ ਤੇਰੀ ਬਖਸ਼ੀ ਆਤਮਾ।
ਤੂੰ ਘਟ ਘਟ ਦਾ ਹੈਂ ਵਾਸੀ
ਤੇਰੀ ਹਰ ਪਾਸੇ ਛਾਇਆ।
ਤੇਰੀ ਇਹ ਕੁਦਰਤ ਸਾਰੀ
ਹੈ ਤੇਰੀ ਸਾਰੀ ਮਾਇਆ।
ਤੇਰੇ ਵਰਗਾ, ਤੈਥੋਂ ਡਾਹਢਾ,
ਨਾ ਹੋਰ ਕੋਈ ਪਿਤਾਮਾ।
ਤੇਰੇ ਵਰੋਸਾਏ ਹੋਇਆਂ ਨੂੰ
ਹੋਣ ਹਮੇਸ਼ਾ ਸਲਾਮਾਂ।
ਜਿਸ ਨੇ ਤੇਰਾ ਸਿਮਰਨ ਕੀਤਾ
ਜਿਸ ਹਿਰਦੇ ਵਿਚ ਵਸਾਇਆ।
ਉਸ ਦੇ ਹੋਇਐਂ ਸਦਾ ਸਹਾਈ,
ਜਿਸ ਸੱਚੇ ਦਿਲੋਂ ਧਿਆਇਆ।
ਹਰ ਇਕ ਦਾਤ ਤੇਰੀ ਦਾਤਾਰ,
ਤੂੰ ਸਭ ਦਾ ਪਾਲਣਹਾਰ।
ਸਭ ਕੁਝ ਕੀਤਾ ਤੇਰਾ ਹੋਏ
ਤੂੰ ਸੱਚਾ ਸਿਰਜਣਹਾਰ।
ਆਪਣੀ ਰਹਿਮਤ ਸਦਕਾ ਮਾਲਿਕ
ਸਭ 'ਤੇ ਮਿਹਰ ਕਰੀਂ ਤੂੰ।
ਕਰਕੇ ਨਜ਼ਲ ਸਵੱਲੀ ਦਾਤਾ
ਖੁਸ਼ੀਆਂ ਦੀ ਝੋਲੀ ਭਰੀ ਤੂੰ।
ਆਪਣੇ ਚਰਨੀਂ ਲਾ ਕੇ ਰੱਖੀਂ
'ਚੌਹਾਨ' ਚਰਨ ਤੇਰੇ ਦੀ ਧੂੜਾ।
ਤੇਰੀ ਓਟ ਬਿਨਾਂ ਨਾ ਕਾਦਰ
ਕੋਈ ਕਾਰਜ ਹੋਣਾ ਪੂਰਾ।

## ਜ਼ਰੂਰੀ ਸੂਚਨਾ

ਮਹਾਂਪੁਰਸ਼ਾਂ ਦੀ ਅਭੁੱਲ ਯਾਦ ਅਤੇ ਦੂਜੀ ਸਾਲਾਨਾ ਬਰਸੀ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਮਿਤੀ 30, 31 ਅਕਤੂਬਰ ਅਤੇ 1, 2 ਨਵੰਬਰ 2003 ਦਿਨ ਵੀਰਵਾਰ, ਸ਼ੁਕਰਵਾਰ, ਸ਼ਨਿੱਚਰਵਾਰ ਅਤੇ ਐਤਵਾਰ ਨੂੰ ਚੇਅਰਪਰਸਨ ਸਤਿਕਾਰਤ ਬੀਜੀ (ਬੀਬੀ ਰਣਜੀਤ ਕੌਰ ਜੀ) ਦੀ ਸਰਪ੍ਰਸਤੀ ਹੇਠ ਹੋ ਰਹੇ ਹਨ ਜਿਸ ਵਿਚ ਦੇਸ ਪ੍ਰਦੇਸ ਤੋਂ ਲੱਖਾਂ ਪ੍ਰੇਮੀ ਮਹਾਂਪੁਰਸ਼ਾਂ ਦੇ ਪਿਆਰ ਵਿਚ ਹਾਜ਼ਰੀਆਂ ਭਰਨਗੇ। ਪੰਜਾਬ ਅਤੇ ਹੋਰ ਪ੍ਰਦੇਸਾਂ ਤੋਂ ਅਧਿਆਤਮਵਾਦੀ ਸੰਤ ਮਹਾਂਪੁਰਸ਼, ਸਾਧੂ ਜਨ, ਕੀਰਤਨੀ ਅਤੇ ਢਾਡੀ ਜੱਥੇ ਅਤੇ ਵਿਦਵਾਨ ਪੁਰਸ਼ ਗੁਰਬਾਣੀ ਕੀਰਤਨ ਅਤੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਪ੍ਰੇਮੀ ਜਨ ਸਮੇਂ ਸਿਰ ਪੁੱਜਣ ਦੀਆਂ ਤਿਆਰੀਆਂ ਕਰ ਲੈਣ ਜੀ।

## ਜ਼ਰੂਰੀ ਸੂਚਨਾ

ਆਤਮ ਮਾਰਗ ਦੀ ਮੈਂਬਰਸ਼ਿਪ ਜਾਂ ਰੀਨੀਉਅਲ ਜਾਂ ਗੁਰਦਵਾਰਾ ਸਾਹਿਬ ਦੀ ਸੇਵਾ ਭੇਜਣ ਸਮੇਂ ਤਿੰਨ ਗੱਲਾਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਜੀ -

(ਪਹਿਲੀ) ਆਤਮ ਮਾਰਗ ਲਈ ਭੇਜੀ ਮਾਇਆ ਦਾ ਡਰਾਫਟ ਆਤਮ ਮਾਰਗ ਦੇ ਨਾਮ ਹੋਵੇ ਅਤੇ ਕੇਵਲ ਆਤਮ ਮਾਰਗ ਲਈ ਹੋਵੇ, ਇਸ ਵਿਚ ਹੋਰ ਕੋਈ ਸੇਵਾ ਸ਼ਾਮਲ ਨਾ ਕੀਤੀ ਜਾਵੇ।

(ਦੂਜੀ) ਗੁਰਦਵਾਰਾ ਸਾਹਿਬ ਲਈ ਭੇਜੀ ਸੇਵਾ ਦਾ ਡਰਾਫਟ ਅੱਡ ਹੋਵੇ ਅਤੇ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਦੇ ਨਾਮ ਹੋਵੇ। ਇਸ ਵਿਚ ਆਤਮ ਮਾਰਗ ਲਈ ਭੇਜੀ ਰਕਮ ਸ਼ਾਮਲ ਨਾ ਕੀਤੀ ਜਾਵੇ।

(ਤੀਜੀ) ਮਾਇਆ ਚੈਕ ਰਾਹੀਂ ਨਹੀਂ, ਸਗੋਂ ਡਰਾਫਟ ਰਾਹੀਂ ਭੇਜੀ ਜਾਵੇ ਅਤੇ ਡਰਾਫਟ ਦੀ ਅਦਾਇਗੀ ਚੰਡੀਗੜ੍ਹ ਦੇ ਕਿਸੇ ਵੀ ਬੈਂਕ ਰਾਹੀਂ ਹੋਵੇ, ਬਾਹਰਲੇ ਸ਼ਹਿਰਾਂ ਦੇ ਡਰਾਫਟ/ਚੈਕ ਨਾ ਭੇਜੇ ਜਾਣ।

(ਇਥੋਂ ਕੱਟ ਕੇ ਭੇਜੋ ਜੀ)

# Annual/Life Membership Form - Atam Marg

## ਸਾਲਾਨਾ/ਲਾਈਫ ਮੈਂਬਰਸ਼ਿਪ ਫਾਰਮ - ਆਤਮ ਮਾਰਗ

(ਇਹ ਫਾਰਮ ਭਰ ਕੇ 'ਦਫਤਰ 'ਆਤਮ ਮਾਰਗ' ਰਤਵਾੜਾ ਸਾਹਿਬ, ਡਾਕਖਾਨਾ : ਮੁਲਾਂਪੁਰ ਗਰੀਬਦਾਸ, ਜ਼ਿਲਾ ਰੋਪੜ 140901 ਨੂੰ ਭੇਜੋ ਜੀ)

1. ਜੇ ਆਪ ਪਹਿਲਾਂ ਤੋਂ 'ਆਤਮ ਮਾਰਗ' ਦੇ ਮੈਂਬਰ ਹੋ ਤਾਂ ਪਹਿਲਾ ਮੈਂਬਰਸ਼ਿਪ ਨੰਬਰ ਲਿਖੋ ਜੀ......................
2. ਨਾਮ/ Name.........................................................................
3. ਪਿਤਾ ਦਾ ਨਾਮ/Father's Name...........................................
4. ਪੂਰਾ ਪਤਾ/Full address.......................................................

.......................................................

.......................................................

PINCODE.......................Telephone..............

ਮੈਂ ............ ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ........................ਮਿਤੀ.......................ਰਾਹੀਂ ਭੇਜ ਰਿਹਾ ਹਾਂ। ਮੈਂ **ਸਾਲਾਨਾ/ਲਾਈਫ** ਮੈਂਬਰ ਬਣ ਕੇ ਸਤਿਗੁਰੂ ਜੀ ਦੀ ਨਦਰ ਅਤੇ ਮਹਾਂਪੁਰਸ਼ਾਂ ਦੀਆਂ ਅਸੀਸਾਂ ਦਾ ਪਾਤਰ ਬਣਿਆ ਹਾਂ ਜਿਸ ਦੀ ਮੈਨੂੰ ਬਹੁਤ ਪ੍ਰਸੰਨਤਾ ਹੈ।

ਦਸਤਖਤ................................

ਨਾਮ..................................

## ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** – 5, 12, 19, 26 ਅਕਤੂਬਰ।

**ਸੰਗਰਾਂਦ** - 17 ਅਕਤੂਬਰ, ਦਿਨ ਸ਼ੁਕਰਵਾਰ।

**ਪੂਰਨਮਾਸ਼ੀ** - 10 ਅਕਤੂਬਰ, ਦਿਨ ਸ਼ੁਕਰਵਾਰ।

(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 4.00 ਵਜੇ ਤੱਕ)

**ਅੰਮ੍ਰਿਤ ਸੰਚਾਰ** - ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।

## For more information

**please visit us on internet at -**

http://www.atammarg.org

&

http://www.atammarg.com

## ਇਨਕਮ ਟੈਕਸ (Income Tax) ਦੇ ਰਹੇ ਪ੍ਰੇਮੀਆਂ ਲਈ ਖੁਸ਼ਖਬਰੀ

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਨੂੰ ਦਾਨ ਦੇਣ ਵਾਲੇ ਪ੍ਰੇਮੀ ਹੁਣ ਦਿਤੀ ਰਕਮ ਦੀ 50% ਰਾਸ਼ੀ ਤੇ ਇਨਕਮ ਟੈਕਸ ਛੋਟ ਲੈ ਸਕਦੇ ਹਨ। ਕਮਿਸ਼ਨਰ ਇਨਕਮ ਟੈਕਸ ਵਲੋਂ ਜਾਰੀ ਪੱਤਰ ਨੰ. CIT/CHD-II/80G/ 2001-2002/3050 ਮਿਤੀ 22.2.2002/ 6.3.2002 ਅਨੁਸਾਰ ਇਹ ਛੋਟ I.T. Act, 1961 (43 of 1961) ਦੀ ਧਾਰਾ 80G ਅਧੀਨ 1.4.2001 ਤੋਂ 31.3.2004 ਤੱਕ ਲਾਗੂ ਰਹੇਗੀ। ਛੋਟ ਲੈਣ ਲਈ ਇਨਕਮ ਟੈਕਸ ਰੀਟਰਨ ਭਰਨ ਸਮੇਂ ਮਿਸ਼ਨ ਵਲੋਂ ਪ੍ਰਾਪਤ ਰਸੀਦ ਨਾਲ ਲਾਵੋ ਜੀ।

*ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।*

ਪ੍ਰਿੰਟਰ ਪਬਲਿਸ਼ਰ ਤੇ ਐਡੀਟਰ ਭਾਈ ਹਰਪਾਲ ਸਿੰਘ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲਾ ਰੋਪੜ ਤੋਂ ਪ੍ਰਕਾਸ਼ਿਤ ਕੀਤਾ।

## ਜੇ ਕਦੀ ਤੁਹਾਨੂੰ 'ਆਤਮ ਮਾਰਗ' ਨਾ ਮਿਲੇ!!!

ਆਪ ਜੀ ਸਭ ਪਾਠਕਾਂ ਨੂੰ ਵਿਦਿਤ ਹੈ ਕਿ 'ਆਤਮ ਮਾਰਗ' ਬੜੇ ਸੋਹਣੇ ਸੁਚੱਜੇ ਅਤੇ ਸੁਥਰੇ ਢੰਗ ਨਾਲ ਹਰ **ਮਹੀਨੇ ਦੀ ਪਹਿਲੀ ਤਾਰੀਖ** ਨੂੰ ਪੋਸਟ ਕਰ ਦਿਤਾ ਜਾਂਦਾ ਹੈ। ਰਸਤੇ ਦੀ ਕਿਸੇ ਰੁਕਾਵਟ ਜਾਂ ਅਣਗਹਿਲੀ ਕਾਰਨ ਜੇ ਆਪ ਜੀ ਨੂੰ 15 ਤਰੀਕ ਤਕ ਮੈਗਜ਼ੀਨ ਨਹੀਂ ਮਿਲਦਾ ਤਾਂ ਕੇਵਲ –

**ਦਫਤਰ ਆਤਮ ਮਾਰਗ ਫੋਨ ਨੰਬਰ -**

**01888-255002**

**01888-255009 (ਫੈਕਸ)**

ਨਾਲ ਸੰਪਰਕ ਕਰੋ, ਹੋਰ ਨੰਬਰਾਂ ਤੇ ਨਹੀਂ। ਆਤਮ ਮਾਰਗ ਦਾ ਸਾਰਾ ਕੰਮ ਕੰਪਿਊਟਰ ਰਾਹੀਂ ਹੁੰਦਾ ਹੈ। ਇਨ੍ਹਾਂ ਫੋਨ ਨੰਬਰਾਂ ਤੇ ਆਪ ਜੀ ਨੂੰ ਤੁਰੰਤ ਅਤੇ ਸਹੀ ਜਾਣਕਾਰੀ ਪ੍ਰਾਪਤ ਹੋ ਜਾਵੇਗੀ।

**ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸਕੂਲ, ਰਤਵਾੜਾ ਸਾਹਿਬ ਦੇ ਫੋਨ ਨੰਬਰ -** 01888-255003

**ਇੰਟਰਨੈਸ਼ਨਲ ਡੀਵਾਈਨ ਇਨਸਟੀਚਿਊਟ ਆਫ਼ ਟੈਕਨਾਲੌਜੀ, ਰਤਵਾੜਾ ਸਾਹਿਬ** - 01888-255005, 255006. 255007

**ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ, ਰਤਵਾੜਾ ਸਾਹਿਬ** - 98142-80259